ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 163 Monday, August 26, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਗੰਨ ਵਾਇਲੈਂਸ ਰੋਕਣ ਲਈ ਨਵੇਂ ਸੀਸੀਟੀਵੀ ਕੈਮਰੇ ਲਾਉਣ ਵਾਸਤੇ ਪ੍ਰੋਵਿੰਸ ਵੱਲੋਂ ਫੰਡਾਂ ਦਾ ਐਲਾਨ




ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਗੰਨ ਵਾਇਲੰਸ ਦੀਆਂ ਤਾਜ਼ਾ ਘਟਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅੱਜ ਪ੍ਰੀਮੀਅਰ ਡੱਗ ਫੋਰਡ ਨੇ ਮੇਅਰ ਜੌਹਨ ਟੋਰੀ ਨਾਲ ਮਿਲ ਕੇ ਨਵੇਂ ਕਲੋਜ਼ਡ ਸਰਕਟ ਟੈਲੀਵਿਜ਼ਨ (ਸੀਸੀਟੀਵੀ) ਕੈਮਰੇ ਲਾਉਣ ਲਈ ਫੰਡਾਂ ਦਾ ਐਲਾਨ ਕੀਤਾ। ਓਨਟਾਰੀਓ ਸਰਕਾਰ ਵੱਲੋਂ ਸੀਸੀਟੀਵੀ ਕੈਮਰਿਆਂ ਲਈ 3 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਇਸ ਨਾਲ ਟੋਰਾਂਟੋ ਪੁਲਿਸ ਸਰਵਿਸ ਵੱਲੋਂ ਇਸ ਸਮੇਂ ਆਪਰੇਟ ਕੀਤੇ ਜਾਣ ਵਾਲੇ ਕੈਮਰਿਆਂ ਦੀ ਗਿਣਤੀ ਦੁੱਗਣੀ ਤੋਂ ਵੀ ਵੱਧ ਜਾਵੇਗੀ।

ਪਿਛਲੇ ਹਫਤੇ ਓਨਟਾਰੀਓ ਸਰਕਾਰ ਵੱਲੋਂ ਟੋਰਾਂਟੋ ਪੁਲਿਸ ਸਰਵਿਸਿਜ਼ ਵੱਲੋਂ ਐਲਾਨੇ ਪ੍ਰੋਜੈਕਟ ਕਮਿਊਨਿਟੀ ਸਪੇਸ ਲਈ ਸਮਰਥਨ ਦੇਣ ਦਾ ਜੋ ਵਾਅਦਾ ਕੀਤਾ ਗਿਆ ਸੀ ਇਹ ਨਵੇਂ ਫੰਡ ਉਸ ਨਾਲੋਂ ਵੱਖਰੇ ਹਨ। 11 ਹਫਤਿਆਂ ਤੱਕ ਚੱਲਣ ਵਾਲੇ ਪ੍ਰੋਜੈਕਟ ਕਮਿਊਨਿਟੀ ਸਪੇਸ ਤਹਿਤ ਜਿਨ੍ਹਾਂ ਇਲਾਕਿਆਂ ਵਿੱਚ ਗੰਨ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਵਾਪਰੀਆਂ ਹਨ ਉੱਥੋਂ ਦੀ ਸੇਫਟੀ ਵਿੱਚ ਵਾਧਾ ਕਰਨ ਲਈ ਵਧੇਰੇ ਪੁਲਿਸ ਅਧਿਕਾਰੀ ਇਨ੍ਹਾਂ ਇਲਾਕਿਆਂ ਵਿੱਚ ਲਾਏ ਜਾਣਗੇ।

ਪ੍ਰੀਮੀਅਰ ਫੋਰਡ ਨੇ ਇਸ ਮੌਕੇ ਆਖਿਆ ਕਿ ਸਾਡੀ ਸਰਕਾਰ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਦੀ ਹਿਫਾਜ਼ਤ ਕਰਨ ਲਈ ਤੇ ਹਿੰਸਕ ਮੁਜਰਮਾਂ ਨੂੰ ਡੱਕਣ ਲਈ ਲੋੜੀਂਦੇ ਕਦਮ ਚੁੱਕ ਰਹੀ ਹੈ। ...ਬਾਕੀ ਪੰਨਾ 6 'ਤੇ


ਅੰਦਰ ਪੜ੍ਹੋ ਪੰਨਾ 3
ਪੀ ਵੀ ਸਿੰਧੂ ਨੇ ਬੈਡਮਿੰਟਨ ਚੈਂਪੀਅਨਸ਼ਿਪ ਜਿੱਤ ਕੇ ਇਤਿਹਾਸ ਰਚ ਦਿੱਤਾ

# ਜਸਵਿੰਦਰ ਸੰਧੂ ਚੁਣੀ ਗਈ ਯੂਥ ਐਂਗੇਜਮੈਂਟ ਐਡਵਾਈਜ਼ਰੀ ਕਾਉਂਸਲ ਦੀ ਮੈਂਬਰ



ਓਟਵਾ, 25 ਅਗਸਤ (ਪੋਸਟ ਬਿਊਰੋ) :ਇਸ ਸਾਲ ਐਸੋਸਿਏਸ਼ਨ ਆਫ ਮਿਉਂਸਪੈਲਿਟੀਜ਼ ਆਫ ਓਨਟਾਰੀਓ (ਏਐਮਓ) ਦੀ ਹੋਈ ਸਾਲਾਨਾ ਕਾਨਫਰੰਸ ਵਿੱਚ ਓਕਵਿੱਲੇ ਟਾਊਨ ਤੋਂ ਕਾਉਂਸਲਰ ਜਸਵਿੰਦਰ ਸੰਧੂ ਨੂੰ ਯੂਥ ਐਂਗੇਜਮੈਂਟ ਐਡਵਾਈਜ਼ਰੀ ਕਾਉਂਸਲ ਦਾ ਮੈਂਬਰ ਚੁਣ ਲਿਆ ਗਿਆ ਹੈ।

ਏਐਮਓ ਪ੍ਰੋਵਿੰਸ਼ੀਅਲ ਅਧਿਕਾਰ ਖੇਤਰ ਵਿੱਚ ਵਾਪਰਨ ਵਾਲੇ ਨੀਤੀਗਤ ਤੇ ਪ੍ਰੋਗਰਾਮ ਸਬੰਧੀ ਮਾਮਲਿਆਂ ਵਿੱਚ ਮਿਊਂਸਪੈਲਿਟੀਜ਼ ਦੇ ਹਿਤਾਂ ਦੀ ਨੁਮਾਇੰਦਗੀ ਕਰਦੀ ਹੈ। ਯੂਥ ਐਂਗੇਜਮੈਂਟ ਐਡਵਾਈਜ਼ਰੀ ਕਾਉਂਸਲ ਵਿੱਚ ਛੇ ਚੁਣੇ ਹੋਏ ਨੌਜਵਾਨ ਮਿਊਂਸਪਲ ਅਧਿਕਾਰੀ ਹੁੰਦੇ ਹਨ ਜੋ ਕਿ ਓਨਟਾਰੀਓ ਦੇ ਵੱਖ ਵੱਖ ਇਲਾਕਿਆਂ ਦੀ ਨੁਮਾਇੰਦਗੀ ਕਰਦੇ ਹਨ। ਇਸ ਕਾਉਂਸਲ ਦਾ ਟੀਚਾ ਓਨਟਾਰੀਓ ਵਿੱਚ ਖੇਤਰੀ, ਸੱਭਿਆਚਾਰਕ, ਸਮਾਜਕ ਤੇ ਲਿੰਗਕ ਵੰਨਸੁਵੰਨਤਾ ਰਾਹੀਂ ਮਿਊਂਸਪਲ ਸਰਕਾਰਾਂ ਵਿੱਚ ਨੌਜਵਾਨਾਂ ਦੀ ਹਿੱਸੇਦਾਰੀ ਨੂੰ ਵਧਾਉਣਾ ਹੈ।

ਵਾਰਡ ਨੰਬਰ 7 ਤੋਂ ਓਕਵਿੱਲੇ ਟਾਊਨ ਕਾਉਂਸਲਰ ਜਸਵਿੰਦਰ ਸੰਧੂ ਨੇ ਆਖਿਆ ਕਿ ਨੌਜਵਾਨਾਂ ਦੇ ਹਿਤਾਂ ਦੀ ਨੁਮਾਇੰਦਗੀ ਲਈ ਚੁਣਿਆ ਜਾਣਾ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਉਹ ਇਸ ਅਹਿਮ ਕੰਮ ਲਈ ਨਿੱਠ ਕੇ ਆਪਣਾ ਯੋਗਦਾਨ ਪਾਉਣਗੇ ਤੇ ਹੋਰਨਾਂ ਨੌਜਵਾਨਾਂ ਨੂੰ ਵੀ ਅਗਲੇਰੀ ਗੱਲਬਾਤ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਨਗੇ ਤੇ ਇਸ ਦੇ ਨਾਲ ਹੀ ਓਕਵਿੱਲੇ ਤੇ ਓਨਟਾਰੀਓ ਵਿੱਚ ਭਵਿੱਖ ਦੇ ਆਗੂ ਖੜ੍ਹੇ ਕਰਨ ਵਿੱਚ ਮਦਦ ਕਰਨਗੇ।

ਇਸ ਸਾਲ ਦੇ ਸ਼ੁਰੂ ਵਿੱਚ ਜਸਵਿੰਦਰ ਸੰਧੂ ਆਪਣੇ ਵੱਲੋਂ ਇੱਕ ਵਾਲੰਟੀਅਰ ਇੰਟਰਨਸ਼ਿਪ ਪਹਿਲਕਦਮੀ ਦੀ ਸ਼ੁਰੂਆਤ ਵੀ ਕਰ ਚੁੱਕੀ ਹੈ। ਉਨ੍ਹਾਂ ਆਖਿਆ ਕਿ ਇਸ ਪਹਿਲਕਦਮੀ ਦਾ ਅਸਲ ਮਕਸਦ ਨੌਜਵਾਨਾਂ ਨੂੰ ਪ੍ਰੋਵਿੰਸ ਭਰ ਵਿੱਚ ਮੂਹਰੇ ਲਿਆਉਣਾ ਤੇ ਉਨ੍ਹਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਹੈ।

# ਬਰੈਂਪਟਕ ਦੇ ਕੰਜ਼ਰਵੇਟਿਵ ਉਮੀਦਵਾਰਾਂ ਨੇ ਕੀਤੇ ਆਪਣੇ ਦਫਤਰਾਂ ਦੇ ਉਦਘਾਟਨ






ਬਰੈਂਪਟਨ, 25 ਅਗਸਤ (ਪੋਸਟ ਬਿਊਰੋ)- ਬੀਤੇ ਵੀਕੈਂਡ ਉਤੇ ਬਰੈਂਪਟਨ ਦੇ ਤਿੰਨ ਕੰਜ਼ਰਵੇਟਿਵ ਮੈਂਬਰ ਪਾਰਲੀਮੈਂਟ ਲਈ ਉਮੀਦਵਾਰਾਂ ਵਲੋਂ ਆਪਣੇ ਦਫਤਰਾਂ ਦੇ ਉਦਘਾਟਨ ਕੀਤੇ ਗਏ। ਅਰਪਨ ਖੰਨਾ, ਜਿਸ ਨੇ ਆਪਣਾ ਕੈਂਪੇਨ ਆਫਿਸ ਸੈਂਡਲ ਵੁਡ ਅਤੇ ਚਿੰਗੁਜ਼ੀ ਦੇ ਨਾਲ ਲੱਗਦੇ ਪਲਾਜ਼ਾ ਵਿਚ ਬਣਾਇਆ ਹੈ, ਉਥੇ ਕੱਲ੍ਹ ਆਪਣੀ ਕੈਂਪੇਨ ਨੂੰ ਆਫੀਸ਼ੀਅਲੀ ਲਾਂਚ ਕਰਨ ਲਈ ਵੱਡਾ ਇਕੱਠ ਕੀਤਾ। ਇਸ ਮੌਕੇ ਵੱਖ-ਵੱਖ ਲੀਡਰਾਂ ਤੇ ਕਮਿਊਨਿਟੀ ਵਿਚ ਕੰਜ਼ਰਵੇਟਿਵ ਪਾਰਟੀ ਦੇ ਹਿਮਾਇਤੀਆਂ ਵਲੋਂ ਪਹੁੰਚ ਕੇ ਅਰਪਨ ਖੰਨਾ ਦੀ ਹਿਮਾਇਤ ਲਈ ਵਚਨਬੱਧਤਾ ਦੁਹਰਾਈ ਗਈ। ਮਿਨਿਸਟਰ ਪ੍ਰਭਮੀਤ ਸਰਕਾਰੀਆ ਵਲੋਂ ਅਰਪਨ ਖੰਨਾ ਦੀ ਸੰਖੇਪ ਜਾਣ ਪਹਿਚਾਣ ਆਏ ਇਕੱਠ ਨਾਲ ਸਾਂਝੀ ਕੀਤੀ ਗਈ। ਉਨ੍ਹਾਂ ਕਿਹਾ ਕਿ ਅਰਪਨ ਖੰਨਾ ਬਰੈਂਪਟਨ ਨਾਰਥ ਦਾ ਜੰਮਪਲ ਹੈ। ਕਿੱਤੇ ਵਜੋਂ ਵਕੀਲ ਤੇ ਹਰ ਸਰਕਾਰ ਦੇ ਹਰ ਲੈਵਲ ਤੱਕ ਕੰਮ ਕਰ ਚੁੱਕਿਆ ਹੈ।

...ਬਾਕੀ ਪੰਨਾ 6 'ਤੇ


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
Qualifications: Minimum 2 years experience, Minimum 21 years of age with a clean abstract & CVOR.
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty



- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
**647-739-4641**
**346-714-0224**



# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

## KITCHEN CABINET

Special Discount for Contractors
**ਵਾਜਿਬ ਦਾਮ ਤੇ ਸਮੇਂ ਸਿਰ ਕੰਮ**

**Free Estimate**

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**





**Data everywhere. No surprise charges anywhere.**

NEW

NATION-WIDE. NO ZONES.
TALK, TEXT & DATA PLANS
**$35/MO.**

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਜੀ-7 ਦੇਸ਼ਾਂ ਦੀ ਬੈਠਕ ਮੌਕੇ ਈਰਾਨੀ ਵਿਦੇਸ਼ ਮੰਤਰੀ ਦੇ ਪੁੱਜ ਜਾਣ ਨਾਲ ਹਲਚਲ

* ਮੈਕਰਾਨ ਕਹਿੰਦਾ: ਮੈਨੂੰ ਈਰਾਨ ਨਾਲ ਗੱਲਬਾਤ ਲਈ ਕਿਸੇ ਨਹੀਂ ਕਿਹਾ
* ਈਰਾਨੀ ਵਿਦੇਸ਼ ਮੰਤਰੀ ਨੇ ਕਿਹਾ, 'ਅੱਗੇ ਦਾ ਰਾਹ ਮੁਸ਼ਕਿਲਾਂ ਭਰਿਆ'



ਬਿਆਰਿਤਜ਼, 25 ਅਗਸਤ, (ਪੋਸਟ ਬਿਊਰੋ)- ਵਿਕਸਤ ਦੇਸ਼ਾਂ ਦੇ ਜੀ-7 ਸਮਾਗਮ ਦੌਰਾਨ ਅੱਜ ਅਚਾਨਕ ਏਥੇ ਈਰਾਨ ਦੇ ਵਿਦੇਸ਼ ਮੰਤਰੀ ਜਵਾਦ ਜ਼ਰੀਫ ਦੇ ਆ ਜਾਣ ਨਾਲ ਸੰਸਾਰ ਪੱਧਰ ਉੱਤੇ ਹਲਚਲ ਮੱਚ ਗਈ ਹੈ। ਸਮਝਿਆ ਜਾਂਦਾ ਹੈ ਕਿ ਉਹ ਏਥੇ ਵਿਸ਼ੇਸ਼ ਗੱਲਬਾਤ ਕਰਨ ਆਏ ਹਨ ਅਤੇ ਉਨ੍ਹਾਂ ਨੇ ਅੱਜ ਐਤਵਾਰ ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਮੈਕਰਾਂ ਨਾਲ ਗੱਲਬਾਤ ਵੀ ਕੀਤੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਉਹ ਈਰਾਨ ਦੇ ਐਟਮੀ ਪ੍ਰੋਗਰਾਮ ਦੀ ਚਰਚਾ ਕਰਨ ਲਈ ਇਸ ਸਿਖਰ ਸੰਮੇਲਨ ਦੌਰਾਨ ਆਏ ਹਨ, ਪਰ ਕੋਈ ਵੀ ਆਗੂ ਇਹ ਮੰਨਣ ਨੂੰ ਤਿਆਰ ਨਹੀਂ।

ਦੂਸਰੇ ਪਾਸੇ ਅੱਜ ਦੀ ਗੱਲਬਾਤ ਮਗਰੋਂ ਈਰਾਨੀ ਵਿਦੇਸ਼ ਮੰਤਰੀ ਜਵਾਦ ਜ਼ਰੀਫ ਨੇ ਕਿਹਾ ਕਿ ਅੱਗੇ ਰਸਤਾ ਬਹੁਤ ਮੁਸ਼ਕਿਲਾਂ ਭਰਿਆ ਹੈ। ਉਨ੍ਹਾ ਟਵੀਟ ਕੀਤਾ ਕਿ ਉਨ੍ਹਾਂ ਨੇ ਫਰਾਂਸ ਦੇ ਵਿਦੇਸ਼ ਮੰਤਰੀ ਜੀਨ ਯਵੇਸ ਤੋਂ ਬਾਅਦ ਰਾਸ਼ਟਰਪਤੀ ਮੈਕਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਬ੍ਰਿਟੇਨ ਅਤੇ ਜਰਮਨੀ ਦੇ ਅਧਿਕਾਰੀਆਂ ਨੂੰ ਵੀ ਮਿਲੇ ਹਨ। ਉਨ੍ਹਾਂ ਕਿਹਾ ਕਿ ਅੱਗੇ ਦਾ ਰਸਤਾ ਬਹੁਤ ਮੁਸ਼ਕਿਲ ਹੈ, ਪਰ ਕੋਸ਼ਿਸ਼ਾਂ ਜਾਰੀ ਹਨ। ਵਰਨਣ ਯੋਗ ਹੈ ਕਿ ਇਸ ਦੌਰਾਨ ਚਰਚਾ ਹੈ ਕਿ ਜੀ-7 ਸਿਖਰ ਸੰਮੇਲਨ ਵਿੱਚ ਈਰਾਨ ਨਾਲ ਗੱਲਬਾਤ ਅਤੇ ਐਟਮੀ ਸਮਝੌਤੇ ਦਾ ਹੱਲ ਕੱਢਣ ਲਈ ਜੀ-7 ਦੇਸ਼ਾਂ ਨੇ ਸਾਰਾ ਜ਼ਿੰਮਾ ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਮੈਕਰਾਂ ਨੂੰ ਸੌਂਪਿਆ ਹੈ।

ਇਸ ਤੋਂ ਉਲਟ ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲਮੈਕਰਾਂ ਨੇ ਅੱਜ ਐਤਵਾਰ ਇਸ ਚਰਚਾ ਦਾ ਖੰਡਨ ਕੀਤਾ ਕਿ ਜੀ-7 ਦੇਸ਼ਾਂ ਦੇ ਨੇਤਾਵਾਂ ਨੇ ਇਸ ਮੰਚ ਵੱਲੋਂਐਟਮੀ ਮਸਲੇ ਬਾਰੇ ਈਰਾਨ ਨਾਲ ਗੱਲਬਾਤ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ। ਫਰਾਂਸ ਦੇ ਮੀਡੀਆ ਨੇ ਡਿਪਲੋਮੈਟਿਕ ਸੂਤਰਾਂ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਸੀ ਕਿ ਜੀ-7 ਦੇਸ਼ਾਂ ਇਟਲੀ, ਜਰਮਨੀ, ਬ੍ਰਿਟੇਨ, ਅਮਰੀਕਾ, ਕੈਨੇਡਾ, ਜਾਪਾਨ ਤੇ ਫਰਾਂਸ ਨੇ ਸਮਝੌਤੇ ਦੇ ਭਵਿੱਖ ਬਾਰੇ ਈਰਾਨ ਨੂੰ ਸਾਂਝਾ ਸੰਦੇਸ਼ ਦੇਣ ਦੀ ਜ਼ਿੰਮੇਵਾਰੀਇਮੈਨੁਏਲ ਮੈਕਰਾਂ ਨੂੰ ਸੌਂਪੀ ਹੈ। ਇਸ ਰਿਪੋਰਟਮੁਤਾਬਕ ਫਰਾਂਸ, ਇਟਲੀ, ਜਰਮਨੀ, ਬ੍ਰਿਟੇਨ, ਅਮਰੀਕਾ, ਕੈਨੇਡਾ ਅਤੇ ਜਾਪਾਨ ਅਤੇ ਯੂਰਪੀ ਯੂਨੀਅਨ ਦੇ ਮੁਖੀ ਆਗੂਆਂ ਨੇ ਇਸ ਮੁੱਦੇ ਉੱਤੇ ਗੱਲਬਾਤ ਚਲਾਉਣ ਅਤੇ ਈਰਾਨ ਨੂੰ ਸੰਦੇਸ਼ ਦੇਣ ਦਾ ਕੰਮਫਰਾਂਸ ਦੇ ਰਾਸ਼ਟਰਪਤੀ ਇਮੈਨੁਏਲਮੈਕਰਾਂ ਨੂੰ ਸੌਂਪਿਆ ਹੈ।ਫਰਾਂਸ ਸਰਕਾਰ ਦੇ ਸੂਤਰਾਂ ਮੁਤਾਬਕ ਇਸ ਗੱਲਬਾਤ ਦਾ ਮਕਸਦ ਈਰਾਨ ਨੂੰ ਐਟਮੀ ਹਥਿਆਰ ਸਮਝੌਤੇ ਤੋਂਪਿੱਛੇ ਹਟਣ ਤੋਂ ਰੋਕਣਾ ਅਤੇ ਖੇਤਰ ਵਿੱਚ ਤਣਾਅ ਘੱਟ ਕਰਨਾ ਹੈ, ਜਿਸ ਦੇ ਲਈ ਈਰਾਨ ਦੇ ਵਿਦੇਸ਼ ਮੰਤਰੀ ਏਥੇ ਉਚੇਚੇ ਆਏ ਹਨ।

ਬਾਅਦ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਚਰਚਾ ਦਾ ਖੰਡਨ ਕੀਤਾ ਕਿ ਸੰਮੇਲਨ ਵਿੱਚ ਇਸ ਮੁੱਦੇ ਉੱਤੇਕੋਈ ਵਿਚਾਰ ਹੋਈ ਸੀ। ਫਿਰ ਵੀਫਰਾਂਸ ਦੇ ਰਾਸ਼ਟਰਪਤੀ ਇਮੈਨੁਏਲਮੈਕਰਾਂਨੇ ਪੱਤਰਕਾਰਾਂ ਨੂੰ ਦੱਸਿਆ ਕਿ ਈਰਾਨ ਦੇ ਮਸਲੇ ਉੱਤੇ ਅਸੀਂ ਕੱਲ੍ਹ ਜ਼ਰੂਰ ਗੱਲ ਕੀਤੀ ਸੀ, ਪਰ ਪਹਿਲੀ ਗੱਲ ਇਹ ਕਿ ਜੀ-7 ਦਾ ਕੋਈ ਵੀ ਦੇਸ਼ ਇਸ ਪੱਖ ਵਿੱਚਨਹੀਂ ਕਿ ਈਰਾਨ ਦੇ ਕੋਲ ਐਟਮੀ ਹਥਿਆਰ ਹੋਣ। ਦੂਸਰੀ ਗੱਲ ਕਿ ਜੀ-7 ਦੇ ਮੈਂਬਰ ਦੇਸ਼ ਇਸ ਖੇਤਰ ਵਿੱਚ ਸ਼ਾਂਤੀ ਬਾਰੇ ਵਚਨਬੱਧ ਹਨ ਤੇ ਕੋਈ ਵੀ ਅਜਿਹਾ ਕਦਮ ਨਹੀਂ ਚਾਹੁੰਦਾ, ਜਿਸ ਨਾਲ ਖੇਤਰ ਵਿੱਚਗੜਬੜ ਤੇ ਅਸਥਿਰਤਾ ਦੀ ਸਥਿਤੀ ਪੈਦਾ ਹੋਵੇ।ਉਨ੍ਹਾਂ ਕਿਹਾ ਕਿ ਅਸੀਂ ਇਸ ਘੇਰੇ ਅੰਦਰ ਵੱਖ-ਵੱਖ ਮੁੱਦਿਆਂ ਉੱਤੇ ਚਰਚਾ ਕੀਤੀ ਹੈ ਅਤੇ ਜੀ-7 ਇਕ ਰਸਮੀ ਕਲੱਬ ਹੈ ਅਤੇ ਕੋਈ ਦੇਸ਼ ਇਕ-ਦੂਜੇ ਨੂੰ ਜ਼ਿੰਮੇਵਾਰੀ ਨਹੀਂ ਸੌਂਪ ਸਕਦਾ।

ਫਰਾਂਸ ਦੇ ਬਿਆਰਿਤਜ਼ ਵਿੱਚ ਜੀ-7 ਸਿਖਰ ਸੰਮੇਲਨ ਚੱਲ ਰਿਹਾ ਹੈ ਤੇ 24 ਤੋਂ 26 ਅਗਸਤ ਤੱਕ ਫਰਾਂਸ ਵਿੱਚਚੱਲਣ ਵਾਲੇ ਇਸ ਸੰਮੇਲਨ ਵਿੱਚਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਿੱਸਾ ਲੈ ਰਹੇ ਹਨ। ਜੀ-7 ਦੁਨੀਆ ਦੇ ਸਭ ਤੋਂ ਵਿਕਸਤ ਸੱਤ ਦੇਸ਼ਾਂ, ਜਿਹੜੇ ਉਦਯੋਗਿਕ ਮਹਾਸ਼ਕਤੀਆਂ ਹਨ, ਦਾ ਗਰੁੱਪ ਹੈ। ਇਸ ਨੂੰ 'ਗਰੁੱਪ ਆਫ ਸੈਵਨ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਜਿਸ ਵਿੱਚ ਇਸ ਵਾਰ ਆਸਟਰੇਲੀਆ ਨੂੰ ਵੀ ਸੱਦਿਆ ਗਿਆ ਹੈ।

ਜੀ-7 ਸਿਖਰ ਸੰਮੇਲਨ ਦੌਰਾਨ ਦੱਖਣੀ ਫਰਾਂਸ ਦੇ ਬਿਆਰਿਤਜ਼ ਵਿੱਚ ਅਚਾਨਕ ਉਸ ਵੇਲੇ ਹਲਚਲ ਪੈਦਾ ਹੋ ਗਈ ਸੀ, ਜਦੋਂ ਈਰਾਨ ਦਾ ਇਕ ਸਰਕਾਰੀ ਜਹਾਜ਼ ਉਥੇ ਲੈਂਡ ਹੋਇਆ ਅਤੇ ਉਡਾਣਾਂ ਉੱਤੇ ਨਜ਼ਰ ਰੱਖਦੀਆਂ ਵੈੱਬਸਾਈਟਾਂ ਨੇ ਐਤਵਾਰ ਨੂੰ ਇਸ ਬਾਰੇਖਬਰ ਦੇ ਦਿੱਤੀ। ਬਾਅਦ ਵਿੱਚ ਪਤਾ ਲੱਗਾ ਕਿ ਉਸ ਵਿੱਚ ਈਰਾਨ ਦੇ ਵਿਦੇਸ਼ ਮੰਤਰੀ ਸਨ।

ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਐਟਮੀ ਪ੍ਰੋਗਰਾਮਬਾਰੇ ਜੀ-7 ਦੇ ਸੰਮੇਲਨ ਵਿੱਚ ਕਿਸੇ ਤਰ੍ਹਾਂ ਦੀ ਵਿਚਾਰ ਕਰਨ ਦੀ ਗੱਲ ਤੋਂ ਐਤਵਾਰ ਨੂੰ ਸਾਫ ਇਨਕਾਰ ਕਰ ਦਿੱਤਾ। ਟਰੰਪ ਨੇ ਸੰਮੇਲਨ ਤੋਂ ਬਾਅਦ ਕਿਹਾ ਕਿ'ਨਹੀਂ, ਇਸ ਬਾਰੇ ਚਰਚਾ ਨਹੀਂ ਕੀਤੀ।' ਟਰੰਪ ਦਾ ਇਹ ਬਿਆਨ ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲਮੈਕਰਾਂ ਦੇ ਦਾਅਵੇ ਦੇ ਉਲਟ ਸੀ, ਜਿਸ ਵਿੱਚ ਉਨ੍ਹਾਂ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਈਰਾਨ ਨੂੰ ਕੀ ਕਹਿਣਾ ਚਾਹੀਦਾ ਹੈ, ਇਸ ਉੱਤੇ ਜੀ-7 ਦੇਸ਼ ਆਪੋ ਵਿੱਚ ਸਹਿਮਤ ਹੋ ਗਏ ਹਨ।ਟਰੰਪ ਨੇ ਕਿਹਾ ਕਿ ਅਸੀਂ ਆਪਣੇ ਵੱਲੋਂ ਅੱਗੇ ਵਧਾਂਗੇ, ਪਰ ਤੁਹਾਨੂੰ ਲੋਕਾਂ ਨੂੰ ਗੱਲ ਕਰਨ ਤੋਂਨਹੀਂ ਰੋਕ ਸਕਦੇ, ਜੇ ਉਹ ਗੱਲ ਕਰਨਾ ਚਾਹੁੰਦੇ ਹਨ ਤਾਂ ਕਰ ਸਕਦੇ ਹਨ।

ਵਰਨਣ ਯੋਗ ਹੈ ਕਿ 2015 ਵਿੱਚ ਪੱਛਮੀ ਦੇਸ਼ਾਂ ਤੇ ਈਰਾਨ ਦਾ ਇਕ ਐਟਮੀ ਸਮਝੌਤਾ ਹੋਇਆ ਸੀ, ਪਰ ਪਿਛਲੇ ਸਾਲ ਅਮਰੀਕਾ ਇਕ-ਤਰਫਾ ਤੌਰ ਉੱਤੇ ਇਸ ਤੋਂ ਵੱਖ ਹੋ ਗਿਆ ਅਤੇ ਈਰਾਨ ਦੀ ਅਰਥ ਵਿਵਸਥਾ ਨੂੰ ਪ੍ਰਭਾਵਿਤ ਕਰਨ ਵਾਲੀਆਂ ਪਾਬੰਦੀਆਂ ਲਾ ਦਿੱਤੀਆਂ ਸਨ। ਇਕ ਡਿਪਲੋਮੈਟ ਨੇ ਕਿਹਾ ਕਿ ਜੀ-7 ਨੇਤਾ ਈਰਾਨ ਨੂੰ ਸਾਂਝਾ ਸੰਦੇਸ਼ ਭੇਜਣ ਦੀ ਜ਼ਿੰਮੇਵਾਰੀ ਇਮੈਨੁਏਲਮੈਕਰਾਂਨੂੰ ਸੌਂਪਣ ਨੂੰ ਸਹਿਮਤ ਸਨ। ਉਸ ਨੇ ਦੱਸਿਆ ਕਿ ਖੇਤਰਵਿੱਚ ਤਣਾਅ ਦੂਰ ਕਰਨ ਲਈ ਮੈਕਰਾਂ ਨੂੰ ਈਰਾਨ ਨਾਲ ਗੱਲਬਾਤ ਕਰਨ ਅਤੇ ਸੰਦੇਸ਼ ਦੇਣ ਦਾ ਅਧਿਕਾਰ ਸੌਂਪਿਆ ਗਿਆ ਹੈ।

## ਅੱਜ ਨਾਮਾ

ਪੱਤੇ ਜ਼ਾਹਰ ਕਰ'ਤੇ ਲੱਗਦੇ ਭਾਜਪਾਈਆਂ,
ਦਿੱਤਾ ਈ ਸਾਫ ਸੰਕੇਤ ਜਿਹਾ ਘੱਲ ਬੇਲੀ।
ਥਾਪੜੇ ਮੋਦੀ ਤੇ ਸ਼ਾਹ ਦੇ ਮਿਲਣ ਮਗਰੋਂ,
ਭਾਜਪਾ ਵਰਕਰ ਵੀ ਪਏ ਸੀ ਚੱਲ ਬੇਲੀ।
ਹਰਿਆਣੇ ਵੱਲ ਅਕਾਲੀ ਸਨ ਗਏ ਆਗੂ,
ਘੁੰਮਦੇ ਰਹੇ ਪਰ ਬਣੀ ਨਹੀਂ ਗੱਲ ਬੇਲੀ।
ਪੁੱਛਿਆ ਕਿਸੇ ਨਾ ਕਿਤੇ ਜਾਂ ਅੰਨ-ਪਾਣੀ,
ਤੁਰ ਪਏ ਬਾਦਲ ਚੌਟਾਲਿਆਂ ਵੱਲ ਬੇਲੀ।
ਵੱਡੇ ਬਾਦਲ ਸਮਝਾਉਣੀ ਫਿਰ ਜਾ ਦਿੱਤੀ,
ਕਰ ਲਓ ਏਕਾ ਮੈਦਾਨ ਵਿੱਚ ਆਓ ਕਾਕਾ।
ਆਪੋ ਵਿੱਚ ਨਹੀਂ ਲੜਨ ਦਾ ਵਕਤ ਕਾਕਾ,
ਲੰਘਦਾ ਜਿੱਦਾਂ ਇਹ ਵਕਤ ਟਪਾਉ ਕਾਕਾ।

ਤੀਸ ਮਾਰ ਖਾਂ

# ਫੈਡਰਲ ਸਰਕਾਰ ਪੀਲ ਰੀਜਨ ਨੂੰ ਮੁਹੱਈਆ ਕਰਾਵੇਗੀ 2.2 ਮਿਲੀਅਨ ਡਾਲਰ

ਓਟਵਾ, 25 ਅਗਸਤ (ਪੋਸਟ ਬਿਊਰੋ) : ਪਿਛਲੇ ਦੋ ਸਾਲਾਂ ਤੋਂ ਪਨਾਹ ਹਾਸਲ ਕਰਨ ਦੇ ਚਾਹਵਾਨਾਂ ਨੂੰ ਆਰਜ਼ੀ ਰਿਹਾਇਸ਼ ਮੁਹੱਈਆ ਕਰਵਾਉਣ ਦੇ ਏਵਜ ਵਿੱਚ ਪੀਲ ਰੀਜਨ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਚੁਣਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੈਨੇਡਾ ਸਰਕਾਰ ਪੀਲ ਰੀਜਨ ਨੂੰ 2.2 ਮਿਲੀਅਨ ਡਾਲਰ ਮੁਹੱਈਆ ਕਰਾਵੇਗੀ।

ਕੈਨੇਡਾ ਸਰਕਾਰ ਵਿਵਸਥਿਤ ਢੰਗ ਨਾਲ ਮਾਈਗ੍ਰੇਸ਼ਨ ਲਈ ਵਚਨਬੱਧ ਹੈ। ਇਸੇ ਤਹਿਤ ਪਨਾਹ ਹਾਸਲ ਕਰਨ ਦੇ ਚਾਹਵਾਨਾਂ ਲਈ ਆਰਜ਼ੀ ਹਾਊਸਿੰਗ ਮੁਹੱਈਆ ਕਰਵਾਉਣ ਦੇ ਸਿਲਸਿਲੇ ਵਿੱਚ ਪ੍ਰੋਵਿੰਸਾਂ ਤੇ ਮਿਊਂਸਪੈਲਿਟੀਜ਼ ਨੂੰ ਜਿਹੜਾ ਦਬਾਅ ਝੱਲਣਾ ਪੈਂਦਾ ਹੈ ਉਸ ਬਦਲੇ ਫੈਡਰਲ ਸਰਕਾਰ ਉਨ੍ਹਾਂ ਦੀ ਵਿੱਤੀ ਮਦਦ ਕਰ ਰਹੀ ਹੈ। ਇਨ੍ਹਾਂ ਫੰਡਾਂ ਨਾਲ ਪੀਲ ਰੀਜਨ ਪਨਾਹ ਹਾਸਲ ਕਰਨ ਵਾਲੇ ਬਿਨੈਕਾਰਾਂ ਨੂੰ ਰਹਿਣ ਲਈ ਘਰ ਮੁਹੱਈਆ ਕਰਵਾਉਣ ਦੇ ਨਾਲ ਨਾਲ ਹੋਰ ਸਰਕਾਰੀ ਸਹੂਲਤਾਂ ਵੀ ਦੇ ਸਕੇਗਾ।

# ਕਲਾਸਾਂ ਦੇ ਮੌਜੂਦਾ ਆਕਾਰ ਵਿੱਚ ਕੋਈ ਤਬਦੀਲੀ ਨਹੀਂ ਕਰੇਗੀ ਫੋਰਡ ਸਰਕਾਰ : ਸਿੱਖਿਆ ਮੰਤਰੀ



ਓਨਟਾਰੀਓ, 25 ਅਗਸਤ (ਪੋਸਟ ਬਿਊਰੋ) : ਨਵੇਂ ਸਕੂਲ ਵਰ੍ਹੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਓਨਟਾਰੀਓ ਸਰਕਾਰ ਕਲਾਸਾਂ ਦੇ ਮੌਜੂਦਾ ਆਕਾਰ ਵਿੱਚ ਮਾਮੂਲੀ ਤਬਦੀਲੀ ਕਰ ਰਹੀ ਹੈ। ਇਸ ਦੇ ਮੱਦੇਨਜ਼ਰ ਸਿੱਖਿਆ ਮੰਤਰੀ ਸਟੀਫਨ ਲੈਸੇ, ਸਿੱਖਿਆ ਮੰਤਰੀ ਦੇ ਪਾਰਲੀਮਾਨੀ ਸਹਿਯੋਗੀ ਸੈਮ ਊਸਟਰਹੌਫ, ਸਕਾਰਬੌਰੋ-ਰੋਜ਼ ਪਾਰਕ ਤੋਂ ਐਮਪੀਪੀ ਅਤੇ ਸਕਾਰਬੌਰੋ ਸੈਂਟਰ ਤੋਂ ਐਮਪੀਪੀ ਕ੍ਰਿਸਟੀਨਾ ਮਿਤਾਸ ਨੇ ਮਾਪਿਆਂ ਅਤੇ ਐਜੂਕੇਟਰਜ਼ ਨਾਲ ਗੋਲਮੇਜ਼ ਮੀਟਿੰਗ ਕੀਤੀ।

ਸਿੱਖਿਆ ਮੰਤਰੀ ਲੈਸੇ ਨੇ ਆਖਿਆ ਕਿ ਅਸੀਂ ਆਪਣੇ ਵਿਦਿਆਰਥੀਆਂ ਤੇ ਜਿਨ੍ਹਾਂ ਦੀ ਸੇਵਾ ਲਈ ਅਸੀਂ ਚੁਣੇ ਗਏ ਹਾਂ ਉਨ੍ਹਾਂ ਨੂੰ ਪਹਿਲ ਦੇਣੀ ਚਾਹੁੰਦੇ ਹਾਂ। ਉਨ੍ਹਾਂ ਆਖਿਆ ਕਿ ਉਹ ਵਿਦਿਆਰਥੀਆਂ ਤੇ ਪਰਿਵਾਰਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਨ ਕਿ ਸਤੰਬਰ ਤੋਂ ਸ਼ੁਰੂ ਹੋਣ ਜਾ ਰਹੇ ਨਵੇਂ ਵਰ੍ਹੇ ਵਿੱਚ ਕਲਾਸਾਂ ਦੇ ਆਕਾਰ ਪਿਛਲੇ ਸਾਲ ਵਰਗੇ ਹੀ ਰਹਿਣਗੇ।

ਓਨਟਾਰੀਓ ਕਲਾਸ ਸਾਈਜ਼ ਰੈਗੂਲੇਸ਼ਨ ਵਿੱਚ ਕੀਤੀਆਂ ਗਈਆਂ ਸੋਧਾਂ ਅਨੁਸਾਰ ਔਸਤ ਫੰਡਾਂ ਦੇ ਆਧਾਰ ਉੱਤੇ ਚੌਥੀ ਤੋਂ ਅੱਠਵੀਂ ਕਲਾਸ ਤੱਕ ਪ੍ਰਤੀ ਕਲਾਸ ਇੱਕ ਵਾਧੂ ਵਿਦਿਆਰਥੀ, ਨੌਂਵੀ ਤੋਂ 12ਵੀਂ ਤੱਕ ਪ੍ਰਤੀ ਕਲਾਸ ਹਾਫ ਸਟੂਡੈਂਟ ਦਾ ਇਜਾਫਾ ਤੇ ਜੂਨੀਅਰ ਕਿੰਡਰਗਾਰਟਨ ਤੋਂ ਤੀਜੀ ਕਲਾਸ ਤੱਕ ਕਲਾਸਾਂ ਦੇ ਆਕਾਰ ਵਿੱਚ ਤਾਂ ਕੋਈ ਤਬਦੀਲੀ ਹੀ ਨਹੀਂ ਕੀਤੀ ਜਾਵੇਗੀ।

ਲੈਸੇ ਨੇ ਆਖਿਆ ਕਿ ਪਹਿਲੇ ਦਿਨ ਤੋਂ ਹੀ ਉਨ੍ਹਾਂ ਇਹ ਸਪਸ਼ਟ ਕਰ ਦਿੱਤਾ ਸੀ ਕਿ ਉਹ ਆਪਣੇ ਵਿੱਦਿਅਕ ਸੈਕਟਰ ਦੇ ਭਾਈਵਾਲਾਂ ਨਾਲ ਰਲ ਕੇ ਕੰਮ ਕਰਨਗੇ। ਸਾਡਾ ਮਿਸ਼ਨ ਵਿਦਿਆਰਥੀਆਂ ਨੂੰ ਪਹਿਲ

# ਪੀ ਵੀ ਸਿੰਧੂ ਨੇ ਬੈਡਮਿੰਟਨ ਚੈਂਪੀਅਨਸ਼ਿਪ ਜਿੱਤ ਕੇ ਇਤਿਹਾਸ ਰਚ ਦਿੱਤਾ



ਬਾਸੇਲ, 25 ਅਗਸਤ, (ਪੋਸਟ ਬਿਊਰੋ)- ਉਲੰਪਿਕਸ ਦੀ ਚਾਂਦੀ ਤਮਗ਼ਾ ਜੇਤੂ ਪੀ ਵੀ ਸਿੰਧੂ ਨੇ ਅੱਜ ਬੀਡਬਲਿਊ ਐਫ ਬੈਡਮਿੰਟਨ ਵਰਲਡ ਚੈਂਪੀਅਨਸ਼ਿਪ ਤੋਂ ਪਹਿਲੀ ਵਾਰ ਸੋਨ ਤਮਗ਼ਾ ਜਿੱਤਿਆ ਹੈ। ਅੱਜ ਐਤਵਾਰ ਨੂੰ ਇਸ ਜਿੱਤ ਨਾਲ ਉਹ ਇਸ ਚੈਂਪੀਅਨਸ਼ਿਪ ਨੂੰ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣ ਗਈ ਹੈ।

ਬੀਡਬਲਿਊਵਰਲਡ ਬੈਡਮਿੰਟਨ ਵਰਲਡ ਚੈਂਪੀਅਨਸ਼ਿਪਲਈ ਅੱਜ ਐਤਵਾਰ ਨੂੰ ਖੇਡੇ ਫਾਈਨਲ ਵਿੱਚ ਭਾਰਤ ਦੀ ਪੀ ਵੀਸਿੰਧੂ ਨੇ ਵਿਸ਼ਵ ਰੈਂਕਿੰਗ ਸੂਚੀ ਵਿੱਚ ਚੌਥੇ ਨੰਬਰ ਦੀ ਜਾਪਾਨੀ ਖਿਡਾਰਨ ਨੋਜ਼ੋਮੀ ਓਕੂਹਾਰਾ ਨੂੰ ਹਰਾ ਕੇ ਗੋਲਡ ਮੈਡਲ ਜਿੱਤ ਲਿਆ। ਵਿਸ਼ਵ ਰੈਂਕਿੰਗ ਸੂਚੀ ਦੀ ਪੰਜਵੇਂ ਨੰਬਰਦੀ ਖਿਡਾਰਨ ਪੀ ਵੀ ਸਿੰਧੂ ਨੇ ਨੋਜ਼ੋਮੀ ਓਕੂਹਾਰਾ ਨੂੰ ਸਿੱਧੇ ਸੈਟਾਂ ਵਿੱਚ 21-7, 21-7 ਨਾਲ ਹਰਾਇਆ। ਇਹ ਮੁਕਾਬਲਾ 37 ਮਿੰਟ ਚੱਲਿਆ। ਇਸ ਜਿੱਤ ਨਾਲ ਸਿੰਧੂ ਨੇ ਓਕੂਹਾਰਾ ਵਿਰੁੱਧ ਆਪਣਾ ਕਰਿਅਰ ਰਿਕਾਰਡ 9-7 ਦਾ ਬਣਾ ਲਿਆ ਹੈ। ਸਾਲ 2017 ਅਤੇ 2018 ਵਿੱਚ ਚਾਂਦੀ ਅਤੇ 2013 ਅਤੇ 2014 ਵਿੱਚ ਕਾਂਸੇ ਤਾ ਤਮਗ਼ਾ ਜਿੱਤ ਚੁੱਕੀ ਸਿੰਧੂ ਨੇ ਅੱਜ ਪਹਿਲੀ ਗੇਮ ਵਿੱਚ ਵਧੀਆ ਸ਼ੁਰੂਆਤ ਕੀਤੀ ਅਤੇ 5-1 ਦੀ ਲੀਡ ਬਣਾ ਕੇ ਫਿਰ 12-2 ਲੀਡ ਬਣਾ ਲਈ। ਉਸ ਨੇ ਜਾਪਾਨੀ ਖਿਡਾਰਨ ਨੂੰ ਵਾਪਸੀ ਦਾ ਮੌਕਾ ਤੱਕ ਨਹੀਂ ਦਿੱਤਾ ਅਤੇ ਪਹਿਲਾ ਸੈਟ 21-7 ਨਾਲ ਜਿੱਤ ਲਿਆ।ਦੂਜੇ ਸੈਟ ਵਿੱਚਸਿੰਧੂ ਨੇ ਫਿਰ ਸ਼ਾਨਦਾਰ ਖੇਡ ਵਿਖਾਉਂਦਿਆਂ ਕੁਝ ਮਿੰਟਾਂ ਵਿੱਚ 8-2 ਦੀ ਲੀਡ ਲੈ ਲਈ ਤੇਫਿਰ ਇਸ ਲੀਡ ਨੂੰ ਅੰਤ ਤਕ ਕਾਇਮ ਰੱਖਿਆ ਅਤੇ ਦੂਜਾ ਸੈਟ 21-7 ਨਾਲ ਜਿੱਤ ਕੇ ਸੋਨ ਤਮਗ਼ਾ ਆਪਣੇ ਨਾਂ ਕਰ ਲਿਆ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਾਲ 2015 ਵਿਚ ਬੀਡਬਲਿਊ ਐਫ ਬੈਡਮਿੰਟਨ ਵਰਲਡ ਚੈਂਪੀਅਨਸ਼ਿਪ ਦੇ ਸੈਮੀ ਫਾਈਨਲ ਵਿੱਚਪੀ ਵੀ ਸਿੰਧੂ ਆਪਣੇ ਦੇਸ਼ ਦੀ ਸਾਈਨਾ ਨੇਹਵਾਲ ਤੋਂ ਹਾਰ ਗਈ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

# ਮਾਲਟਨ ਗੁਰੂ ਘਰ ਵੱਲੋਂ 8 ਸਤੰਬਰ ਨੂੰ ਹੋਣ ਵਾਲੇ ਨਗਰ ਕੀਰਤਨ ਦੀ ਗੋਲਕ ਹੜ੍ਹ ਪੀੜਤਾਂ ਲਈ ਹੋਵੇਗੀ



ਮਾਲਟਨ, 25 ਅਗਸਤ (ਪੋਸਟ ਬਿਊਰੋ)- ਕੱਲ੍ਹ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਇਕ ਮੀਡੀਆ ਕਾਨਫਰੰਸ ਕੀਤੀ ਗਈ। ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਜੀਤ ਸਿੰਘ ਸੇਖੋਂ ਨੇ ਇਸ ਮੀਟਿੰਗ ਨੂੰ ਮੀਡੀਆ ਕਾਨਫਰੰਸ ਘੱਟ ਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਲਈ ਇਕ ਬੈਠਕ ਦੱਸਿਆ। ਉਨ੍ਹਾਂ ਕਿਹਾ ਕਿ ਜੋ ਪੰਜਾਬ ਅੰਦਰ ਹੜ੍ਹਾਂ ਦੀ ਮਾਰ ਕਾਰਨ ਲੋਕਾਂ ਨੂੰ ਇਸ ਮੁਸ਼ਕਿਲ ਸਮੇਂ ਵਿਚੋਂ ਗੁਜਰਨਾ ਪੈ ਰਿਹਾ ਹੈ, ਉਸ ਲਈ ਸਾਨੂੰ ਬਾਹਰ ਬੈਠੇ ਪੰਜਾਬੀਆਂ ਨੂੰ ਆਪਣੇ ਭਰਾਵਾਂ ਲਈ ਕੁੱਝ ਨਾ ਕੁੱਝ ਜਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਮੀਡੀਆ ਕਰਮੀਆਂ ਨੂੰ ਕਿਹਾ ਕਿ ਇਸ ਕਾਰਜ ਨੂੰ ਇਸ ਤਰ੍ਹਾਂ ਨਾ ਲਵੋ ਕਿ ਅਸੀਂ ਗੁਰਦੁਆਰਾ ਸਾਹਿਬ ਵਲੋਂ ਕਰਨਾ ਚਾਹੁੰਦੇ ਹਾਂ ਬਲਕਿ ਇਸ ਤਰ੍ਹਾਂ ਲਵੋ ਕਿ ਆਪਾਂ ਸਾਰੇ ਰਲ ਕੇ ਇਸ ਵਿਚ ਯੋਗਦਾਨ ਪਾਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਇਸ ਸਮੇਂ ਓਂਟਾਰੀਓ ਵਿਚ ਯੁਨਾਈਟਡ ਸਿਖਸ ਅਤੇ ਖਾਲਸਾ ਏਡ ਦੇ ਸੇਵਾਦਾਰ ਵੀ ਵੱਖ-ਵੱਖ ਰੇਡੀਓ ਪ੍ਰੋਗਰਾਮਾਂ ਉਤੇ ਰੇਡੀਓਥਾਨ ਕਰ ਰਹੇ ਹਨ। ਅਸੀਂ ਉਨ੍ਹਾਂ ਵਲੋਂ ਵਿੱਢੇ ਇਸ ਕਾਰਜ ਦੀ ਸ਼ਲਾਘਾ ਕਰਦੇ ਹਾਂ। ਸ੍ਰੀ ਸੇਖੋਂ ਨੇ ਕਿਹਾ ਕਿ ਅਸੀਂ ਕਿਸੇ ਵੀ ਰੇਸ ਵਿਚ ਨਹੀਂ ਕਿ ਇਨ੍ਹਾਂ ਤੋਂ ਅੱਗੇ ਹੋ ਕੇ ਕਰਨਾ ਹੈ। ਅਸੀਂ ਤਾਂ ਇਸ ਚੱਲ ਰਹੇ ਵਧੀਆ ਕਾਰਜ ਵਿਚ ਆਪਣਾ ਯੋਗਦਾਨ ਪਾਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ 8 ਸਤੰਬਰ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਆਯੋਜਨ ਕੀਤਾ ਜਾ ਰਿਹਾ ਹੈ। 1995 ਤੋਂ ਸ਼ੁਰੂ ਹੋਏ ਇਸ ਨਗਰ ਕੀਰਤਨ ਦੀ ਇਸ ਸਾਲ 25ਵੀ ਵਰ੍ਹੇਗੰਢ ਹੈ। ਜਿਥੇ ਇਹ ਨਗਰ ਕੀਰਤਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋਵੇਗਾ, ਉਥੇ ਹੀ ਇਸ ਨਗਰ ਕੀਰਤਨ ਦੀ ਗੋਲਕ ਵਿਚ ਜੋ ਵੀ ਸੰਗਤਾਂ ਪਾਉਣਗੀਆਂ, ਉਹ ਪੰਜਾਬ ਦੇ ਹੜ੍ਹ ਪੀੜਤਾਂ ਤੱਕ ਪਹੁੰਚਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਭਾਵੇਂ ਇਹ ਫੰਡ ਇਥੇ ਖਾਲਸਾ ਏਡ ਨੂੰ ਜਾਂ ਫੇਰ ਯੁਨਾਈਟਡ ਸਿੱਖਸ ਨੂੰ ਜਾਂ ਫੇਰ ਪੰਜਾਬ ਵਿਚ ਲੋੜਵੰਦਾਂ ਨੂੰ ਪਹੁੰਚਾਉਣ ਲਈ ਜਿਵੇਂ ਸੰਗਤਾਂ ਕਹਿਣਗੀਆਂ ਉਸੇ ਤਰ੍ਹਾਂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗੋਲਕ ਗਿਣਨ ਲਈ ਵੀ ਮੈਂ ਮੀਡੀਆ ਕਰਮੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਵੀ ਸਾਡੇ ਨਾਲ ਬੈਠਣ ਅਤੇ ਅਸੀਂ ਇਸ ਫੰਡ ਰੇਜਿੰਗ ਵਿਚ ਪੂਰੀ ਪਾਰਦਰਸ਼ਤਾ ਰੱਖ ਸਕੀਏ। ਉਨ੍ਹਾਂ ਇਕ ਲੱਖ ਡਾਲਰ ਇਕੱਠਾ ਕਰਨ ਦਾ ਟੀਚਾ ਰੱਖਿਆ। ਨਾਲ ਹੀ ਇਹ ਵੀ ਦੱਸਿਆ ਕਿ ਆਮ ਤੌਰ ਉਤੇ ਗੋਲਕ 30-35 ਹਜ਼ਾਰ ਡਾਲਰ ਦੀ ਹੁੰਦੀ ਹੈ। ਪਰ ਇਸ ਵਾਰ ਵੱਧ ਤੋਂ ਵੱਧ ਅਪੀਲ ਗੁਰੂ ਘਰ ਦੀ ਸਟੇਜ ਤੋਂ ਵੀ ਕੀਤੀ ਜਾਵੇਗੀ। ਨਾਲ ਹੀ ਉਨ੍ਹਾਂ ਨੇ ਮੀਡੀਆ ਕਰਮੀਆਂ ਨੂੰ ਆਪਣੇ ਮਾਧਿਅਮ ਰਾਹੀ ਸੰਗਤਾਂ ਨੂੰ ਅਪੀਲ ਕਰਨ ਲਈ ਕਿਹਾ। ਹੁਣ ਤੋਂ ਹੀ ਗੁਰੂ ਘਰ ਵਿਖੇ ਇਕ ਵੱਖਰੀ ਰਸੀਦ ਬੁੱਕ ਲਾ ਦਿੱਤੀ ਜਾਵੇਗੀ। ਜੋ ਕੋਈ ਵੀ ਸੰਗਤ ਜੋ ਇਸ ਦੀ ਚੈਰੀਟੇਬਲ ਰਸੀਦ ਲੈਣੀ ਚਾਹੇਗਾ, ਉਸ ਨੂੰ ਉਹ ਰਸੀਦ ਵੀ ਦਿੱਤੀ ਜਾਵੇਗੀ। ਸ੍ਰੀ ਸੇਖੋਂ ਨੇ ਕਿਹਾ ਕਿ ਇਸ ਇਕ-ਤਰ ਹੋਏ ਫੰਡ ਨੂੰ ਵੰਡਣ ਸਮੇਂ ਇਹ ਨਹੀਂ ਕਿ ਇਹ ਸਿੱਖ ਪਰਿਵਾਰਾਂ ਨੂੰ ਹੀ ਜਾਵੇਗਾ। ਉਨ੍ਹਾਂ ਕਿਹਾ ਜੋ ਵੀ ਪ੍ਰਾਣੀ ਹੜ੍ਹਾਂ ਦੀ ਮਾਰ ਹੇਠ ਆਇਆ, ਉਸ ਲਈ ਇਹ ਮੱਦਦ ਹੋਵੇਗੀ। ਜਾਤ ਤੇ ਧਰਮ ਦੇ ਆਧਾਰ ਉਤੇ ਕਿਸੇ ਨੂੰ ਨਹੀਂ ਦੇਖਿਆ ਜਾਵੇਗਾ।

# ਬਰੈਗਜ਼ਿਟ ਮੁੱਦੇ ਉੱਤੇ ਟਰੰਪ ਵੱਲੋਂ ਬੋਰਿਸ ਜੌਨਸਨ ਨੂੰ ਸਾਥ ਦੇਣ ਦਾ ਭਰੋਸਾ

ਬਾਇਰਿਟਜ, 25 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਐਤਵਾਰ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨਾਲ ਮੁਲਾਕਾਤ ਵਿੱਚ ਉਨ੍ਹਾਂ ਦੀ ਪਿੱਠ ਥਾਪੜੀ ਤੇ ਬ੍ਰੈਗਜ਼ਿਟ ਲਈ ਜੌਨਸਨ ਨੂੰ 'ਰਾਈਟ ਮੈਨ' ਦੱਸ ਕੇ ਉਸ ਦੇ ਨਾਲ ਖੜੋਣ ਦਾ ਭਰੋਸਾ ਦਿੱਤਾ ਹੈ।

ਐਤਵਾਰ ਸਵੇਰੇ ਬਰੇਕਫਾਸਟ ਮੌਕੇ ਮਿਲੇ ਡੋਨਾਲਡ ਟਰੰਪ ਦਾ ਬੋਰਿਸ ਜੌਨਸਨ ਵੱਲ ਹਰ ਮੁੱਦੇਦੀ ਗੱਲਬਾਤ ਵਿੱਚ ਦੋਸਤਾਨਾ ਰੁਖ਼ ਰਿਹਾ। ਜੌਨਸਨ ਬਾਰੇ ਡੋਨਾਲਡ ਟਰੰਪ ਦੀ ਰਾਏ ਹਮੇਸ਼ਾ ਚੰਗੀ ਰਹੀ ਹੈ। ਗੱਲਬਾਤ ਦੌਰਾਨ ਜੌਨਸਨ ਨੇ ਚੀਨ ਨਾਲ ਚੱਲ ਰਹੇ ਟ੍ਰੇਡ ਵਾਰ ਅਤੇ ਉਸ ਦੇ ਅਸਰਬਾਰੇ ਵੀ ਗੱਲ ਕੀਤੀ। ਉਨ੍ਹਾਂ ਟਰੰਪ ਨਾਲ ਕਾਰੋਬਾਰ ਲਈ ਸ਼ਾਂਤੀ ਸਥਾਪਤ ਕਰਨ ਦੀ ਲੋੜ ਉੱਤੇ ਵੀ ਕਾਫੀ ਵਿਸਥਾਰ ਨਾਲ ਗੱਲ ਕੀਤੀ।

ਇਸ ਗੱਲਬਾਤ ਤੋਂ ਬਾਅਦ ਜਦੋਂ ਪੱਤਰਕਾਰਾਂ ਨੇ ਬ੍ਰੈਗਜ਼ਿਟ ਉੱਤੇਡੋਨਾਲਡ ਟਰੰਪ ਦੀ ਸਲਾਹ ਬਾਰੇ ਪੁੱਛਿਆ ਤਾਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਬਿਨਾਂ ਦੇਰੀ ਦੇ ਕਹਿ ਦਿੱਤਾ, ਜੌਨਸਨ ਨੂੰ ਕਿਸੇ ਸਲਾਹ ਦੀ ਲੋੜ ਨਹੀਂ, ਉਹ ਇਸ ਕੰਮ ਲਈ ਸਹੀ ਵਿਅਕਤੀ ਹਨ, ਇਹ ਮੈਂ ਸ਼ੁਰੂ ਤੋਂ ਕਹਿ ਰਿਹਾ ਹਾਂ। ਟਰੰਪ ਨੇ ਜੌਨਸਨ ਨੂੰ ਭਰੋਸਾ ਦਿੱਤਾ ਕਿ ਯੂਰਪੀ ਯੂਨੀਅਨ ਤੋਂ ਵੱਖ ਹੋਣ ਪਿੱਛੋਂ ਉਹ ਬ੍ਰਿਟੇਨ ਦੇ ਨਾਲ ਖੜੇ ਰਹਿਣਗੇ। ਇਸ ਦੌਰਾਨ ਨਾ ਸਿਰਫ਼ ਅਮਰੀਕਾ-ਚੀਨ ਟ੍ਰੇਡ ਵਾਰ ਬਾਰੇ ਹੀ ਗੱਲ ਹੋਈ, ਸਗੋਂ ਐਮਾਜ਼ੋਨ ਦੇ ਜੰਗਲ ਦੀ ਅੱਗ ਬਾਰੇ ਵੀ ਵਿਚਾਰ ਕੀਤੀ ਗਈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਜੌਨਸਨ ਨਾਲ ਗੱਲਬਾਤ ਵਿੱਚ ਟਰੰਪ ਨੇ ਟਕਰਾਅ ਬਾਰੇ ਚਿੰਤਾ ਪ੍ਰਗਟਾਈ, ਪਰ ਜਦੋਂ ਟਰੰਪ ਕੋਲੋਂ ਪੁੱਛਿਆ ਗਿਆ ਕਿ ਕੀ ਉਹ ਤਣਾਅ ਜਾਰੀ ਰੱਖਣ ਦੇਣ ਦੇ ਇਛੁੱਕ ਹਨ ਤਾਂ ਉਨ੍ਹਾਂ ਇਸ ਦਾ ਪੂਰੇ ਯਕੀਨ ਨਾਲ ਹਾਂ ਵਿੱਚ ਜਵਾਬ ਦਿੱਤਾ। ਬਾਅਦ ਵਿੱਚ ਵ੍ਹਾਈਟ ਹਾਊਸ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਟਰੰਪ ਦੀ ਗੱਲ ਨੂੰ ਗ਼ਲਤ ਸਮਿਝਆ ਗਿਆ ਹੈ। ਵਾਈਟ ਹਾਊਸ ਦੇ ਸਕੱਤਰ ਨੇ ਕਿਹਾ ਕਿ ਟਰੰਪ ਨੇ ਸਿਰਫ਼ ਹਾਂ-ਪੱਖੀ ਗੱਲਾਂ ਬਾਰੇ ਜਵਾਬ ਦਿੱਤਾ ਸੀ, ਕਿਉਂਕਿ ਉਨ੍ਹਾਂ ਚੀਨ ਉੱਤੇ ਹੋਰ ਟੈਰਿਫ ਨਾ ਵਧਾ ਸਕਣ ਦਾ ਅਫਸੋਸ ਹੈ, ਪਰ ਤਨਾਅ ਜਾਰੀ ਰੱਖਣ ਬਾਰੇ ਨਹੀਂ ਸੀ ਕਿਹਾ।

# ਪੁਲਾੜ ਵਿਚੋਂ ਕੀਤੇ ਗਏ ਪਹਿਲੇ ਅਪਰਾਧ ਦੀ ਖਬਰ ਵੀ ਆ ਗਈ

*** ਇਸ ਵਿਲੱਖਣ ਕੇਸ ਦੀ ਜਾਂਚ ਨਾਸਾ ਕਰੇਗਾ**

ਨਿਊਯਾਰਕ, 25 ਅਗਸਤ, (ਪੋਸਟ ਬਿਊਰੋ)- ਧਰਤੀ ਉੱਤੇ ਰਹਿਣ ਵਾਲੇ ਲੋਕਾਂ ਲਈ ਪੁਲਾੜ ਹਾਲੇ ਤੱਕ ਕਈ ਭੇਦਾਂ ਦਾ ਵਿਸ਼ਾ ਸੀ ਅਤੇ ਸਾਰੀ ਮਨੁੱਖਤਾ ਉਸ ਨੂੰ ਸਮਝਣ ਅਤੇ ਜਾਣਨ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ, ਪਰ ਇਨਸਾਨ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਜਿੱਥੇ ਵੀ ਜਾਂਦਾ ਹੈ, ਆਪਣੇ ਐਬ ਅਤੇ ਗੁਣ ਨਾਲ ਲੈ ਜਾਂਦਾ ਹੈ। ਲੱਗਦਾ ਹੈ ਕਿ ਇਹ ਗੱਲ ਸੱਚ ਸਾਬਤ ਹੋਈ ਹੈ ਤੇ ਪੁਲਾੜ ਵਿੱਚੋਂ ਜਾ ਕੇ ਵੀ ਇੱਕ ਅਪਰਾਧ ਕਰ ਦਿੱਤਾ ਗਿਆ ਹੈ। ਅਮਰੀਕਾ ਦੀ ਨੈਸ਼ਨਲ ਏਰੋਨੈਟਿਕਸ ਐਂਡ ਸਪੇਸ ਐਡਮਨਿਸਟਰੇਸ਼ਨ (ਨਾਸਾ) ਦੇ ਸਾਹਮਣੇ ਇਕ ਇਹੋ ਜਿਹਾ ਹੀ ਕੇਸ ਆ ਗਿਆ ਹੈ, ਜਿਸ ਵਿਚ ਇਕ ਪੁਲਾੜ ਯਾਤਰੀ ਉੱਤੇ ਦੋਸ਼ ਹੈ ਕਿ ਉਸ ਨੇ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਵਿੱਚੋਂ ਆਪਣੇ ਮੰਗੇਤਰ ਦੇ ਬੈਂਕ ਖਾਤੇ ਨੂੰ ਅਣ-ਅਧਿਕਾਰਤ ਤੌਰ ਉੱਤੇ ਸੰਨ੍ਹ ਲਾਈ ਹੈ।



ਇਸ ਵਕਤ ਨਾਸਾ ਇਸ ਬਾਰੇ ਜਾਂਚ ਕਰ ਰਿਹਾ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਮਹਿਲਾ ਪੁਲਾੜ ਯਾਤਰੀ ਐਨੀ ਮੈਕਲੇਨ ਦੇ ਤਲਾਕਸ਼ੁਦਾ ਪਤੀ ਸਮਰ ਵਾਰਡਨ ਨੇ ਉਨ੍ਹਾਂ ਉੱਤੇ ਨਾਸਾ ਦੇ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਵਿਚ ਰਹਿਣ ਦੌਰਾਨ ਆਪਣੇ ਖਾਤੇ ਨੂੰ ਅਕਸੈਸ ਕਰਨ ਦਾ ਦੋਸ਼ ਲਾਇਆ ਹੈ। ਸਮਰ ਵਾਰਡਨ ਨੇ ਮੈਕਕਲੇਨ ਦੇ ਵਿਰੁੱਧ ਸ਼ਿਕਾਇਤ ਦਰਜ ਕਰਾਈ ਸੀ। ਇਸ ਸੰਬੰਧ ਵਿੱਚ ਇੱਕ ਰਿਪੋਰਟ-ਮੁਤਾਬਕ ਮੈਕਕਲੇਨ ਨੇ ਬੈਂਕ ਖਾਤੇ ਨੂੰ ਅਕਸੈਸ ਕਰਨ ਦੀ ਗੱਲ ਮੰਨ ਲਈ ਹੈ, ਪਰਉਨ੍ਹਾਂ ਨੇ ਇਸ ਦੌਰਾਨ ਕਿਸੇ ਗਲਤ ਕੰਮ ਤੋਂ ਇਨਕਾਰ ਕੀਤਾ ਹੈ। ਪੁਲਾੜ ਯਾਤਰੀ ਮੈਕਕਲੇਨ ਨੇ ਅਪਣੇ ਵਕੀਲ ਦੇ ਰਾਹੀਂ ਕਿਹਾ ਕਿ ਉਹ ਸਿਰਫ਼ ਇਹ ਪਤਾਕਰ ਰਹੀ ਸੀ ਕਿ ਅਗਲੇ ਪਰਿਵਾਰ ਦੀ ਆਰਥਕ ਸਥਿਤੀ ਠੀਕ ਹੈ ਜਾਂ ਨਹੀਂ।

ਨਾਸਾ ਦੇ ਆਫਿਸ ਆਫ਼ ਇੰਸਪੈਕਟਰ ਜਨਰਲ ਨੇ ਦੱਸਿਆ ਕਿ ਇਸ ਕੇਸ ਦੀ ਨਿਰਪੱਖ ਜਾਂਚ ਲਈ ਦੋਵੇਂ ਧਿਰਾਂ ਦੇ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਜੇ ਦੋਸ਼ ਸਾਬਤ ਹੋ ਗਿਆ ਤਾਂ ਇਹ ਪੁਲਾੜ ਵਿਚ ਕੀਤਾ ਪਹਿਲਾ ਅਪਰਾਧ ਮੰਨਿਆ ਜਾਵੇਗਾ। ਖ਼ਾਸ ਗੱਲ ਇਹ ਕਿ ਇਨਸਾਨ ਜਦੋਂ ਪੁਲਾੜ ਵਿਚ ਕੋਈ ਅਪਰਾਧ ਕਰਦਾ ਹੈ ਤਾਂ ਉਸ ਉੱਤੇ ਧਰਤੀ ਉੱਤੇ ਲਾਗੂ ਹੋਣ ਵਾਲੇ ਕਾਨੂੰਨ ਮੁਤਾਬਕ ਹੀ ਫੈਸਲਾ ਸੁਣਾਇਆ ਜਾਵੇਗਾ। ਇਸ ਲਈ ਜੇ ਐਨੀ ਮੈਕਕਲੇਨ ਦੋਸ਼ੀ ਸਾਬਤ ਹੋ ਗਈ ਤਾਂ ਉਨ੍ਹਾਂ ਨੇ ਅਮਰੀਕਾ ਦੇ ਕਾਨੂੰਨ ਅਨੁਸਾਰ ਸਜ਼ਾ ਸੁਣਾਈ ਜਾ ਸਕਦੀ ਹੈ।

# ਥਾਈਲੈਂਡ ਦੇ ਹੋਟਲ ਵਿਚ ਪੰਜਾਬੀ ਮੂਲ ਦੇ ਬ੍ਰਿਟਿਸ਼ ਨਾਗਰਿਕ ਦੀ ਹੱਤਿਆ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਥਾਈਲੈਂਡ ਦੇ ਪ੍ਰਸਿੱਧ ਸੈਰ ਸਪਾਟਾ ਟਾਪੂ ਫੂਕਟ ਦੇ ਇਕ ਹੋਟਲ ਵਿਚ ਨਾਰਵੇ ਦੇ ਇਕ ਵਿਅਕਤੀ ਵੱਲੋਂ ਬ੍ਰਿਟਿਸ਼ ਨਾਗਰਿਕ ਦੀ ਹੱਤਿਆ ਕਰ ਦੇਣ ਦੀ ਰਿਪੋਰਟ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਮੂਲ ਦਾ ਬ੍ਰਿਟਿਸ਼ ਨਾਗਰਿਕ ਅੰਮਿਤਪਾਲ ਸਿੰਘ ਬਜਾਜ (34) ਛੁੱਟੀਆਂ ਮਨਾਉਣ ਲਈ ਆਪਣੀ ਪਤਨੀ ਤੇ ਇਕ ਬੱਚੇ ਨਾਲ ਹੋਟਲ ਵਿਚ ਠਹਿਰਿਆ ਹੋਇਆ ਸੀ। ਉਸ ਦਾ ਨਾਲ ਵਾਲੇ ਕਮਰੇ ਵਿਚ ਠਹਿਰੇ ਨਾਰਵੇ ਵਾਸੀ ਰੋਜਰ ਬੁਲਮੈਨ (54) ਨਾਲ ਝਗੜਾ ਹੋ ਗਿਆ। ਬੁਲਮੈਨ ਮਾਰਸ਼ਲ ਆਰਟਸ ਮਾਹਿਰ ਹੈ। ਪੁਲਿਸ ਅਨੁਸਾਰ ਬਜਾਜ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਬੁਲਮੈਨ ਬਹੁਤ ਰੌਲਾ ਪਾ ਰਿਹਾ ਹੈ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ



ਬਜਾਜ ਜਮੀਨ ਉਪਰ ਡਿੱਗਾ ਪਿਆ ਸੀ। ਉਸ ਦੇ ਨੱਕ ਤੇ ਮੂੰਹ ਵਿਚੋਂ ਖੂਨ ਆ ਰਿਹਾ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਝਗੜੇ ਦੌਰਾਨ ਬਜਾਜ ਨੇ ਵੀ ਬੁਲਮੈਨ ਉਪਰ ਚਾਕੂ ਨਾਲ ਹਮਲਾ ਕੀਤਾ। ਪੁਲਿਸ ਨੇ ਬੁਲਮੈਨ ਨੂੰ ਗ੍ਰਿਫਤਾਰ ਕਰਕੇ ਇਕ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਜਿਥੇ ਉਸ ਨੂੰ ਜਮਾਨਤ ਉਪਰ ਰਿਹਾਅ ਕਰ ਦਿੱਤਾ ਗਿਆ। ਉਸ ਵਿਰੁੱਧ ਹੱਤਿਆ ਸਮੇਤ ਵੱਖ ਵੱਖ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜੇਕਰ ਉਸ ਦੇ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਉਸ ਨੂੰ 20 ਸਾਲ ਤੱਕ ਸਜਾ ਹੋ ਸਕਦੀ ਹੈ।

# ਪੰਚਕੂਲਾ ਹਿੰਸਾ ਕੇਸ: ਡੇਰਾ ਸਿਰਸਾ ਦੀ ਚੇਅਰਪਰਸਨ ਵਿਪਾਸਨਾ ਨੂੰ ਵੱਡੀ ਰਾਹਤ ਮਿਲੀ

ਪੰਚਕੂਲਾ, 25 ਅਗਸਤ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੀਆਂ ਦੋਸਾਧਵੀਆਂ ਨਾਲ ਬਲਾਤਕਾਰ ਅਤੇ ਇੱਕ ਪੱਤਰਕਾਰ ਦੇ ਕਤਲ ਕੇਸ ਵਿੱਚ ਜੇਲ ਦੀ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਦੋਸ਼ੀ ਠਹਿਰਾਉਣ ਵਾਲੇ ਦਿਨ ਪੰਚਕੂਲਾ ਵਿੱਚ ਹਿੰਸਾ ਭੜਕਾਉਣ ਦੇ ਮਾਮਲੇ ਵਿੱਚ ਪੁਲਸ ਨੇ ਇਸ ਡੇਰੇ ਦੀ ਚੇਅਰਪਰਸਨ ਵਿਪਾਸਨਾ ਇੰਸਾਂ ਦਾ ਨਾਂ ਮੋਸਟਵਾਂਟੇਡ ਲਿਸਟ ਵਿੱਚ ਸ਼ਾਮਲ ਕੀਤਾ ਸੀ, ਪਰ ਆਖਰ ਉਸ ਨੂੰ ਵੱਡੀ ਰਾਹਤ ਮਿਲ ਗਈ ਹੈ। ਪੁਲਸ ਅਧਿਕਾਰੀਆਂਦੇ ਮੁਤਾਬਕ ਵਿਪਾਸਨਾ ਇੰਸਾਂ ਨੂੰ ਮੋਸਟਵਾਂਟੇਡ ਵਾਲੀ ਲਿਸਟ ਵਿੱਚੋਂ ਕੱਢ ਦਿੱਤਾ ਗਿਆ ਹੈ। ਇਸ ਕੇਸ ਦਾਦੂਸਰਾ ਮੁੱਖ ਦੋਸ਼ੀ ਅਦਿੱਤਿਆ ਇੰਸਾਂਦੋ ਸਾਲ ਲੰਘਣ ਪਿੱਛੋਂ ਅਜੇ ਤੱਕ ਵੀ ਫਰਾਰ ਚੱਲ ਰਿਹਾ ਹੈ।

*** ਹਰਿਆਣਾ ਪੁਲਸ ਦੀ ਮੋਸਟ ਵਾਂਟਿਡ ਲਿਸਟ ਵਿੱਚੋਂ ਕੱਢੀ ਗਈ**

ਵਰਣਣ ਯੋਗ ਹੈ ਕਿ ਡੇਰਾ ਸੱਚਾ ਸੌਦਾਸਿਰਸਾ ਦਾ ਮੁਖੀ ਰਾਮ ਰਹੀਮ ਸਿੰਘ ਦੋ ਸਾਧਵੀਆਂ ਨਾਲ ਬਲਾਤਕਾਰ ਅਤੇ ਪੱਤਰਕਾਰ ਛੱਤਰਪਤੀ ਦੇ ਕਤਲ ਕੇਸ ਵਿੱਚ ਅਦਾਲਤ ਦਾ ਦੋਸ਼ੀ ਠਹਿਰਾਏ ਜਾਣ ਪਿੱਛੋਂ ਵਿੱਚ ਰੋਹਤਕ ਨੇੜਲੀ ਸੁਨਾਰੀਆ ਜੇਲ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਸਾਧਵੀ ਬਲਾਤਕਾਰ ਕੇਸ ਵਿੱਚ 25 ਅਗਸਤ 2017 ਨੂੰ ਉਸ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਤੇ ਕੁਝ ਦਿਨ ਬਾਅਦ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤ ਨੇ ਜਿਸ ਦਿਨ ਉਸ ਨੂੰ ਦੋਸ਼ੀ ਠਹਿਰਾਇਆ, ਉਸ ਦਿਨ ਪੰਚਕੂਲਾ ਵਿੱਚ ਲੱਖਾਂ ਡੇਰਾ ਪ੍ਰੇਮੀਆਂ ਦਾ ਇਕੱਠ ਸੀ ਤੇ ਅਦਾਲਤ ਵਿੱਚ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਪਿੱਛੋਂ ਇਹ ਖਬਰ ਸੁਣ ਕੇ ਡੇਰਾ ਪ੍ਰੇਮੀਆਂ ਵੱਲੋਂ ਕੀਤੀ ਹਿੰਸਾ ਕਾਰਨ ਪੁਲਸ ਨੂੰ ਫਾਇਰਿੰਗ ਕਰਨੀ ਪਈ ਸੀ, ਜਿਸ ਦੌਰਾਨ ਲਗਭਗ 48 ਲੋਕਾਂ ਦੀ ਮੌਤ ਹੋਈ ਸੀ। ਪੰਚਕੂਲਾ ਵਿੱਚ ਦੀ ਹਿੰਸਾ ਨੂੰ ਆਮ ਭੜਕਾਹਟ ਦੀ ਬਜਾਏਸਾਜ਼ਿਸ਼ ਮੰਨਿਆ ਗਿਆ ਸੀ, ਜਿਸ ਵਿੱਚ ਡੇਰਾ



ਸੱਚਾ ਸੌਦਾ ਦੇ ਪ੍ਰਮੁੱਖ ਆਗੂਆਂ ਅਦਿ-ਤਿਆ ਇੰਸਾਂ, ਪਵਨ ਇੰਸਾਂ, ਹਨੀਪ੍ਰੀਤ ਇੰਸਾਂ, ਖੁਦ ਰਾਮ ਰਹੀਮ ਸਿੰਘ, ਗੋਬੀਰਾਮ ਨੂੰ ਮੁੱਖ ਦੋਸ਼ੀ ਮੰਨਿਆ ਗਿਆ ਸੀ। ਇਨ੍ਹਾਂ ਵਿੱਚੋਂ ਹਨੀਪ੍ਰੀਤ ਆਪਣੀ ਗ੍ਰਿਫਤਾਰੀ ਦੇ ਬਾਅਦ ਅੰਬਾਲਾ ਦੀ ਸੈਂਟਰਲ ਜੇਲ ਵਿੱਚ ਬੰਦ ਹੈ।

ਉਸ ਵਕਤ ਪੰਚਕੂਲਾ ਵਿੱਚ ਜਦੋਂ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਤਾਂ ਇਸ ਤੋਂ ਬਾਅਦ ਪੰਚਕੂਲਾ ਵਿੱਚ ਹਿੰਸਾ ਭੜਕ ਗਈ ਸੀ ਤੇ ਸਬੂਤਾਂ ਮੁਤਾ-ਬਕਇਸ ਵਿੱਚ ਵਿਪਾਸਨਾ ਦੀ ਵੱਡੀ ਭੂਮਿਕਾ ਪਤਾ ਨਿਕਲੀ ਸੀ। ਇਸ ਪੂਰੇ ਕੇਸ ਵਿੱਚ ਵਿਪਾਸਨਾ ਨੂੰ ਪੰਚਕੂਲਾ ਵਿੱਚ ਪੁੱਛਗਿੱਛ ਲਈ ਸੱਦ ਕੇਜਦੋਂਉਸਤੋਂ ਹਨੀਪ੍ਰੀਤ ਦੇ ਸਾਹਮਣੇ ਪੁੱਛਗਿੱਛ ਕੀਤੀ ਗਈ ਤਾਂ ਦੋਵਾਂ ਵਿਚਾਲੇ ਕਾਫੀ ਬਹਿਸ ਹੋਈ ਸੀ, ਪਰ ਦੂਸਰੀ ਵਾਰ ਸੱਦਣ ਉੱਤੇ ਵਿਪਾਸਨਾ ਕਿਸੇ ਪਾਸੇ ਖਿਸਕ ਗਈ ਤਾਂ ਪੁਲਸ ਨੇ ਉਸ ਨੂੰ ਮੋਸਟਵਾਂਟੇਡ ਲਿਸਟ ਵਿੱਚ ਪਾ ਦਿੱਤਾ ਸੀ।ਦੋ ਸਾਲ ਬੀਤਣ ਪਿੱਛੋਂ ਵੀ ਪੁਲਸ ਉਸ ਨੂੰਨਹੀਂਲੱਭ ਸਕੀ ਅਤੇ ਫਿਰ ਉਸ ਨੂੰ ਇਸ ਮੋਸਟ ਵਾਂਟਿਡ ਲਿਸਟ ਵਿੱਚੋਂ ਕੱਢ ਦਿੱਤਾ ਗਿਆ ਹੈ।

ਆਦਿਤਿਆ ਇੰਸਾਂ ਬਾਰੇ ਸਿਰਸਾ ਦੇ ਪੁਲਸ ਸੁਪਰਡੈਂਟ ਅਰੁਣ ਨਹਿਰਾ ਦਾ ਕਹਿਣਾ ਹੈ ਕਿ ਇੰਨੇ ਵੱਡੇ ਦੇਸ਼ ਵਿੱਚ ਉਹ ਪਤਾ ਨਹੀਂ ਕਿੱਥੇ ਲੁਕਿਆ ਪਿਆ ਹੈ, ਪਤਾ ਲੱਗ ਗਿਆ ਤਾਂ ਮੀਡੀਆ ਨੂੰ ਦੱਸ ਦੇਵਾਂਗੇ।ਆਦਿਤਿਯ ਨੂੰ 25 ਅਗਸਤ 2017 ਦੀਆਂ ਪੰਚਕੂਲਾ ਅਤੇ ਸਿਰਸਾ ਵਿਚ ਹਿੰਸਾ ਅਤੇ ਅੱਗ ਲਾਉਣ ਦੀਆਂ ਘਟਨਾਵਾਂ ਵਿੱਚ ਦੋਸ਼ੀ ਮੰਨ ਕੇ ਪੰਚਕੂਲਾ ਤੇ ਸਿਰਸਾ ਦੇ ਥਾਣਿਆਂ ਵਿਚ ਕੇਸ ਦਰਜ ਕੀਤੇ ਗਏ ਸਨ। ਡੇਰਾ ਮਾਮਲਿਆਂ ਦੀ ਜਾਂਚ ਕਰਨਵਾਲੀ ਸਪੈਸ਼ਲ ਜਾਂਚ ਟੀਮ ਨੇ ਆਦਿਤਿਯ ਇੰਸਾਂ ਉੱਤੇਪੰਜ ਲੱਖ ਰੁਪਏ ਇਨਾਮ ਵੀ ਰੱਖਿਆ ਸੀ, ਪਰ ਅਜੇ ਤਕ ਉਸ ਦੀ ਕੋਈ ਸੂਹਨਹੀਂਮਿਲ ਸਕੀ। ਇਸ ਬਾਰੇ ਪੁੱਛੇ ਜਾਣ ਉੱਤੇ ਸਿਰਸਾ ਦੇ ਪੁਲਸ ਸੁਪਰਡੈਂਟ ਅਰੁਣ ਨਹਿਰਾ ਦਾ ਕਹਿਣਾ ਹੈ ਕਿ ਇੰਨਾ ਵੱਡਾ ਦੇਸ਼ ਹੈ, ਕਿੱਥੇ ਲੁਕਿਆ ਹੈ, ਕੀ ਪਤਾ ਲੱਗਦਾ ਹੈ? ਜੇ ਫੜਿਆ ਗਿਆ ਤਾਂ ਮੀਡੀਆ ਨੂੰ ਦੱਸ ਦੇਵਾਂਗੇ। ਨਾਲ ਉਨ੍ਹਾਂ ਨੇ ਇਹ ਵੀ ਕਹਿ ਦਿੱਤਾ ਕਿ ਮੀਡੀਆ ਨੂੰ ਪਤਾ ਲੱਗੇ ਤਾਂ ਪੁਲਸ ਨੂੰ ਸੂਚਿਤ ਕਰ ਦਿਓ।

# ਫੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਜੀ: ਬੀਰ ਖਾਲਸਾ ਗਰੁੱਪ ਦੀ ਟੀਮ ਅਮਰੀਕਾ ਦੇ ਪ੍ਰਸਿੱਧ ਟੇਲੈਂਟ ਸ਼ੋਅ ਦੇ ਕੁਆਰਟਰ ਫਾਈਨਲ ਵਿਚ ਹਾਰੀ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਬੀਰ ਖਾਲਸਾ ਦਲ ਪੰਜਾਬ ਦੀ ਟੀਮ ਜਿਸ ਨੇ ਅਮਰੀਕਾ ਦੇ ਪ੍ਰਸਿੱਧ ' ਗੌਟ ਟੇਲੈਂਟ' ਪ੍ਰੋਗਰਾਮ ਵਿਚ ਆਪਣੀ ਅਨੋਖੀ ਕਲਾ ਦੇ ਜੌਹਰ ਵਿਖਾਕੇ ਵਿਸ਼ਵ ਭਰ ਦੇ ਹਜਾਰਾਂ ਪ੍ਰਸੰਸਕਾਂ ਦਾ ਦਿੱਲ ਜਿੱਤਿਆ ਹੈ, ਪਹਿਲੇ ਕੁਆਰਟਰ ਫਾਈਨਲ ਵਿਚ ਹਾਰਕੇ ਬਾਹਰ ਹੋ ਗਈ। ਇਹ ਮੁਕਾਬਲਾ ਲੌਸ ਏਂਜਲਸ ਦੇ ਡੋਲਬੀ ਥੀਏਟਰ ਵਿਚ ਹੋਇਆ। ਬੀਰ ਖਾਲਸਾ ਗਰੁੱਪ ਦੀ ਇਸ ਟੀਮ ਵਿਚ ਜਗਦੀਪ ਸਿੰਘ ਤੇ ਕੰਵਲਜੀਤ ਸਿੰਘ ਸ਼ਾਮਿਲ ਹਨ। ਆਪਣੀ ਕਲਾ ਦੇ ਜੌਹਰ ਵਿਖਾਉਂਦਿਆਂ ਕੰਵਲਜੀਤ ਸਿੰਘ ਕਪੜੇ ਨਾਲ ਆਪਣੀਆਂ ਅੱਖਾਂ ਬੰਨਕੇ ਜਮੀਨ ਉਪਰ ਲੇਟੇ ਹੋਏ ਜਗਦੀਪ ਸਿੰਘ ਦੇ ਮੂੰਹ ਉਪਰ ਪਈ ਤੋਰੀ ਨੂੰ ਤਿੱਖੇ ਹਥਿਆਰ ਨਾਲ ਚੀਰਦਾ ਹੈ। ਬਾਅਦ ਵਿਚ ਉਹ ਉਸ ਦੀ ਛਾਤੀ ਉਪਰ ਰਖੇ ਬਰਫ਼ ਦੇ ਬਲਾਕ ਨੂੰ ਤੋੜਦਾ ਹੈ ਤੇ ਆਖਿਰ ਵਿਚ ਇਕ ਬਹੁਤ ਹੀ ਖਤਰਨਾਕ ਕਲਾ ਦਾ ਪ੍ਰਦਰਸ਼ਨ ਕਰਦਿਆਂ ਜਗਦੀਪ ਸਿੰਘ ਦੇ ਆਸ ਪਾਸੇ ਰਖੇ ਤਰਬੂਜਾਂ ਨੂੰ ਇਕ ਵਡੇ ਹਥੌੜੇ ਨਾਲ ਭੰਨਦਾ ਹੈ। ਇਸ ਸਾਰੇ ਪ੍ਰਦਰਸ਼ਨ ਦੌਰਾਨ ਉਸ ਦੀਆਂ ਅੱਖਾਂ ਬੰਨੀਆਂ ਹੁੰਦੀਆਂ ਹਨ। ਇਸ ਸ਼ੋਅ ਨੂੰ ਜੱਜਾਂ ਨੇ ਬਹੁਤ ਪਸੰਦ ਕੀਤਾ। ਦੋਵਾਂ ਜੱਜਾਂ ਸਿਮਨ ਕੋਵੈਲ ਤੇ ਹੋਵੀ ਮੰਡੇਲ ਨੇ ਇਨਾਂ ਨੌਜਵਾਨਾਂ ਦੀ ਰਜਵੀਂ ਤਾਰੀਫ ਕੀਤੀ ਪਰ ਨਾਲ ਹੀ ਕਿਹਾ ਕਿ ਅਮਰੀਕੀ ਪ੍ਰਸੰਸਕਾਂ ਨੇ ਉਨਾਂ ਦੇ ਹੱਕ ਵਿਚ ਵੋਟ ਨਹੀਂ ਪਾਈ। ਸ਼ੋਅ ਵਿਚੋਂ ਬਾਹਰ ਹੋਣ ਉਪਰੰਤ ਦੋਵਾਂ ਨੌਜਵਾਨਾਂ ਨੇ ਕਿਹਾ ਕਿ ਉਨਾਂ ਨੇ ਆਸ ਨਹੀਂ ਛੱਡੀ ਹੈ, ਉਹ ਆਪਣੀ ਕਲਾ ਨੂੰ ਹੋਰ ਨਿਖਾਰਣਗੇ। ਉਨਾਂ ਨੇ ਪ੍ਰਸੰਸਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੋਰ ਖਤਰਨਾਕ ਕਲਾ ਦੇ ਜੌਹਰ ਵੇਖਣ ਲਈ ਉਹ ਤਿਆਰ ਰਹਿਣ।









**Paramjit Deol** Broker **CELL: 416-993-7378** 7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated

Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**MISSISSAUGA $975** — **Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000** — Photo Not Available — **27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000** — **23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000** — **1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000** — **Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000** — Photo Not Available — **1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000** — Photo Not Available — **77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000** — **17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900** — **7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000** — Photo Not Available — **10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000** — Photo Not Available — **470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000** — **23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000** — **5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000** — **693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000** — **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000** — **32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019




ਸਾਊਥ asian senior club etobicoke ਸ. ਸਾਊਥ ਏਸ਼ੀਅਨ ਸੀਂਨੀਅਰ ਕਲੱਬ ਐਟੋਬੀਕੋਕ ਨੇ ਇਸੇ ਹਫਤੇ ਦੇ ਅਖੀਰ 'ਤੇ ਸਲਾਨਾ ਇਕੱਠ ਕੀਤਾ ਗਿਆ। ਜਿਸ ਵਿਚ ਇਲਾਕੇ ਦੀਆਂ ਸਾਰੀਆਂ ਸੀਨੀਅਰ ਕਲੱਬਾਂ ਦੇ ਮੋਹਤਬਰਾਂ ਨੂੰ ਬੁਲਾਇਆ ਗਿਆ। ਜਿਸ ਵਿਚ ਬਹੁਤ ਸਾਰੀਆਂ ਹਸਤੀਆਂ ਨੂੰ ਸਰਟੀਫਿਕੇਟ ਦਿਤੇ ਗਏ।

# ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਪਿੰਡ ਟਾਂਡੀਵਾਲਾ ਦਾ ਦੌਰਾ

## ਹੜ੍ਹਾਂ ਨਾਲ ਹੋਏ ਨਾਲ ਹੋਏ ਨੁਕਸਾਨ ਦੀ ਰਿਪੋਰਟ 15 ਦਿਨਾਂ 'ਚ ਸੌਂਪਣ ਦੇ ਨਿਰਦੇਸ਼




ਫਿਰੋਜ਼ਪੁਰ, 25 ਅਗਸਤ (ਗਿਆਨ ਸਿੰਘ): ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਐਤਵਾਰ ਸ਼ਾਮ ਨੂੰ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਟਾਂਡੀਵਾਲ ਦਾ ਦੌਰਾ ਕੀਤਾ ਅਤੇ ਨੁਕਸਾਨੇ ਗਏ ਬੰਨ੍ਹ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਚੰਦਰ ਗੈਂਦ ਅਤੇ ਐਸ.ਐਸ.ਪੀ ਵਿਵੇਕ ਐਸ. ਸੋਨੀ ਨਾਲ ਮੋਟਰਬੋਟ 'ਚ ਸਵਾਰ ਹੋ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਪਾਣੀ ਨਾਲ ਨੁਕਸਾਨੇ ਗਏ ਬੰਨ੍ਹ ਦਾ ਨਿਰੀਖਣ ਕੀਤਾ।

ਬੰਨ੍ਹ ਦਾ ਨਿਰੀਖਣ ਕਰਨ ਮਗਰੋਂ ਮੀਡੀਆ ਕਰਮੀਆਂ ਨਾਲ ਗੱਲਬਾਤ ਕਰਦੇ ਹੋਏ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਹੜ੍ਹਾਂ ਨਾਲ ਲੋਕਾਂ ਦਾ ਕਾਫ਼ੀ ਨੁਕਸਾਨ ਹੋਇਆ ਹੋਇਆ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਰਿਪੋਰਟ 15 ਦਿਨਾਂ 'ਚ ਤਿਆਰ ਕਰਕੇ ਸਰਕਾਰ ਨੂੰ ਸੌਂਪਣ ਦੇ ਨਿਰਦੇਸ਼ ਦਿੱਤੇ, ਤਾਂਜੋ ਸਬੰਧਤਾਂ ਨੂੰ ਛੇਤੀ ਤੋਂ ਛੇਤੀ ਮੁਆਵਜਾ ਰਾਸ਼ੀ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨੁਕਸਾਨ ਭਾਵੇਂ ਘਰਾਂ ਦਾ ਹੋਇਆ ਹੈ ਜਾਂ ਫ਼ਸਲਾਂ ਦਾ, ਲੋਕਾਂ ਦੇ ਹੋਏ ਨੁਕਸਾਨ ਪੂਰੀ ਭਰਪਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਦੀ ਵਜ੍ਹਾ ਨਾਲ ਪੈਦਾ ਹੋਈ ਇਸ ਸੰਕਟ ਦੀ ਘੜੀ 'ਚ ਲੋਕਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਕੇਂਦਰ ਸਰਕਾਰ ਤੋਂ ਰਾਹਤ ਪੈਕੇਜ ਦੀ ਮੰਗ ਕਰ ਚੁੱਕੇ ਹਨ ਅਤੇ ਉਹ ਛੇਤੀ ਹੀ ਇਸ ਮੱਦੇ 'ਤੇ ਨਵੀਂ ਦਿੱਲੀ ਵਿਖੇ ਭਾਰਤ ਸਰਕਾਰ ਨਾਲ ਮੁਲਾਕਾਤ ਵੀ ਕਰਨਗੇ।

ਡਿਪਟੀ ਕਮਿਸ਼ਨਰ ਚੰਦਰ ਗੈਂਦ ਵੱਲੋਂ ਉਠਾਏ ਗਏ ਕਦਮਾਂ ਦੀ ਪ੍ਰਸੰਸ਼ਾ ਕਰਦੇ ਹੋਏ ਰਾਣਾ ਸੋਢੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨੇ ਸਾਵਧਾਨੀ ਦੇ ਤੌਰ 'ਤੇ ਫੌਜ ਅਤੇ ਐਨ.ਡੀ.ਆਰ.ਐਫ. ਦੀ ਤਾਇਨਤੀ ਕਰਵਾ ਦਿੱਤੀ ਗਈ ਹੈ। ਉਨ੍ਹਾਂ ਸਮੇਂ ਸਿਰ ਬੰਨ੍ਹ ਦੀ ਮੁਰੰਮਤ ਦੇ ਸ਼ੁਰੂ ਕਰਵਾਏ ਜਾਣ ਤੇ ਬੰਨ੍ਹ ਨੂੰ ਹੋਰ ਟੁੱਟਣ ਤੋਂ ਬਚਾ ਲੈਣ 'ਤੇ ਵੀ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਕੋਈ ਖ਼ਤਰੇ ਵਾਲੀ ਗੱਲ ਨਹੀਂ ਹੈ ਕਿਉਂਕਿ ਪ੍ਰਸਾਸ਼ਨ ਦੀ ਮਸਤੈਦੀ ਨਾਲ ਬੰਨ੍ਹ ਨੂੰ ਸਮੇਂ ਸਿਰ ਮਜ਼ਬੂਤੀ ਪ੍ਰਦਾਨ ਕਰ ਦਿੱਤੀ ਗਈ ਹੈ। ਉਨ੍ਹਾ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸੰਸ਼ਾ ਵੀ ਕੀਤੀ।

ਕੈਬਨਿਟ ਮੰਤਰੀ ਨੇ ਇਸ ਦੌਰਾਨ ਪਿੰਡ ਟਾਂਡੀਵਾਲਾ ਦੇ ਲੋਕਾਂ ਨਾਲ ਮੁਲਾਕਾਤ ਵੀ ਕੀਤੀ। ਉਨ੍ਹਾਂ ਨੇ ਹੜ੍ਹ ਰਾਹਤ ਕਾਰਜਾਂ 'ਚ ਲੱਗੇ ਪਿੰਡ ਵਾਸੀਆਂ ਦੇ ਪੈਟਰੋਲ-ਡੀਜ਼ਲ 'ਤੇ ਹੋਇਆ ਖ਼ਰਚਾ, 15 ਹਜ਼ਾਰ ਰੁਪਏ ਆਪਣੀ ਜੇਬ ਵਿੱਚੋਂ ਦੇ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸਾਸ਼ਨ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਵੱਲੋਂ ਰਾਹਤ ਕਾਰਜਾਂ ਦੌਰਾਨ ਕੀਤੇ ਗਏ ਸਮੁੱਚੇ ਖ਼ਰਚ ਦੀ ਅਦਾਇਗੀ ਵੀ ਕੀਤੀ ਜਾਵੇ।

# ਹੜ੍ਹਾਂ ਕਾਰਨ ਹੋਏ ਨੁਕਸਾਨ ਅਤੇ ਰਾਹਤ ਕਾਰਜਾਂ ਸਬੰਧੀ ਰਿਪੋਰਟ ਸੂਬਾ ਸਰਕਾਰ ਨੂੰ ਰੋਜ਼ਮਰਾ ਦੇ ਆਧਾਰ 'ਤੇ ਸੌਂਪੀ ਜਾਵੇ

ਚੰਡੀਗੜ੍ਹ, 25 ਅਗਸਤ (ਗਿਆਨ ਸਿੰਘ) ਹੜ੍ਹ ਪ੍ਰਭਾਵਿਤ ਖੇਤਰਾਂ ਦੇ ਜ਼ਿਲ੍ਹਾ ਪ੍ਰਸ਼ਾਸਨ ਹੜ੍ਹਾਂ ਵਿੱਚ ਜਾਨ ਅਤੇ ਮਾਲ ਦੇ ਹੋਏ ਨੁਕਸਾਨ ਦਾ ਅਨੁਮਾਨ ਲਗਾਉਣਗੇ ਅਤੇ ਇਸ ਸਬੰਧੀ ਵਿਸਥਾਰਤ ਰਿਪੋਰਟ ਰੋਜ਼ਮਰਾ ਦੇ ਆਧਾਰ 'ਤੇ ਮੁੱਖ ਮੰਤਰੀ ਦਫ਼ਤਰ ਕੋਲ ਜਮ੍ਹਾਂ ਕਰਵਾਉਣਗੇ। ਇਹ ਜਾਣਕਾਰੀ ਪੰਜਾਬ ਸਰਕਾਰ ਦੇ ਇੱਕ ਸਰਕਾਰੀ ਬੁਲਾਰੇ ਨੇ ਇੱਥੇ ਐਤਵਾਰ ਨੂੰ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਮਾਲ ਅਧਿਕਾਰੀਆਂ ਨੂੰ ਵਿਸ਼ੇਸ਼ ਗਿਰਦਾਵਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਹੜ੍ਹਾਂ ਦੌਰਾਨ ਜਾਨ ਅਤੇ ਮਾਲ ਦੇ ਹੋਏ ਨੁਕਸਾਨ ਦੀ ਰਿਪੋਰਟ ਅਤੇ ਰਾਹਤ ਅਤੇ ਮੁੜ ਵਸੇਬਾ ਕਾਰਜਾਂ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਜਾਣਕਾਰੀ ਮੁੱਖ ਮੰਤਰੀ ਦਫ਼ਤਰ ਕੋਲ ਰੋਜ਼ਾਨਾ ਜਮ੍ਹਾਂ ਕਰਵਾਈ ਜਾਵੇਗੀ। ਡਿਪਟਰੀ ਕਮਿਸ਼ਨਰਾਂ ਵੱਲੋਂ ਸਬੰਧਤ ਐਸ.ਡੀ.ਐਮਜ਼, ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸਿਵਲ ਸਰਜਨ, ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ, ਸੁਪਰਇੰਨਟੈਂਡਿੰਗ ਇੰਜਨੀਅਰ, ਪੀ.ਡਬਲਿਊ.ਡੀ. ਐਂਡ ਡਰੇਨੇਜ਼ ਨੂੰ ਅੱਗੇ ਇਹ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਉਹ ਪ੍ਰਭਾਵਿਤ ਪਿੰਡਾਂ, ਨੁਕਸਾਨੇ ਘਰਾਂ, ਜਾਨ ਅਤੇ ਮਾਲ ਸਮੇਤ ਪਸ਼ੂ ਧਨ ਦੇ ਹੋਏ ਨੁਕਸਾਨ, ਬਿਮਾਰੀਆਂ ਦੇ ਫੈਲਾਅ ਬਾਰੇ ਵੇਰਵੇ, ਮੁੜ ਵਸੇਬਾ ਲਈ ਕੀਤੇ ਕਾਰਜਾਂ, ਦਰਿਆਵਾਂ ਦੇ ਪੁਲਾਂ ਅਤੇ ਬੰਨ੍ਹਾਂ ਵਿੱਚ ਪਾੜ ਅਤੇ ਮੌਜੂਦਾ ਸਥਿਤੀ ਆਦਿ ਦੀ ਜਾਣਕਾਰੀ ਸਬੰਧੀ ਡਾਟਾ ਇਕੱਤਰ ਅਤੇ ਪੇਸ਼ ਕਰਨ।

ਇਸ ਸਬੰਧੀ ਲੋੜੀਂਦੇ ਕੰਮਾਂ ਨੂੰ ਧਿਆਨ ਨਾਲ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ ਕਿਉਂਜੋ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਵਿਅਕਤੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਰਾਹਤ ਸਮੱਗਰੀ ਵੰਡਣਾ ਅਤੇ ਗ੍ਰਾਂਟ ਦੇਣਾ ਜ਼ਰੂਰੀ ਕੀਤਾ ਗਿਆ ਹੈ।

# 70 ਸਾਲਾਂ ਦੇ ਸਭ ਤੋਂ ਬੁਰੇ ਦੌਰ ਵਿੱਚੋਂ ਲੰਘਦੀ ਪਈ ਹੈ ਭਾਰਤ ਦੀ ਆਰਥਿਕਤਾ

ਨਵੀਂ ਦਿੱਲੀ, 25 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਨੀਤੀ ਆਯੋਗ (ਜਿਹੜਾ ਪਹਿਲਾਂ ਯੋਜਨਾ ਕਮਿਸ਼ਨ ਹੁੰਦਾ ਸੀ) ਦੇ ਵਾਈਸ ਚੇਅਰਮੈਨ ਰਾਜੀਵ ਕੁਮਾਰ ਨੇ ਅੱਜ ਭਾਰਤ ਦੀ ਆਰਥਕਿਤਾ ਦੇ ਮੌਜੂਦਾ ਹਾਲਾਤ ਬਾਰੇ ਇੱਕ ਵੱਡਾ ਬਿਆਨ ਦੇ ਦਿੱਤਾ ਹੈ। ਉਨ੍ਹਾ ਕਿਹਾ ਕਿ ਅੱਜ ਪੂਰੀ ਮਾਇਕ ਪ੍ਰਣਾਲੀ ਸੰਕਟ ਵਿੱਚ ਹੈ ਅਤੇ ਪਿਛਲੇ ਸੱਤਰ ਸਾਲਾਂ ਵਿੱਚ ਇਸ ਸਥਿਤੀ ਦੇ ਰੂ-ਬ-ਰੂ ਕੋਈ ਵੀ ਨਹੀਂ ਹੋਇਆ। ਰਾਜੀਵ ਕੁਮਾਰ ਨੇ ਕਿਹਾ ਕਿ ਪ੍ਰਾਈਵੇਟ ਸੈਕਟਰ ਵਿੱਚ ਕੋਈ ਵੀ ਕਰਜ਼ਾ ਦੇਣ ਵਾਸਤੇ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਅਤੇ ਜੀ ਐੱਸਟੀ ਤੋਂ ਬਾਅਦ ਨਕਦੀ ਦਾ ਸੰਕਟ ਵਧ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਸਰਕਾਰ ਨੂੰ ਲੀਕ ਤੋਂ ਹਟ ਕੇ ਕਦਮ ਚੁੱਕਣ ਦੀ ਸਲਾਹ ਵੀ ਦਿੱਤੀ।

ਹੀਰੋ ਮਾਈਂਡਮਾਈਨ ਸਮਿਟ ਵਿੱਚ ਬੋਲਦੇ ਹੋਏ ਰਾਜੀਵ ਕੁਮਾਰ ਨੇ ਮੌਜੂਦਾ ਮੰਦੀ ਦੇ ਹਾਲਾਤ ਨੂੰ ਬੇਭਰੋਸਗੀ ਮੰਨ ਕੇ ਕਿਹਾ, 'ਅੱਜ ਕੋਈ ਵੀ ਕਿਸੇ ਉੱਤੇ ਭਰੋਸਾ ਨਹੀਂ ਕਰ ਰਿਹਾ। ਇਹ ਸਿਰਫ਼ ਸਰਕਾਰ ਤੇ ਪ੍ਰਾਈਵੇਟ ਸੈਕਟਰ ਦੀ ਗੱਲ ਨਹੀਂ, ਨਿੱਜੀ ਪੱਧਰ ਉੱਤੇ ਵੀ ਅੱਜ ਕੋਈ ਕਿਸੇ ਨੂੰ ਕਰਜ਼ਾ ਨਹੀਂ ਦੇਣਾ ਚਾਹੁੰਦਾ।' ਉਨ੍ਹਾ ਨੇ ਕਿਹਾ ਕਿ ਨੋਟਬੰਦੀ, ਜੀ ਐੱਸਟੀ ਆਦਿ ਬਾਰੇ ਨਵੇਂ ਕਾਨੂੰਨ ਤੋਂ ਬਾਅਦ ਸਥਿਤੀ ਕਾਫੀ ਬਦਲ ਗਈ ਹੈ, ਪਹਿਲਾਂ ਕਰੀਬ ਪੈਂਤੀ ਫ਼ੀਸਦੀ ਨਕਦੀ ਚੱਲਦੀ ਰਹਿੰਦੀ ਸੀ, ਜਿਸ ਵਿੱਚ ਅੱਜ ਕੱਲ੍ਹ ਕਾਫ਼ੀ ਘਾਟ ਆ ਗਈ ਹੈ, ਹਾਲਾਤ ਕਾਫ਼ੀ ਉਲਝ ਗਏ ਹਨ।

ਇਸ ਮੌਕੇ ਰਾਜੀਵ ਕੁਮਾਰ ਨੇ ਕਿਹਾ ਕਿ ਸਾਲ 2009 ਤੋਂ 2014 ਦੌਰਾਨ ਬਿਨਾਂ ਸੋਚਣ ਤੋਂ ਕਰਜ਼ੇ ਵੰਡਣ ਦੇ ਨਾਲ ਸਾਲ 2014 ਤੋਂ ਬਾਅਦ ਐੱਨ ਪੀਏ ਵਿੱਚ ਵਾਧਾ ਹੋਇਆ। ਉਨ੍ਹਾਂ ਨੇ ਕਿਹਾ ਕਿ ਐੱਨ ਪੀਏ ਵਧਣ ਨਾਲ ਬੈਂਕਾਂ ਦੀ ਨਵਾਂ ਕਰਜ਼ੇ ਦੇਣ ਦੀ ਸਮਰੱਥਾ ਘਟ ਗਈ ਅਤੇ ਇਸ ਵਿੱਚ ਨਾਨ ਬੈਂਕਿੰਗ ਫਾਇਨੈਂਸ ਕੰਪਨੀਜ਼ (ਐੱਨ ਬੀ ਐੱਫ ਸੀ) ਨੇ ਹੋਰ ਵਾਧਾਕੀਤਾ ਹੈ, ਇਸ ਲਈ ਆਰਥਿਕਤਾ ਨੂੰ ਰਫ਼ਤਾਰ ਦੇਣ ਲਈ ਪਿਛਲੇ ਬਜਟ ਵਿੱਚ ਵੀ ਕੁਝ ਖਾਸ ਕਦਮਾਂ ਦਾ ਸਰਕਾਰ ਨੇਐਲਾਨ ਕੀਤਾ ਹੈ। ਕੁਝ ਸਮਾਂ ਬਾਅਦ ਰਾਜੀਵ ਕੁਮਾਰ ਨੇ ਆਪਣੇ ਇਸ ਬਿਆਨ ਦੇ ਬਾਰੇ ਕੁਝ ਸਫਾਈ ਦੇਂਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਸੀ, ਉਸ ਦੀ ਥਾਂ ਉਨ੍ਹਾਂ ਦੇ ਭਾਸ਼ਣ ਨੂੰ ਤੋੜ-ਮਰੋੜ ਕੇ ਛਾਪਿਆ ਗਿਆ ਹੈ।

# ਤਿੰਨ ਤਲਾਕ ਕਾਨੂੰਨ ਉੱਤੇ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 25 ਅਗਸਤ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਦੂਸਰੇ ਕਾਰਜਕਾਲ ਦੌਰਾਨ ਪਾਰਲੀਮੈਂਟ ਦੇ ਪਹਿਲੇ ਸੈਸ਼ਨ ਵਿਚ ਪਾਸ ਕੀਤੇ ਗਏ ਤਿੰਨ ਤਲਾਕ ਵਿਰੋਧੀ ਕਾਨੂੰਨ ਨੂੰ ਅੱਜ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਸੁਪਰੀਮ ਕੋਰਟ ਨੇ ਇਸ ਬਾਰੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਮੁਸਲਿਮ ਭਾਈਚਾਰੇ ਵਿਚ ਤਿੰਨ ਤਲਾਕ ਦੀ ਰਿਵਾਇਤ ਨੂੰ ਸਜ਼ਾ ਵਾਲਾ ਅਪਰਾਧ ਬਣਾਉਣ ਵਾਲੇ ਇਸ ਕਾਨੂੰਨ ਦੀ ਯੋਗਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਉੱਤੇ ਵਿਚਾਰ ਕਰਨ ਲਈ ਅਦਾਲਤ ਸਹਿਮਤ ਹੋ ਗਈ ਹੈ।ਇਸ ਕਾਨੂੰਨ ਦੇ ਵਿਰੁੱਧ ਤਿੰਨ ਵੱਖ-ਵੱਖ ਪਟੀਸ਼ਨਾਂ ਦਾਇਰ ਹੋਈਆਂ ਹਨ। ਅੱਜ ਸ਼ੁਕਰਵਾਰ ਨੂੰ ਜਸਟਿਸ ਐਨਵੀ ਰਾਮੰਨਾ ਦੀ ਅਦਾਲਤ ਨੇ ਤਿੰਨਾਂ ਪਟੀਸ਼ਨਾਂ ਉੱਤੇ ਸੁਣਵਾਈ ਤੋਂ ਬਾਅਦ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ, ਜਿਸ ਵਿਚ 'ਦ ਮੁਸਲਿਮ ਵਿਮੈਨ ਐਕਟ 2019' ਦੀ ਸੰਵਿਧਾਨਿਕ ਯੋਗਤਾ ਨੂੰ ਚੁਣੌਤੀ ਦਿੱਤੀ ਗਈ ਸੀ, ਜਿਹੜਾ ਤੁਰੰਤ ਟ੍ਰਿਪਲ ਤਲਾਕ ਬੋਲਣ ਨੂੰ ਅਪਰਾਧ ਮੰਨਦਾ ਹੈ। ਅਦਾਲਤ ਨੇ ਸੀਨੀਅਰ ਵਕੀਲ ਸਲਮਾਨ ਖੁਰਸ਼ੀਦ ਨੂੰ ਕਿਹਾ ਕਿ ਉਹ ਇਸ ਦੀ ਜਾਂਚ ਕਰਨਗੇ। ਇਸ ਤੋਂ ਪਹਿਲਾਂ ਸਲਮਾਨ ਖੁਰਸ਼ੀਦ ਨੇ ਬੈਂਚ ਨੂੰ ਦਸਿਆ ਕਿ ਇਸ ਰਿਵਾਇਤ ਨੂੰ ਸਜ਼ਾ ਯੋਗ ਅਪਰਾਧ ਬਣਾਉਣ ਤੇ ਤਿੰਨ ਸਾਲ ਦੀ ਜੇਲ੍ਹ ਦੀ ਸਜ਼ਾ ਦੇ ਕਈ ਪੈਮਾਨੇ ਹਨ, ਜਿਸ ਦੀ ਕੋਰਟ ਵੱਲੋਂ ਜਾਂਚ ਕੀਤੀ ਜਾਣੀ ਚਾਹੀਦੀ ਸੀ।

# ਹੜ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਕੀਤੀ ਰਵਾਨਾ

ਸੁਲਤਾਨਪੁਰ ਲੋਧੀ (ਕਪੂਰਥਲਾ), 25 ਅਗਸਤ (ਗਿਆਨ ਸਿੰਘ): ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਪੂਰਥਲਾ ਜ਼ਿਲੇ ਵਿਚ ਹੜ ਪ੍ਰਭਾਵਿਤ ਖੇਤਰਾਂ ਦੀ ਦੇਖ-ਰੇਖ ਲਈ ਲਗਾਏ ਗਏ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਜ਼ਿਲੇ ਦੇ ਹੜ ਪ੍ਰਭਾਵਿਤ ਪਿੰਡਾਂ ਲਈ ਰਾਹਤ ਸਮੱਗਰੀ ਰਵਾਨਾ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਇੰਜ: ਡੀ. ਪੀ. ਐਸ ਖਰਬੰਦਾ ਉਨਾਂ



ਦੇ ਨਾਲ ਸਨ। ਇਸ ਮੌਕੇ ਕਾਂਗੜ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸੁਲਤਾਨਪੁਰ ਲੋਧੀ ਦੇ ਹੜ ਪ੍ਰਭਾਵਿਤ 23 ਪਿੰਡਾਂ ਲਈ ਵੱਖ-ਵੱਖ ਟੀਮਾਂ ਦਾ ਗਠਨ ਕਰਕੇ ਉਨਾਂ ਨੂੰ ਸਬੰਧਤ ਪਿੰਡਾਂ ਵਿਚ ਤਾਇਨਾਤ ਕੀਤਾ ਗਿਆ ਹੈ, ਜੋ ਕਿ ਇਨਾਂ ਪਿੰਡਾਂ ਦੇ ਲੋਕਾਂ ਨੂੰ ਮੈਡੀਕਲ, ਵੈਟਰਨਰੀ ਅਤੇ ਖੁਰਾਕ ਸਪਲਾਈ ਦੀਆਂ ਸਹੂਲਤਾਂ ਲਗਾਤਾਰ ਮੁਹੱਈਆ ਕਰਵਾਉਣਗੀਆਂ। ਉਨਾਂ ਦੱਸਿਆ ਕਿ ਰਾਹਤ ਸਮੱਗਰੀ ਵਿਚ ਆਟਾ, ਸੁੱਕਾ ਦੁੱਧ, ਦਾਲਾਂ, ਮਾਚਿਸਾਂ, ਖੰਡ, ਚਾਹ ਪੱਤੀ, ਰਿਫਾਈਂਡ ਆਇਲ, ਸਾਬਣ, ਆਲੂ, ਪਿਆਜ਼, ਨਮਕ, ਕਛੂਆ ਛਾਪ ਅਗਰਬੱਤੀ, ਪਾਣੀ ਅਤੇ ਕੈਟਲ ਫੀਡ ਆਦਿ ਭੇਜੀਆਂ ਜਾ ਰਹੀਆਂ ਹਨ। ਉਨਾਂ ਦੱਸਿਆ ਕਿ ਰਾਹਤ ਸਮੱਗਰੀ ਦੇ ਕਰੀਬ 2 ਹਜ਼ਾਰ ਪੈਕੇਟ ਤਕਸੀਮ ਕੀਤੇ ਜਾ ਰਹੇ ਹਨ ਅਤੇ ਲੋੜ ਅਨੁਸਾਰ ਹੋਰ ਵੀ ਕੀਤੇ ਜਾਣਗੇ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰਾਂ ਦੀ ਘਬਰਾਹਟ ਵਿਚ ਨਾ ਆਉਣ, ਕਿਉਂਕਿ ਪੰਜਾਬ ਸਰਕਾਰ ਅਤੇ ਸਮੁੱਚਾ ਪ੍ਰਸ਼ਾਸਨ ਸੰਕਟ ਦੀ ਇਸ ਘੜੀ ਵਿਚ ਉਨਾਂ ਦੇ ਨਾਲ ਖੜਾ ਹੈ ਅਤੇ ਉਨਾਂ ਦੀ ਸਹਾਇਤਾ ਲਈ ਵਚਨਬੱਧ ਹੈ।


ਇਸ ਮੌਕੇ ਐਸ. ਐਸ. ਪੀ ਸਤਿੰ-ਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਤਾਰ ਸਿੰਘ ਭੁੱਲਰ, ਐਸ. ਡੀ. ਐਮ ਸੁਲਤਾਨਪੁਰ ਲੋਧੀ ਨਵਨੀਤ ਕੌਰ ਬੱਲ, ਐਸ. ਡੀ. ਐਮ ਕਪੂਰਥਲਾ ਸ੍ਰੀ ਵਰਿੰਦਰ ਪਾਲ ਸਿੰਘ ਬਾਜਵਾ, ਡੀ. ਐਸ. ਪੀ ਡਾ. ਮੁਕੇਸ਼, ਤਹਿਸੀਲਦਾਰ ਸੀਮਾ ਸਿੰਘ, ਡੀ. ਡੀ. ਪੀ. ਓ ਹਰਜਿੰਦਰ ਸਿੰਘ ਸੰਧੂ, ਬੀ. ਡੀ. ਪੀ. ਓ ਸੁਲਤਾਨਪੁਰ ਲੋਧੀ ਗੁਰਪ੍ਰਤਾਪ ਸਿੰਘ ਗਿੱਲ, ਡੀ. ਐਫ. ਐਸ. ਸੀ ਸਰਤਾਜ ਸਿੰਘ, ਸਹਾਇਕ ਡਾਇਰੈਕਟਰ ਪਸ਼ੂ ਪਾਲਣ ਡਾ. ਦਵਿੰਦਰ ਆਨੰਦ ਅਤੇ ਹੋਰ ਹਾਜ਼ਰ ਸਨ।









# ਬਰੈਂਪਟਨ ਦੇ ਕੰਜ਼ਰਵੇਟਿਵ ਉਮੀਦਵਾਰਾਂ ਨੇ ਕੀਤੇ ਆਪਣੇ ਦਫਤਰਾਂ ਦੇ ਉਦਘਾਟਨ







...ਪੰਨਾ 1 ਦਾ ਬਾਕੀ

ਯਾਦ ਰਹੇ ਕਿ ਅਰਪਨ ਖੰਨਾ ਹਾਰਪਰ ਦੀ ਟੀਮ ਤੇ ਫੇਰ ਜੇਸਨ ਕੈਨੀ ਦੀ ਟੀਮ ਨਾਲ ਅਹਿਮ ਰੋਲ ਨਿਭਾ ਚੁੱਕਿਆ ਹੈ। ਪ੍ਰੋਵੈਂਸ਼ੀਅਲ ਪੱਧਰ ਉਤੇ ਵੀ ਪੀਸੀ ਪਾਰਟੀ ਵਿਚ ਅਰਪਨ ਖੰਨਾ ਦਾ ਅਹਿਮ ਰੋਲ ਰਿਹਾ ਹੈ। ਬਚਪਨ ਤੋਂ ਹੀ ਅਰਪਨ ਖੰਨਾ ਕੰਜ਼ਰਵੇਟਿਵ ਪਾਰਟੀ ਨਾਲ ਬਤੌਰ ਵਲੰਟੀਅਰ ਕੰਮ ਕਰਦਾ ਰਿਹਾ ਹੈ। ਇਸੇ ਤਰ੍ਹਾਂ ਹੀ ਪਰਮ ਗਿੱਲ ਨੇ ਅਰਪਨ ਖੰਨਾ ਦੀ ਸ਼ਲਾਘਾ ਕੀਤੀ। ਪਰਮ ਗਿੱਲ ਜਦੋਂ ਮੈਂਬਰ ਪਾਰਲੀਮੈਂਟ ਸਨ, ਉਦੋਂ ਅਰਪਨ ਖੰਨਾ ਪ੍ਰਧਾਨ ਮੰਤਰੀ ਹਾਰਪਰ ਦੇ ਦਫਤਰ ਵਿਚ ਆਊਟਰੀਚ ਟੀਮ ਦਾ ਅਹਿਮ ਹਿੱਸਾ ਸਨ। ਸੈਨੀਟੇਰ ਸਲਮਾ ਅੱਤਾ ਉਲਾ ਜਾਨ, ਮਿਨਿਸਟਰ ਪੀਟਰ ਬੈਥਹੈਨਲਵੀ ਤੇ ਓਂਟਾਰੀਓ ਦੇ ਫਾਈਨਾਂਸ ਮਿਨਿਸਟਰ ਰੌਡ ਫਿਲਿਪ ਸਮੇਤ ਐਮਪੀਪੀ ਅਮਰਜੋਤ ਸੰਧੂ ਨੇ ਆਏ ਹੋਏ ਲੋਕਾਂ ਨੂੰ ਹਰ ਪੱਖੋ ਅਰਪਨ ਖੰਨਾ ਦੀ ਹਿਮਾਇਤ ਕਰਨ ਲਈ ਉਤਸ਼ਾਹਿਤ ਕੀਤਾ। ਅਰਪਨ ਖੰਨਾ ਨੇ ਸਟੇਜ ਤੋਂ ਬੋਲਦਿਆਂ ਕਈ ਮੁੱਦਿਆਂ ਉਤੇ ਰੌਸ਼ਨੀ ਪਾਈ। ਇਸ ਵਿਚ ਕੋਈ ਸ਼ੱਕ ਨਹੀ ਕਿ ਹਰ ਆਏ ਸਿਆਸੀ ਤੌਰ ਉਤੇ ਹਰਕਤ ਕਰਤਾਵਾਂ ਨੇ ਅਰਪਨ ਖੰਨਾ ਦੀ ਸਪੀਚ ਦੀ ਸ਼ਲਾਘਾ ਕੀਤੀ। ਅਰਪਨ ਖੰਨਾ ਨੇ ਆਪਣੇ ਭਾਸ਼ਣ ਰਾਹੀਂ ਆਪਣੇ ਇਕ ਚੰਗੇ ਵਕਤਾ ਤੇ ਮੁਦਿਆਂ ਉਤੇ ਚੰਗੀ ਪਕੜ ਰੱਖਣ ਦਾ ਸਬੂਤ ਦਿੱਤਾ।

ਇਸੇ ਤਰ੍ਹਾਂ ਹੀ ਬਰੈਂਪਟਨ ਸਾਊਥ ਤੋਂ ਕੈਨੇਡੀ ਤੇ ਸਟੀਲ ਕੇ ਏਰੀਆ ਵਿਚ ਰਮਨ ਬਰਾੜ ਵਲੋਂ ਆਪਣੇ ਕੰਪੇਨ ਦਾ ਜਿਥੇ ਆਫੀਸ਼ੀਅਲ ਲਾਂਚ ਕੀਤਾ ਗਿਆ, ਉਥੇ ਹੀ ਆਪਣੇ ਦਫਤਰ ਦਾ ਲਾਂਚ ਕੀਤਾ ਗਿਆ। ਰਮਨ ਬਰਾੜ ਦੇ ਇਸ ਕੰਪੇਨ ਲਾਂਚ ਮੌਕੇ ਬਰੈਂਪਟਨ ਸਾਊਥ ਦੇ ਲੋਕਾਂ ਵਲੋਂ ਵੱਡੀ ਗਿਣਤੀ ਵਿਚ ਹਾਜਰੀ ਲਗਵਾਈ ਗਈ ਤੇ ਇਸੇ ਤਰ੍ਹਾਂ ਹੀ ਅਰਪਨ ਖੰਨਾ ਦੇ ਕੰਪੇਨ ਵਾਲੇ ਸਾਰੇ ਮਿਨਿਸਟਰਾਂ ਨੇ ਆ ਕੇ ਰਮਨ ਬਰਾੜ ਦੇ ਵਲੰਟੀਅਰਜ਼ ਨੂੰ ਵੀ ਉਤਸ਼ਾਹਿਤ ਕੀਤਾ। ਇਸ ਮੌਕੇ ਬਰੈਂਪਟਨ ਵੈਸਟ ਤੋਂ ਮੁਰਾਰੀ ਲਾਲ, ਥਾਪੜੀ ਲਾਲ, ਬਰੈਪਟਨ ਸੈਂਟਰਲ ਤੋਂ ਪਵਨਦੀਪ ਗੋਸਲ, ਈਟੋਬੀਕੋਕ ਨਾਰਥ ਤੋਂ ਸਰਬਜੀਤ ਕੌਰ ਅਤੇ ਬਰੈਂਪਟਨ ਨਾਰਥ ਤੋਂ ਅਰਪਨ ਖੰਨਾ ਨੇ ਵੀ ਹਾਜਰੀ ਲਗਵਾਈ। ਇਸੇ ਤਰ੍ਹਾਂ ਹੀ ਬੀਤੇ ਸ਼ਨਿਚਰਵਾਰ ਰਮਾਨਾ ਸਿੰਘ ਵਲੋਂ ਪੋਵੇਡ ਤੇ ਗੋਰ ਰੋਡ ਨੁਕਰ ਉਤੇ ਪਲਾਜ਼ਾ ਵਿਚ ਆਪਣੇ ਆਫੀਸ਼ੀਅਲ ਕੰਪੇਨ ਦਾ ਲਾਂਚ ਕੀਤਾ ਗਿਆ, ਜਿਥੇ ਵੱਡੀ ਗਿਣਤੀ ਵਿਚ ਬਰੈਂਪਟਨ ਈਸਟ ਦੇ ਲੋਕਾਂ ਨੇ ਹਾਜਰੀ ਲਗਵਾਈ।

## ਹਲਕਾ ਕੂੰਮ ਕਲਾਂ ਦੀ ਸਾਲਾਨਾ ਪਿਕਨਿਕ 31 ਅਗਸਤ ਨੂੰ

ਹਲਕਾ ਕੂੰਮ ਕਲਾਂ ਦੇ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕੇ ਇਸ ਸਾਲ ਦੀ ਸਾਲਾਨਾ ਪਿਕਨਿਕ 31 ਅਗਸਤ ਦਿਨ ਸ਼ਨਿਚਰਵਾਰ ਨੂੰ Meadowvale Park ਮਿਸੀਸਾਗਾ (near Old Derry rd and Mavis rd intersection) ਵਿਖੇ 11 ਵਜੇ ਤੋਂ ਸ਼ਾਮ 7 ਵਜੇ ਤਕ ਮਨਾਈ ਜਾਵੇਗੀ। ਜਿਸ ਵਿਚ ਮਨੋਰੰਜਨ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ, Talent Show ਅਤੇ ਹੋਰ ਖੇਡਾਂ Tug of war ladies and men, Musical chair, Volleyball ਲੇਡੀਜ਼ ਦਾ ਗਿੱਧਾ ਕਰਵਾਇਆ ਜਾਵੇਗਾ। ਸਵੇਰ ਤੋਂ ਸ਼ਾਮ ਤਕ Snacks and BBQ, ਗੋਲ ਗੱਪੇ, ਸ਼ਾਮ ਦੀ ਰੋਟੀ Vege and non Vege, ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਬੱਚਿਆਂ ਦੀਆਂ ਦੌੜਾਂ ਸਹੀ 2.00 ਵਜੇ ਸ਼ੁਰੂ ਕਰਵਾ ਦਿਤੀਆਂ ਜਾਣਗੀਆਂ। ਲੇਟ ਆਏ ਬੱਚੇ ਭਾਗ ਨਹੀਂ ਲੈ ਸਕਣਗੇ। ਜੇਤੂ ਬੱਚਿਆਂ ਨੂੰ ਟਰਾਫੀਆਂ ਤੇ ਮੈਡਲ ਦਿਤੇ ਜਾਣਗੇ। ਪ੍ਰਬੰਧਕਾਂ ਵਲੋਂ ਬੇਨਤੀ ਹੈ ਕਿ ਇਹ ਸਿਰਫ ਪ੍ਰਵਾਰਿਕ ਹੈ ਇਸ ਲਈ ਪਿਕਨਿਕ ਵਿਚ ਸਿਰਫ ਤੇ ਸਿਰਫ ਪਰਿਵਾਰਾਂ ਸਮੇਤ ਹੀ ਸ਼ਾਮਲ ਹੋਇਆ ਜਾਵੇ ਜੀ। ਹੋਰ ਜਾਣਕਾਰੀ ਲਈ ਸ ਗੁਰਵੀਰ ਗਰੇਵਾਲ 416 822 4580 ਅਮ੍ਰਿਤਪਾਲ ਸਿੰਘ ਗਰੇਵਾਲ( ਮਿੱਠੂ)+1 647 524 3676, ਸ ਕਰਨਵੀਰ ਢਿਲੋਂ ਬਲੀਏਵਾਲ 647 856 1543, ਸ ਸਤਿੰਦਰ ਸਿੰਘ ਮਾਂਗਟ, 416 904 1250 ਸ ਹਰਵਿੰਦਰ ਸਿੰਘ ਗਿੱਲ ( ਸੋਹਣੀ ) 416 4576809, ਪੱਪੀ ਗਰੇਵਾਲ 647 280 1081 ਸ .ਨਵਦੀਪ ਖੇੜਾ & ਪ੍ਰਦੀਪ ਖੇੜਾ 647 459 9065, ਜੱਸੀ ਗਰੇਵਾਲ 416 828 4215 ਤੇ ਸੰਪਰਕ ਕੀਤਾ ਜਾ ਸਕਦਾ ਹੈ।। For GPS address put a home number that is very close to park 7207 second line west missisauga.

## ਗੰਨ ਵਾਇਲੰਸ ਰੋਕਣ ਲਈ ਨਵੇਂ ਸੀਸੀਟੀਵੀ ਕੈਮਰੇ ਲਾਉਣ ਵਾਸਤੇ ਪ੍ਰੋਵਿੰਸ ਵੱਲੋਂ ਫੰਡਾਂ ਦਾ ਐਲਾਨ

...ਪੰਨਾ 1 ਦਾ ਬਾਕੀ

ਉਨ੍ਹਾਂ ਅੱਗੇ ਆਖਿਆ ਕਿ ਇਸ ਨਿਵੇਸ਼ ਨਾਲ ਟੋਰਾਂਟੋ ਪੁਲਿਸ ਸਰਵਿਸ ਨੂੰ ਟੋਰਾਂਟੋ ਵਿੱਚ ਗੰਨ ਤੇ ਗੈਂਗ ਹਿੰਸਾ ਨਾਲ ਨਜਿੱਠਣ ਲਈ ਲੋੜੀਂਦੇ ਸੰਦ ਮਿਲ ਜਾਣਗੇ ਤੇ ਇਨ੍ਹਾਂ ਨਾਲ ਉਹ ਹਿੰਸਕ ਮੁਜਰਮਾਂ ਨੂੰ ਸਲਾਖਾਂ ਪਿੱਛੇ ਆਸਾਨੀ ਨਾਲ ਡੱਕ ਸਕਣਗੇ। ਫੋਰਡ ਨੇ ਆਖਿਆ ਕਿ ਉਹ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਮੇਅਰ ਟੋਰੀ, ਚੀਫ ਸਾਂਡਰਜ਼ ਤੇ ਹੋਰਨਾਂ ਪੁਲਿਸ ਅਧਿਕਾਰੀਆਂ ਦਾ ਤਹੇ ਦਿਲੋਂ ਸ਼ੁਕਰੀਆ ਅਦਾ ਕਰਨਾ ਚਾਹੁੰਦੇ ਹਨ। ਟੋਰਾਂਟੋ ਵਿੱਚ ਗੰਨਜ਼ ਤੇ ਗੈਂਗਜ਼ ਨਾਲ ਨਜਿੱਠਣ ਲਈ ਓਨਟਾਰੀਓ ਪਿਛਲੇ ਚਾਰ ਸਾਲਾਂ ਤੋਂ 28 ਮਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰ ਚੁੱਕਿਆ ਹੈ। ਪਿਛਲੇ ਚਾਰ ਸਾਲਾਂ ਵਿੱਚ ਟੋਰਾਂਟੋ ਵਿੱਚ 28 ਮਿਲੀਅਨ ਦੇ ਨਿਵੇਸ਼ ਤੋਂ ਇਲਾਵਾ ਓਨਟਾਰੀਓ ਸਰਕਾਰ ਨੇ ਪ੍ਰੋਵਿੰਸ ਪੱਧਰ ਉੱਤੇ ਗੰਨ ਕ੍ਰਾਈਮ ਨਾਲ ਨਜਿੱਠਣ ਤੇ ਗੈਂਗਜ਼ ਨੂੰ ਨਕਾਰਾ ਕਰਨ ਲਈ ਪ੍ਰੋਵਿੰਸ ਪੱਧਰੀ ਰਣਨੀਤੀ ਵੀ ਲਾਂਚ ਕੀਤੀ ਹੈ। ਇਸ ਤੋਂ ਇਲਾਵਾ ਸਰਕਾਰ ਪੁਲਿਸ ਅਧਿਕਾਰੀਆਂ ਤੇ ਕਮਿਊਨਿਟੀਜ਼ ਦਰਮਿਆਨ ਸਬੰਧ ਮਜ਼ਬੂਤ ਕਰਨ ਲਈ ਵੀ ਵਚਨਬੱਧ ਹੈ। ਇਸੇ ਲਈ ਓਨਟਾਰੀਓ ਨੇ ਕਾਂਪਰੀਹੈਂਸਿਵ ਓਨਟਾਰੀਓ ਪੁਲਿਸ ਸਰਵਿਸਿਜ਼ ਐਕਟ, 2019 ਪਾਸ ਕੀਤਾ ਹੈ ਤਾਂ ਕਿ ਪ੍ਰੋਵਿੰਸ ਦੇ ਇਸ ਟੁੱਟੇ ਹੋਏ ਪੁਲਿਸ ਕਾਨੂੰਨ ਨੂੰ ਠੀਕ ਕੀਤਾ ਜਾ ਸਕੇ।

ਇਸ ਦੌਰਾਨ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਸੀਸੀਟੀਵੀ ਕੈਮਰੇ ਸ਼ਹਿਰ ਵਿੱਚੋਂ ਗੰਨ ਤੇ ਗੈਂਗਜ਼ ਦਾ ਸਫਾਇਆ ਕਰਨ ਲਈ ਸਿੱਧੇ ਤੌਰ ਉੱਤੇ ਟੋਰਾਂਟੋ ਪੁਲਿਸ ਦੀ ਮਦਦ ਕਰਨਗੇ। ਉਨ੍ਹਾਂ ਇਸ ਮਕਸਦ ਲਈ ਕੀਤੇ ਜਾ ਰਹੇ ਨਿਵੇਸ਼ ਵਾਸਤੇ ਪ੍ਰੋਵਿੰਸ ਦਾ ਸ਼ੁਕਰੀਆ ਵੀ ਅਦਾ ਕੀਤਾ।

# ਪੰਜਾਬ ਕਾਂਗਰਸ ਅਤੇ ਸਰਕਾਰ ਵਿਚ ਸਭ ਅੱਛਾ ਨਹੀਂ

ਸ਼ੰਗਾਰਾ ਸਿੰਘ ਭੁੱਲਰ
98141-22870

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਕੁਝ ਖਾਸੋ-ਖਾਸ ਮੰਤਰੀ, ਵਿਧਾਇਕ ਅਤੇ ਹੋਰ ਨੇਤਾ ਭਾਵੇਂ ਜਿੰਨਾ ਮਰਜ਼ੀ ਹਿੱਕ ਠੋਕ ਕੇ ਇਹ ਦਾਅਵਾ ਕਰਨ ਕਿ ਪੰਜਾਬ ਕਾਂਗਰਸ ਅਤੇ ਸਰਕਾਰ ਦੋਹਾਂ ਵਿਚ ਸਭ ਅੱਛਾ ਹੈ, ਹਕੀਕਤ ਐਨ ਇਸ ਦੇ ਉਲਟ ਹੈ। ਇਸ ਅੰਦਰੂਨੀ ਅਤੇ ਬਾਹਰਲੀ ਉੱਥਲ ਪੁੱਥਲ ਦੀ ਤਾਜ਼ਾ ਮਿਸਾਲ ਇਹ ਹੈ ਕਿ ਦੋ ਅਗੱਸਤ ਨੂੰ ਪੰਜਾਬ ਵਿਧਾਨ ਸਭਾ ਦੇ ਬਰਸਾਤ ਰੁੱਤ ਦਾ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਜ਼ੀਰਾਂ ਸਣੇ ਕਈ ਨੇਤਾਵਾਂ ਨੇ ਕੁਝ ਮਸਲਿਆਂ ਤੇ ਪੁੱਛਗਿਛ ਨਾ ਹੋਣ ਕਾਰਨ ਆਪਣੀ ਸੁੱਘ ਬੁਘਾਟ ਨਸ਼ਰ ਕੀਤੀ। ਫਲਸਰੂਪ ਮੁੱਖ ਮੰਤਰੀ ਨੂੰ ਇਕ ਮੀਟਿੰਗ ਵਿਚ ਸਭ ਨੂੰ ਪਿੱਠਾਂ ਤੇ ਹੱਥ ਰੱਖ ਕੇ ਪਲੋਸਣਾ ਪਿਆ। ਗੱਲ ਫਿਰ ਵੀ ਨਹੀਂ ਸੀ ਬਣੀ। ਜਿਵੇਂ ਗਿੱਲਾ ਗੋਹਾ ਧੁੱਖਦਾ ਹੈ ਇਹ ਹਾਲਤ ਇਵੇਂ ਹੀ ਜਾਰੀ ਰਹੀ ਅਤੇ ਮੁੱਖ ਮੰਤਰੀ ਨੂੰ ਸੈਸ਼ਨ ਦੀ ਸਮਾਪਤੀ ਪਿੱਛੋਂ ਸਭ ਵਜ਼ੀਰਾਂ ਅਤੇ ਵਿਧਾਇਕਾਂ ਨੂੰ ਰਾਤ ਦੇ ਖਾਣੇ ’ਤੇ ਬੁਲਾ ਕੇ ਭਵਿੱਖ ਵਿਚ ਸਾਰਾ ਕੁਝ ਠੀਕ ਹੋਣ ਦਾ ਵਿਸ਼ਵਾਸ ਦਿਵਾਇਆ ਗਿਆ। ਦੱਸਿਆ ਜਾਂਦਾ ਹੈ ਅਤੇ ਰਿਪੋਰਟਾਂ ਵੀ ਗਵਾਹ ਹਨ ਕਿ ਇਨ੍ਹਾਂ ਦੋਹਾਂ ਮੀਟਿੰਗਾਂ ਵਿਚ ਤਕਰੀਬਨ ਬਹੁਤੇ ਖੁੱਲ੍ਹੇ ਕੇ ਬੋਲੇ। ਮੂਲ ਮੁੱਦਾ ਇਹ ਸੀ ਕਿ ਵਿਧਾਇਕਾਂ ਦੀ ਮੰਤਰੀ ਅਤੇ ਅਫ਼ਸਰਸ਼ਾਹੀ ਨਹੀਂ ਸੁਣਦੀ ਅਤੇ ਅੱਗੋਂ ਮੰਤਰੀਆਂ ਦੀ ਮੁੱਖ ਮਤਰੀ ਨਹੀਂ ਸੁਣਦੇ। ਕੁਲ ਮਿਲਾ ਕੇ ਸ਼ੁਰੂ ਤੋਂ ਹੀ ਅਫ਼ਸਰਸ਼ਾਹੀ ਭਾਰੀ ਹੈ ਜੋ ਅੱਜ ਵੀ ਹੈ। ਮੁੱਖ ਮੰਤਰੀ ਭਲੇ ਹੀ ਵਜ਼ੀਰਾਂ ਅਤੇ ਵਿਧਾਇਕਾਂ ਨੂੰ ਨਮਕ ਖੁਆ ਕੇ ਤਸੱਲੀ ਮਹਿਸੂਸ ਕਰਦੇ ਹੋਣ, ਸਹੀ ਅਰਥਾਂ ਵਿਚ ਇਹ ਗੱਲ ਅਜੇ ਵੀ ਨਹੀਂ। ਹੁਣ ਵੀ ਪਾਰਟੀ ਅਤੇ ਸਰਕਾਰ ਦੋਹਾਂ ਵਿਚ ਬੁਖਲਾਹਟ ਜਾਰੀ ਹੈ ਅਤੇ ਇਸ ਦਾ ਇਕ ਕੇਂਦਰੀ ਨੁਕਤਾ ਕੁਝ ਮੰਤਰੀਆਂ ਅਤੇ ਵਿਧਾਇਕਾਂ ਵਲੋਂ ਬਾਦਲਾਂ ਵਿਰੁਧ ਢਾਈ ਪੌਣੇ ਤਿੰਨ ਸਾਲ ਤੋਂ ਬਾਅਦ ਵੀ ਕੋਈ ਐਕਸ਼ਨ ਨਾ ਲੈਣਾ ਹੈ, ਸਗੋਂ ਪਹਿਲਾਂ ਬੇਅਦਬੀ ਕਾਂਡ ਵਿਰੁਧ ਜਸਟਿਸ ਰਣਜੀਤ ਸਿੰਘ ਰਿਪੋਰਟ ਅਤੇ ਪਿਛੋਂ ਫਿਰ ਐਸ.ਟੀ.ਐਫ਼. ਦੀ ਸਥਾਪਨਾ ਕਰਕੇ ਬੁੱਤਾ ਸਾਰਿਆ ਜਾ ਰਿਹਾ ਹੈ। ਦੂਜੇ ਪਾਸਿਓਂ ਸੁਖਬੀਰ ਬਾਦਲ ਐਲੀ ਐਲੀ ਕਰਕੇ ਕੈਪਟਨ ਸਰਕਾਰ ਨੂੰ ਸਿੱਧਾ ਵੰਗਾਰ ਰਿਹਾ ਹੈ ਕਿ ਉਨ੍ਹਾਂ ਨੂੰ ਕੋਈ ਹੱਥ ਪਾ ਕੇ ਦਿਖਾਏ!

ਹੁਣ ਇਹ ਸਾਰਾ ਕੁਝ ਹੋ ਵੀ ਉਦੋਂ ਰਿਹਾ ਹੈ ਜਦੋਂ ਕੈਪਟਨ ਸਰਕਾਰ ਦੇ ਹੋਂਦ ਵਿਚ ਆਉਣ ਵਾਲੇ ਸਮੇਂ ਪੰਜਾਬ ਦੇ ਬਹੁਤ ਸਾਰੇ ਵਿਧਾਇਕ ਅਤੇ ਕੁਝ ਮੰਤਰੀਆਂ ਦਾ ਮੂਲ ਏਜੰਡਾ ਹੀ ਇਹ ਸੀ ਕਿ ਬਾਦਲਾਂ ਨੂੰ ਬੇਅਦਬੀ ਕਾਂਡ ਅਤੇ ਕਈ ਹੋਰ ਕਾਰਨਾਮਿਆਂ ਕਰਕੇ ਜੇਲ੍ਹ ਵਿਚ ਸੁੱਟਿਆ ਜਾਵੇ। ਇਨ੍ਹਾਂ ਵਜ਼ੀਰਾਂ ਵਿਚ ਨਵਜੋਤ ਸਿੰਘ ਸਿੱਧੂ ਪ੍ਰਮੁੱਖ ਸੀ। ਉਸ ਦੀ ਬਾਦਲਾਂ ਵਿਰੁਧ ਇਹ ਬਿਆਨਬਾਜ਼ੀ ਕੋਈ ਨਵੀਂ ਨਹੀਂ, ਸਗੋਂ ਉਹਦੀ ਬੀਵੀ ਨਵਜੋਤ ਕੌਰ ਸਿੱਧੂ ਦੇ ਬਾਦਲ ਵਜ਼ਾਰਤ ਵਿਚ ਮੁੱਖ ਪਾਰਲੀਮਾਨੀ ਸਕੱਤਰ ਹੋਣ ਦੀ ਹੈਸੀਅਤ ਵੇਲੇ ਤੋਂ ਹੀ ਸੀ। ਕੈਪਟਨ ਨੂੰ ਚੂੰਕਿ ਨਵੀਂ ਨਵੀਂ ਸੱਤਾ ਮਿਲੀ ਸੀ ਅਤੇ ਉਹ ਵੀ ਦਸਾਂ ਵਰ੍ਹਿਆਂ ਦੇ ਲੰਬੇ ਇੰਤਜ਼ਾਰ ਪਿੱਛੋਂ, ਇਸ ਲਈ ਉਦੋਂ ਤਾਂ ਕੈਪਟਨ ਨੇ ਇਸ ਐਕਸ਼ਨ ਲਈ ਹਾਮੀ ਭਰੀ ਤਾਂ ਜ਼ਰੂਰ ਪਰ ਕੁਝ ਦੱਬਵੀਂ ਜ਼ੁਬਾਨ ਵਿਚ। ਸ਼ਾਇਦ ਉਨ੍ਹਾਂ ਨੇ ਆਪਣਾ ਸੁਖਦਾਇਕ ਭਵਿੱਖ ਕਿਆਸਿਆ ਹੋਵੇ? ਉਹ ਇਹ ਕਿ ਬਾਦਲਾਂ ਨਾਲ ਐਵੇਂ ਲੜਾਈ ਕਾਹਨੂੰ ਮੁੱਲ ਲੈਣੀ ਹੈ। ਪੰਜਾਬ ਵਿਚ ਪਿਛਲੇ ਲੰਬੇ ਸਮੇਂ ਤੋਂ ਹੁਣ ਤਕ ਹੋ ਤਾਂ ਇਹ ਰਿਹਾ ਹੈ ਕਿ ‘ਉਤਰ ਕਾਟੋ ਮੈਂ ਚੜ੍ਹਾਂ’ ਮੁਤਾਬਕ ਇਕ ਵਾਰੀ ਅਕਾਲੀ ਸੱਤਾਧਾਰੀ ਬਣਦੇ ਹਨ ਅਤੇ ਦੂਜੀ ਵਾਰੀ ਕਾਂਗਰਸੀ। ਦੋਹਾਂ ਧਿਰਾਂ ਨੇ ਭਾਵੇਂ ਸੱਤਾਧਾਰੀ ਹੁੰਦਿਆਂ ਇਕ ਦੂਜੇ ਨੂੰ ਜ਼ਲੀਲ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਕੈਪਟਨ ਨੇ ਆਪਣੀ ਪਹਿਲੀ ਸਰਕਾਰ ਵੇਲੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੋਹਾਂ ਪਿਉ ਪੁੱਤਰ ਨੂੰ ਜੇਲ੍ਹ ਵਿਚ ਡੱਕ ਦਿਤਾ। ਉਥੋਂ ਉਹ ਵੱਡੇ ਲੀਡਰ ਬਣ ਕੇ ਨਿਕਲੇ। ਇਧਰ ਜਦੋਂ 2007 ਵਿਚ ਬਾਦਲ ਸਰਕਾਰ ਬਣੀ ਤਾਂ ਉਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਕੁਝ ਕੇਸਾਂ ਵਿਚ ਅਜਿਹਾ ਉਲਝਾਇਆ ਕਿ ਮੁੱਖ ਮੰਤਰੀ ਬਣਕੇ ਵੀ ਉਹ ਅਜੇ ਤਕ ਇਸ ਵਿਚੋਂ ਬਾਹਰ ਨਹੀਂ ਨਿਕਲ ਸਕੇ। ਸਾਫ਼ ਸਪੱਸ਼ਟ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਬਾਦਲ ਪਰਵਾਰ ਨਾਲ ਇਸ ਤਰ੍ਹਾਂ ਦੀ ਮੁਸ਼ਕਲ ਵਿਚ ਉਲਝਣਾ ਨਹੀਂ ਚਾਹੁੰਦੇ। ਮੁੱਖ ਮੰਤਰੀ ਦੀ ਇਹੀਓ ਨੀਤੀ ਅੱਜ ਬਹੁਤ ਸਾਰੇ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਰੜਕਦੀ ਹੈ ਅਤੇ ਉਹ ਗਾਹੇ ਬਗਾਹੇ ਇਸ ਮੁੱਦੇ ਨੂੰ ਚੁੱਕ ਲੈਂਦੇ ਹਨ। ਸੱਚ ਤਾਂ ਇਹ ਨਵਜੋਤ ਸਿੱਧੂ ਨੇ ਇਸ ਮੁੱਦੇ ਨੂੰ ਲੋਕ ਸਭਾ ਵਿਚ ਸਿੱਧਾ ਹੀ ਇਹ ਕਹਿ ਕੇ ਚੁੱਕ ਲਿਆ ਕਿ ਕੈਪਟਨ ਅਮਰਿੰਦਰ ਸਿੰਘ ਅਕਾਲੀਆਂ ਨਾਲ ਦੋਸਤਾਨਾ ਮੈਚ ਖੇਡ ਰਹੇ ਹਨ। ਇਕ ਤਾਂ ਬੇਅਦਬੀ ਕਾਂਡ ਨੂੰ ਲੈ ਕੇ ਹੀ ਰਣਜੀਤ ਸਿੰਘ ਰਿਪੋਰਟ ਵਿਚੋਂ ਕੁਝ ਨਿਕਲਿਆ ਅਤੇ ਨਾ ਹੀ ਐਸ.ਟੀ.ਐਫ਼. ਵਿਚੋਂ, ਸਗੋਂ ਜਿਵੇਂ ਐਸ.ਟੀ.ਐਫ਼.ਦੇ ਮੈਂਬਰ ਆਪੋ ਵਿਚ ਉਲਝ ਪਏ, ਉਸ ਨੇ ਬਾਦਲਾਂ ਨਾਲ ਦੋਸਤਾਨਾ ਮੈਚ ਦੇ ਸਬੂਤ ਹੋਰ ਪੁਖਤਾ ਕਰ ਦਿਤੇ। ਰਹਿੰਦੀ ਖੂੰਹਦੀ ਕਸਰ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਬਾਦਲ ਅਤੇ ਪ੍ਰਨੀਤ ਕੌਰ ਦੀ ਚੋਣ ਵਿਚ ਜਿੱਤ ਨੇ ਪੂਰੀ ਕਰ ਦਿਤੀ। ਬਹੁਤਿਆਂ ਦਾ ਮੰਨਣਾ ਹੈ ਕਿ ਇਕ ਪਾਸੇ ਅਕਾਲੀ ਮਹਾਰਾਣੀ ਪ੍ਰਨੀਤ ਕੌਰ ਨੂੰ ਪਟਿਆਲੇ ਤੋਂ ਜਿਤਾਉਣ ਵਿਚ ਸਹਾਈ ਹੋਏ ਹਨ, ਇਸ ਲਈ ਉਨ੍ਹਾਂ ਨੇ ਆਪਣਾ ਕਮਜ਼ੋਰ ਉਮੀਦਵਾਰ ਸੁਰਜੀਤ ਸਿੰਘ ਰੱਖੜਾ ਖੜਾ ਕੀਤਾ। ਦੂਜੇ ਪਾਸੇ ਹਰਸਿਮਰਤ ਕੌਰ ਦੇ ਟਾਕਰੇ ’ਤੇ ਵੀ ਕਮਜ਼ੋਰ ਉਮੀਦਵਾਰ ਆਪਣਾ ਵਿਧਾਇਕ ਰਾਜਾ ਵੜਿੰਗ ਖੜਾ ਕੀਤਾ ਅਤੇ ਕੁਝ ਇਸੇ ਤਰ੍ਹਾਂ ਦੀ ਹਾਲਤ ਫ਼ਿਰੋਜ਼ਪੁਰ ’ਚੋਂ ਸੁਖਬੀਰ ਬਾਦਲ ਨੂੰ ਜਿਤਾਉਣ ਲਈ ਕੀਤੀ ਗਈ। ਬਾਦਲ ਪਰਵਾਰ ਦੇ ਦੋਹਾਂ ਜੀਆਂ ਦੀ ਜਿੱਤ ਤੋਂ ਵੱਡੀ ਹੈਰਾਨੀ ਇਹ ਹੈ ਕਿ ਜੇ ਇਹ ਪੰਜਾਬ ਦੀਆਂ ਬਾਕੀ ਸੀਟਾਂ ਵਿਚ ਇਕ ਸੀਟ ਵੀ ਨਹੀਂ ਜਿੱਤ ਸਕੇ ਤਾਂ ਇਹ ਦੋ ਸੀਟਾਂ ਵੱਡੇ ਫ਼ਰਕ ਨਾਲ ਕਿਵੇਂ ਜਿੱਤ ਗਏ? ਇਹ ਦਲੀਲ ਆਮ ਲੋਕਾਂ ਦੇ ਮਨ ਵੀ ਲਗਦੀ ਹੈ ਕਿ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਵਿਚ ਵੋਟਰਾਂ ਨੇ ਬਿਲਕੁਲ ਮੂੰਹ ਨਹੀਂ ਲਾਇਆ। ਮੀਆਂ ਬੀਵੀ ਬੜੀ ਸ਼ਾਨ ਨਾਲ ਜਿੱਤ ਗਏ।

ਅਸਲ ਵਿਚ ਪਾਰਟੀ ਵਿਧਾਇਕਾਂ ਅਤੇ ਮੰਤਰੀਆਂ ਤੇ ਮੁੱਖ ਮੰਤਰੀ ਵਿਚਕਾਰ ਪਾਰਟੀ ਤੇ ਸਰਕਾਰ ਪੱਧਰ ’ਤੇ ਸਭ ਅੱਛਾ ਨਾ ਹੋਣ ਦੇ ਭਾਵੇਂ ਨਿੱਕੇ ਨਿੱਕੇ ਕਈ ਹੋਰ ਕਾਰਨ ਵੀ ਹਨ ਪਰ ਸਭ ਤੋਂ ਵੱਡਾ ਕਾਰਨ ਮੁੱਖ ਮੰਤਰੀ ਦਾ ਬਾਦਲਾਂ ਪ੍ਰਤੀ ਨਰਮ ਰਵੱਈਆ ਰੱਖਣਾ ਹੈ। ਇਹ ਹੌਲੀ ਹੌਲੀ ਪਹਿਲਾਂ ਦੀ ਨਿਸਬਿਤ ਵਧੇਰੇ ਸਪੱਸ਼ਟ ਹੋਣ ਲੱਗਾ ਹੈ। ਕਈ ਮੰਤਰੀ ਤੇ ਵਿਧਾਇਕ ਤਾਂ ਕਈ ਇਕ ਕਾਰਨਾਂ ਕਰਕੇ ਇਸ ਮੁੱਦੇ ਵਲੋਂ ਲਗਭਗ ਕੰਨੀ ਹੀ ਖਿਸਕਾਉਣ ਲੱਗੇ ਹਨ। ਸ਼ਾਇਦ ਮੁੱਖ ਸਹੂਲਤਾਂ ਅਤੇ ਪੁੱਛ ਪ੍ਰਤੀਤ ਕਰਕੇ ਪਰ ਨਵਜੋਤ ਸਿੰਘ ਸਿੱਧੂ ਨੇ ਇਸ ਵਿਰੁੱਧ ਪੂਰੀ ਤਰ੍ਹਾਂ ਝੰਡਾ ਚੁੱਕੀ ਰਖਿਆ ਹਾਲਾਂਕਿ ਬਿਗਾਨਿਆਂ ਨੇ ਤਾਂ ਉਸ ਨੂੰ ਵਲਣਾ ਹੀ ਸੀ ਆਪਣਿਆਂ ਨੇ ਵੀ ਅਤੇ ਖ਼ਾਸ ਕਰਕੇ ਉਨ੍ਹਾਂ ਨੇ ਵੀ ਅਜਿਹਾ ਘੇਰਾ ਪਾਇਆ ਜਿਹੜੇ ਕੱਲ ਤਕ ਇਸ ਮੁੱਦੇ ’ਤੇ ਉਹਦੇ ਨਾਲ ਖੜੇ ਸਨ, ਹੁਣ ਰਲ ਮਿਲ ਕੇ ਉਸਨੂੰ ਵਜ਼ਾਰਤਾਂ ਤੋਂ ਬਾਹਰ ਜਾਣ ਲਈ ਰਾਹ ਤਿਆਰ ਕਰ ਦਿਤਾ। ਅੱਜ ਵੇਖਣ ਨੂੰ ਭਾਵੇਂ ਨਵਜੋਤ ਸਿੱਧੂ ਇਕੱਲਾ ਹੀ ਵਿਖਾਈ ਦਿੰਦਾ ਹੋਵੇ ਇਕ ਗੱਲ ਪੱਕੀ ਹੈ ਕਿ ਕੇਂਦਰ ਵਿਚ ਪੈਰ ਨਾ ਜਮਾ ਸਕਣ ਦੇ ਬਾਵਜੂਦ ਕਾਂਗਰਸ ਹਾਈ ਕਮਾਂਡ ਉਹਦੀ ਪਿੱਠ ’ਤੇ ਖੜੀ ਹੈ। ਇਹ ਸੂਰਤੇ ਹਾਲ ਨੇੜ ਭਵਿੱਖ ਵਿਚ ਕੈਪਟਨ ਅਮਰਿੰਦਰ ਸਿੰਘ ਲਈ ਸੰਕਟ ਦੀ ਘੜੀ ਪੈਦਾ ਕਰ ਸਕਦੀ ਹੈ। ਹੁਣ ਆਪ ਨੇ ਵੀ ਕੈਪਟਨ ਤੇ ਬਾਦਲਾਂ ਦੇ ਦੋਸਤਾਨਾ ਮੈਚ ਦਾ ਝੰਡਾ ਚੁੱਕ ਲਿਆ ਹੈ। ਆਪ ਦੇ ਐਚ.ਐਸ. ਫੂਲਕਾ ਨੇ ਤਾਂ ਆਪਣਾ ਅਸਤੀਫ਼ਾ ਹੀ ਬੇਅਦਬੀ ਕਾਂਡ ਕਰਕੇ ਦਿਤਾ ਹੈ ਅਤੇ ਉਨ੍ਹਾਂ ਨੇ ਪੰਜਾਬ ਦੇ ਕਈ ਵਿਧਾਇਕਾਂ ਨੂੰ ਅਸਤੀਫ਼ੇ ਦੇਣ ਲਈ ਕਿਹਾ ਹੈ। ਭਗਵੰਤ ਮਾਨ ਨੇ ਤਾਂ ਕੈਪਟਨ ਨੂੰ ਵੰਗਾਰਿਆ ਹੈ ਕਿ ਹਾਲਾਤ ਅਜਿਹੇ ਬਣ ਰਹੇ ਹਨ ਕਿ ਉਹ ਬਾਦਲਾਂ ਅਤੇ ਪੰਜਾਬ ਵਿਚੋਂ ਇਕ ਨੂੰ ਚੁਣ ਲੈਣ। ਕੁਲ ਮਿਲਾ ਕੇ ਇਸ ਵੇਲੇ ਤੂਫ਼ਾਨ ਤੋਂ ਪਹਿਲਾਂ ਵਾਲੀ ਖਾਮੋਸ਼ੀ ਬਣੀ ਹੋਈ ਹੈ।

ਦੂਜੇ ਪਾਸੇ ਕੈਪਟਨ ਪਹਿਲੇ ਦਿਨੋਂ ਹੀ ਕਿਸਮਤ ਦਾ ਧਨੀ ਹੈ। 2017 ਵਿਚ ਜਦੋਂ ਸਰਕਾਰ ਬਣੀ ਤਾਂ ਕੇਂਦਰ ਵਿਚ ਉਦੋਂ ਕਾਂਗਰਸ ਦਾ ਕੁਝ ਕੁਝ ਬੋਲਬਾਲਾ ਸੀ, ਕੈਪਟਨ ਨੇ ਦਸ ਸਾਲ ਦੇ ਵਕਫ਼ੇ ਪਿੱਛੋਂ ਅਕਾਲੀਆਂ ਕੋਲੋਂ ਸੱਤਾ ਖੋਹੀ ਸੀ, ਇਸ ਲਈ ਹਾਈ ਕਮਾਂਡ ਉਸ ਦੀਆਂ ਕੁਝ ਕੁਝ ਸ਼ਰਤਾਂ ਸਹਿੰਦੀ ਰਹੀ ਹੈ। ਹੁਣ ਜਦੋਂ ਕੇਂਦਰ ਵਿਚ ਇਸ ਦੀ ਹਾਲਤ ਹੋਰ ਪਤਲੀ ਹੋ ਗਈ ਹੈ ਅਤੇ ਕੈਪਟਨ ਨੇ ਲੋਕ ਸਭਾ ਵਿਚ ਚਾਰ ਦੇ ਮੁਕਾਬਲੇ ਅੱਠ ਸੀਟਾਂ ਜਿੱਤ ਕੇ ਦਿਤੀਆਂ ਹਨ ਤਾਂ ਉਹਦੀ ਹੋਰ ਚੜ੍ਹ ਮੱਚ ਗਈ ਹੈ। ਹਾਈ ਕਮਾਂਡ ਫਿਲਹਾਲ ਉਸ ਨੂੰ ਬਹੁਤ ਕੁਝ ਕਹਿਣ ਦੇ ਰੌਂਅ ਵਿਚ ਨਹੀਂ। ਹਾਂ, ਕੱਲ੍ਹ ਕਲੋਤਰ ਨੂੰ ਜਿਵੇਂ ਨਵਜੋਤ ਸਿੱਧੂ ਨੇ ਅੰਮ੍ਰਿਤਸਰ ਰਹਿ ਕੇ ਮੋਰਚਾ ਸੰਭਾਲ ਲਿਆ ਹੈ ਅਤੇ ਦੂਜਾ ਜੇ ਪਾਰਟੀ ਅਤੇ ਸਰਕਾਰ ਤੋਂ ਔਖੇ ਦਰਜਨ ਵਿਧਾਇਕਾਂ ਨੇ ਵੀ ਸਿੱਧੂ ਦੀ ਬਾਂਹ ਫੜ ਲਈ ਤਾਂ 2002 ਦੀ ਸਰਕਾਰ ਵਿਚ ਬੀਬੀ ਰਾਜਿੰਦਰ ਕੌਰ ਭੱਠਲ ਵਾਲਾ ਇਤਿਹਾਸ ਵੀ ਦੁਹਰਾਇਆ ਜਾ ਸਕਦਾ ਹੈ। ਉਦੋਂ ਹਾਲੇ ਕੈਪਟਨ ਦੀ ਬਹੁਤ ਸਾਰੇ ਮਸਲਿਆਂ ’ਤੇ ਵਿਰੋਧਤਾਂ ਨਹੀਂ ਸੀ। ਹੁਣ ਕਾਫ਼ੀ ਵਧੇਰੇ ਹੈ। ਹੁਣੇ ਜਿਹੇ ਕੈਪਟਨ ਨੇ ਜਲੰਧਰ ਵਿਚ ਬਹੁਤ ਸਾਰੇ ਅਜਿਹੇ ਵਿਕਾਸ ਪ੍ਰਾਜੈਕਟਾਂ ਦਾ ਐਲਾਨ ਕੀਤਾ ਜਿਨ੍ਹਾਂ ਬਾਰੇ ਨਾ ਤਾਂ ਸਥਾਨਕ ਵਿਧਾਇਕਾਂ ਨਾਲ ਕੋਈ ਸਲਾਹ ਮਸ਼ਵਰਾ ਕੀਤਾ ਗਿਆ ਬਲਕਿ ਬਹੁਤ ਸਾਰੇ ਪ੍ਰਾਜੈਕਟ ਪਿਛਲੀ ਬਾਦਲ ਸਰਕਾਰ ਵੇਲੇ ਦੇ ਸ਼ੁਰੂ ਵੀ ਹੋ ਚੁਕੇ ਹਨ। ਆਖ਼ਰ ਇਹ ਸਾਰਾ ਕੁਝ ਕੀ ਸਪੱਸ਼ਟ ਕਰਦਾ ਹੈ? ਸਮਝਦਾਰ ਨੂੰ ਇਸ਼ਾਰਾ ਹੀ ਕਾਫ਼ੀ ਹੈ।




ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਕੰਵਲ ਦਾ ਮੁਹੱਬਤਨਾਮਾ-7




-ਪ੍ਰਿੰ. ਸਰਵਣ ਸਿੰਘ-

ਡਾ. ਜਸਵੰਤ ਗਿੱਲ ਦਾ ਕੱਦ ਭਾਵੇਂ ਸਮੱਧਰ ਸੀ ਪਰ ਸਮੁੱਚੀ ਸ਼ਖ਼ਸੀਅਤ ਬੜੀ ਦਿਲਕਸ਼ ਸੀ। ਗੋਰਾ ਰੰਗ, ਪਤਲਾ ਜੁੱਸਾ ਤੇ ਪਤਲੇ ਅੰਗ ਸਨ। ਉਹ ਸੁੰਦਰਤਾ ਦੀ ਦੇਵੀ ਲੱਗਦੀ ਸੀ। ਬੋਲ ਚਾਲ ਧੀਮੀ ਤੇ ਰਸੀਲੀ ਸੀ। ਕੋਠੀ ਵਿਚ ਉਸ ਨੇ ਕਲਿਨਿਕ ਖੋਲ੍ਹ ਲਿਆ ਅਤੇ ਪਿੰਡ ਤੇ ਇਲਾਕੇ ਦੇ ਰੋਗੀਆਂ ਦਾ ਇਲਾਜ ਕਰਨ ਲੱਗੀ। ਉਹ ਟੀਕਾ ਕਦੇ ਨਹੀਂ ਸੀ ਲਾਉਂਦੀ ਤੇ ਦਵਾਈ ਵੀ ਨਾ ਮਾਤਰ ਦਿੰਦੀ ਸੀ। ਉਹ ਵੀ ਆਮ ਕਰ ਕੇ ਵਿਟਾਮਿਨਜ਼ ਤੇ ਕੈਲਸ਼ੀਅਮ ਦੀਆਂ ਗੋਲੀਆਂ ਦਿੰਦੀ। ਦਵਾਈ ਦੇ ਪੈਸੇ ਵੀ ਨਾ ਮਾਤਰ ਹੀ ਲੈਂਦੀ। ਪਿੰਡ ਦੀਆਂ ਜ਼ਨਾਨੀਆਂ ਨੂੰ ਉਸ ਦਾ ਬਹੁਤ ਸੁਖ ਹੋ ਗਿਆ ਸੀ। ਕੰਵਲ ਦੇ ਬੱਚੇ ਉਸ ਨੂੰ ਮਾਸੀ ਕਹਿੰਦੇ ਸਨ ਪਰ ਕੰਵਲ ਮਸਤੀ 'ਚ ਕਦੇ ਭਾਨਿਆ ਯਾਰਾ, ਕਦੇ ਮਨੂੰਆ, ਕਦੇ ਰਾਧੋ ਤੇ ਕਦੇ ਬੱਲੋ ਆਖਦਾ। ਸਾਨੂੰ ਏਨਾ ਕੁ ਪਤਾ ਤਾਂ ਲੱਗ ਗਿਆ ਸੀ ਕਿ ਉਨ੍ਹਾਂ ਦੀ ਯਾਰੀ ਗੂੜ੍ਹੀ ਹੈ ਪਰ ਯਾਰੀ ਦਾ ਪਤੀ ਪਤਨੀ ਬਣੇ ਦਾ ਪਤਾ ਨਹੀਂ ਸੀ ਲੱਗਾ। ਅਸੀਂ ਪੁੱਠੀ ਸਿੱਧੀ ਚਰਚਾ ਕਰਨ ਦੀ ਥਾਂ ਡਾ. ਜਸਵੰਤ ਗਿੱਲ ਨੂੰ ਪੂਰਾ ਸਤਿਕਾਰ ਦਿੰਦੇ ਸਾਂ।

ਇਕ ਵਾਰ ਮੈਂ ਕਾਲਜ ਵਿਚ ਡਾ. ਜਸਵੰਤ ਗਿੱਲ ਦਾ ਲੈਕਚਰ ਕਰਵਾਇਆ। ਕੰਵਲ ਉਸ ਨੂੰ ਸਾਈਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਲਿਆਇਆ ਅਤੇ ਗੇਟ ਮੂਹਰੇ ਉਤਾਰ ਕੇ ਮੁੜ ਗਿਆ। ਲੈਕਚਰ ਤੋਂ ਬਾਅਦ ਸੁਆਲ ਜੁਆਬ ਕਰਨ ਸਮੇਂ ਕਿਸੇ ਵਿਦਿਆਰਥੀ ਨੇ ਡਾ. ਗਿੱਲ ਤੋਂ ਉਸ ਦਾ ਕੰਵਲ ਨਾਲ ਰਿਸ਼ਤਾ ਪੁੱਛ ਲਿਆ ਜੋ ਉਸ ਨੇ ਝਿਜਕ ਨਾਲ ਸਾਹਿਤਕ ਦੋਸਤ ਦਾ ਦੱਸਿਆ। ਮੈਂ ਅਜਿਹੇ ਸਵਾਲ ਅੱਗੇ ਨਾ ਵਧਣ ਦਿੱਤੇ ਅਤੇ ਸਮਾਗਮ ਤੁਰਤ ਸਮੇਟ ਲਿਆ। ਜੋ ਗੱਲ ਵਿਦਿਆਰਥੀ ਨੇ ਪੁੱਛੀ ਸੀ ਉਹ ਅਸੀਂ ਕਦੇ ਨਹੀਂ ਸੀ ਪੁੱਛੀ। ਉਸ ਤੋਂ ਬਾਅਦ ਡਾ. ਜਸਵੰਤ ਗਿੱਲ ਕਾਲਜ ਵਿਚ ਕਦੇ ਲੈਕਚਰ ਦੇਣ ਨਾ ਆਈ।

ਮੈਂ ਇਸ ਤੱਥ ਦਾ ਗਵਾਹ ਹਾਂ ਕਿ ਪਿੰਡ ਵਿਚ ਅਜਿਹੀ ਖੁੰਢ ਚਰਚਾ ਕਦੇ ਵੀ ਨਹੀਂ ਛਿੜੀ ਜਿਸ ਨਾਲ ਕੰਵਲ ਜਾਂ ਡਾ. ਗਿੱਲ ਦੀ ਬਦਨਾਮੀ ਹੁੰਦੀ ਹੋਵੇ। ਸਗੋਂ ਪਿੰਡ ਵਾਲੇ ਖ਼ੁਸ਼ ਸਨ ਕਿ ਢੁੱਡੀਕੇ ਸਿਆਣੀ ਲੇਡੀ ਡਾਕਟਰ ਆ ਗਈ ਸੀ। ਅਸੀਂ ਉਨ੍ਹਾਂ ਦੀ ਖ਼ੁਸ਼ੀ ਵਿਚ ਸ਼ਾਮਲ ਹੁੰਦੇ ਸਾਂ ਤੇ ਉਹ ਸਾਡੀ ਖ਼ੁਸ਼ੀ ਵਿਚ। ਕੰਵਲ ਜੋੜਾ ਮੇਰੇ ਪੁੱਤਰ ਦੇ ਅਨੰਦ ਕਾਰਜਾਂ 'ਤੇ ਦੌਧਰ ਪਹੁੰਚਾ, ਅਸ਼ੀਰਵਾਦ ਦਿੱਤੀ ਅਤੇ ਉਨ੍ਹਾਂ ਦੀ ਨਵੀਂ ਖਰੀਦੀ ਮਰੂਤੀ ਕਾਰ ਵਿਚ ਹੀ ਡੋਲੀ ਚਕਰ ਪਹੁੰਚੀ। ਉਹ ਪਾਣੀ ਵਾਰਨ ਵੇਲੇ ਹਾਜ਼ਰ ਰਹੇ। ਮੈਨੂੰ ਭਾਸ਼ਾ ਵਿਭਾਗ ਦਾ ਸ਼੍ਰੋਮਣੀ ਪੰਜਾਬੀ ਲੇਖਕ ਅਵਾਰਡ ਮਿ-ਲਿਆ ਤਾਂ ਉਨ੍ਹਾਂ ਨੇ ਮੇਰੇ ਨਾਲੋਂ ਵੱਧ ਖ਼ੁਸ਼ੀ ਮਨਾਈ। ਡਾ. ਜਸਵੰਤ ਗਿੱਲ ਨੂੰ ਰਿਸ਼ਤੇ ਪਾਲਣੇ ਆਉਂਦੇ ਸਨ ਤੇ ਸਮਾਜ ਵਿਚ ਵਿਚਰਨਾ ਆਉਂਦਾ ਸੀ। ਉਸ ਨੇ ਵੀਹ ਬਾਈ ਵਰ੍ਹੇ ਢੁੱਡੀਕੇ ਰਹਿੰਦਿਆਂ ਮਾਣਮੱਤਾ ਜੀਵਨ ਜੀਵਿਆ।

ਕੰਵਲ ਦੇ ਅੰਦਰਲੇ ਘਰ ਤੇ ਬਾਹਰਲੀ ਕੋਠੀ ਵਿਚ ਵਿਚਕਾਰ ਦਸ ਕੁ ਘਰਾਂ ਯਾਨੀ ਸੌ ਕੁ ਕਰਮਾਂ ਦਾ ਫਾਸਲਾ ਹੈ। ਅੰਦਰਲੇ ਘਰ ਦੀ ਮੁਖਤਿਆਰ, ਮੁਖਤਿਆਰ ਕੌਰ ਸੀ ਤੇ ਬਾਹਰਲੀ ਕੋਠੀ ਦੀ ਮੁਖਤਿਆਰ ਡਾ. ਜਸਵੰਤ ਗਿੱਲ। ਸ਼ਰੀਕੇ ਕਬੀਲੇ 'ਚੋਂ ਭਤੀਜੇ ਲੱਗਦੇ, ਸਣੇ ਡਾ. ਅਜੀਤ ਸਿੰਘ ਦਿੱਲੀ ਵਰਗਿਆਂ ਦੇ, ਕੰਵਲ ਦੀਆਂ ਦੋਹਾਂ ਪਤਨੀਆਂ ਨੂੰ ਅੰਦਰਲੀ ਚਾਚੀ ਤੇ ਬਾਹਰਲੀ ਚਾਚੀ ਕਹਿੰਦੇ।ਮੈਂ ਦੋਹਾਂ ਵਿਚਕਾਰ ਕਦੇ ਕੋਈ ਝਗੜਾ ਹੁੰਦਾ ਨਾ ਸੁਣਿਆ, ਨਾ ਵੇਖਿਆ। ਡਾ. ਗਿੱਲ ਦੀ ਰੋਟੀ ਹਮੇਸ਼ਾਂ ਅੰਦਰਲੇ ਘਰੋਂ ਬਣ ਕੇ ਆਉਂਦੀ ਰਹੀ। ਕਈ ਵਾਰ ਉਹ ਰੋਟੀ ਖਾਣ ਅੰਦਰਲੇ ਘਰ ਵੀ ਚਲੀ ਜਾਂਦੀ। ਉਹਦੀ ਖੁਰਾਕ ਬੜੀ ਸੀਮਤ ਸੀ। ਮਸਾਂ ਇਕ ਫੁਲਕਾ ਤੇ ਇਕ ਕੌਲੀ ਦਾਲ ਸਬਜ਼ੀ। ਅਸੀਂ ਹੈਰਾਨ ਹੁੰਦੇ ਕਿ ਉਹ ਜਿਉਂਦੀ ਕਾਹਦੇ ਸਿਰ 'ਤੇ ਹੈ! ਚਾਹ ਦੁੱਧ ਵੀ ਉਹ ਅੱਧਾ ਪੌਣਾ ਕੱਪ ਹੀ ਪੀਂਦੀ। ਮੈਂ ਕਿਸੇ ਖ਼ੁਸ਼ੀ ਵਿਚ ਲੱਡੂ ਲਿਆਇਆ ਤਾਂ ਲੱਡੂ ਵੀ ਉਹ ਅੱਧਾ ਹੀ ਖਾ ਸਕੀ। ਕਦੇ ਤੋਲਿਆ ਤਾਂ ਨਹੀਂ ਪਰ ਅੰਦਾਜ਼ਾ ਹੈ ਕਿ ਡਾ. ਗਿੱਲ ਦਾ ਭਾਰ ਮਸਾਂ ਚਾਲੀ ਪੰਤਾਲੀ ਕਿਲੋਗਰਾਮ ਸੀ। ਭਾਰ ਤਾਂ ਲੰਮੇ ਝੰਮੇ ਕੰਵਲ ਦਾ ਵੀ ਸੱਠ ਪ੍ਰੈਂਟ ਕਿਲੋ ਹੀ ਰਿਹਾ। 1996 ਵਿਚ ਜਦੋਂ ਮੈਂ ਅਮਰਦੀਪ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਲੱਗਣਾ ਸੀ ਤਾਂ ਕੰਵਲ ਤੇ ਮੈਂ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡਾ. ਸਰਦਾਰਾ ਸਿੰਘ ਜੌਹਲ ਨੂੰ ਲੁਧਿਆਣੇ ਮਿਲਣ ਗਏ। ਕੰਵਲ ਨੇ ਡਾ. ਜੌਹਲ ਨੂੰ ਹੰਮੇ ਨਾਲ ਕਿਹਾ, "ਅਸੀਂ ਇਹਨੂੰ ਦਿੱਲੀ ਤੋਂ ਲਿਆਂਦਾ ਸੀ। ਹੁਣ ਤੁਹਾਨੂੰ ਦੇਣ ਲੱਗੇ ਆਂ।"




ਡਾ. ਜੌਹਲ ਨੇ ਪੁੱਛਿਆ, "ਇਹ ਢੁੱਡੀਕੇ ਦੀਆਂ ਮੌਜਾਂ ਛੱਡ ਕੇ ਮੁਕੰਦਪੁਰ ਰਹਿ ਪਊ?"

ਕੰਵਲ ਨੇ ਕਿਹਾ, "ਜੇ ਦਿੱਲੀ ਦੀ ਅੰਗੂਰੀ ਛੱਡ ਕੇ ਢੁੱਡੀਕੇ ਰਹੀ ਜਾਂਦੈ ਤਾਂ ਮੁਕੰਦਪੁਰ ਕਿਵੇਂ ਨਾ ਰਹੂ?" ਕੰਵਲ ਦੀ ਡਾ. ਜੌਹਲ ਨਾਲ ਬੁੱਕਲ ਖੁੱਲ੍ਹੀ ਸੀ। ਮੇਰੀ ਉਹ ਗਰੰਟੀ ਦੇ ਸਕਦਾ ਸੀ।

ਲੁਧਿਆਣੇ ਤੋਂ ਮੁੜਦਿਆਂ ਮੁੱਲਾਂਪੁਰਲਾਗੇ ਮੈਂ ਉਂਜ ਈ ਕੰਵਲ ਤੋਂਉਹਦੀ ਉਮਰ ਪੁੱਛ ਬੈਠਾ। ਉਸ ਨੇ ਅਟੇ ਸਟੇ ਨਾਲ ਸਤੱਤਰ ਸਾਲ ਦੱਸੀ। ਜਨਮ ਤਾਰੀਕ ਪੁੱਛੀ ਤਾਂ ਸਬੱਬੀਂ ਉੱਦਣ (27 ਜੂਨ)ਹੀ ਉਹਦਾ ਜਨਮ ਦਿਨ ਸੀ। ਮੈਂ ਕਿਹਾ, "ਚਲੋ ਅੱਜ ਢੁੱਡੀਕੇ ਚੱਲ ਕੇ ਤੁਹਾਡਾ ਜਨਮ ਦਿਨ ਮਨਾਵਾਂਗੇ।"

ਉਸ ਨੇ ਕਿਹਾ, "ਅੱਗੇ ਤਾਂ ਕਦੇ ਮਨਾਇਆ ਨੀ।"

ਮੈਂ ਕਿਹਾ, "ਅੱਗੇ ਤਾਂ ਪਤਾ ਨੀ ਸੀ, ਅੱਜ ਪਤਾ ਲੱਗ ਗਿਐ।"

ਅਸੀਂ ਜਗਰਾਓਂ ਅੱਪੜੇ ਤਾਂ ਇਕ ਰੇੜ੍ਹੀ 'ਤੇ ਦਸਹਿਰੀ ਅੰਬ ਪਏ ਵੇਖੇ। ਕੰਵਲ ਨੇ ਕਿਹਾ, "ਇਹ ਅੰਬ ਤਾਂ ਡਾਕਟਰ ਵੀ ਪਸੰਦ ਕਰੂ, ਪਰ ਚੂਪੂ ਇਕੋ ਈ।" ਉਹਦਾ ਇਸ਼ਾਰਾ ਡਾ. ਜਸਵੰਤ ਗਿੱਲ ਵੱਲ ਸੀ ਜੋ ਉਸ ਦੀ ਪ੍ਰੇਮਿਕਾ-ਪਤਨੀ ਬਣ ਕੇ ਬਾਹਰਲੇ ਘਰ ਰਹਿ ਰਹੀ ਸੀ। ਮੈਂ ਰੇੜ੍ਹੀ ਤੋਂ ਅੰਬ ਲੈਣ ਲੱਗਾ ਤਾਂ ਕੰਵਲ ਨੇ ਕਿਹਾ, "ਅੰਬ ਮੈਂ ਖਰੀਦਾਂਗਾ, ਜਨਮ ਦਿਨ ਮੇਰਾ ਐ।" ਉਸ ਨੇ ਦਸ ਬਾਰਾਂ ਅੰਬ ਚੁਣੇ ਜੋ ਦੋ ਕਿੱਲੋ ਬਣੇ। ਮੈਂ ਆਖਿਆ, "ਕੰਵਲ ਸਾਹਿਬ, ਏਨੇ ਅੰਬਾਂ ਨਾਲ ਨੀ ਸਰਨਾ। ਸਤੱਤਰਵਾਂ ਜਨਮ ਦਿਨ ਮਨਾਉਣ ਲੱਗੇ ਆਂ, ਘੱਟੋਘੱਟ ਸਤੱਤਰ ਅੰਬ ਤਾਂ ਹੋਣ! ਨਾਲੇ ਏਡੇ ਵੱਡੇ ਲੇਖਕ ਓਂ। ਅੰਬਾਂ ਨੂੰ ਹੱਥ ਪਾ ਈ ਲਿਐ ਤਾਂ ਕੰਜੂਸੀ ਕਿਉਂ ਕਰਦੇ ਓਂ?"

ਕੰਵਲ ਨੇ ਰੇੜ੍ਹੀ ਵਾਲੇ ਨੂੰ ਪੈਸੇ ਦਿੰਦਿਆਂ ਮੈਨੂੰ ਜਵਾਬ ਦਿੱਤਾ, "ਬੱਲੇ ਓਏ ਤੇਰੇ! ਤੇਰੇ ਅਰਗਿਆਂ ਦੇ ਆਖੇ ਲੱਗ ਕੇ ਮੈਂ ਝੁੱਗਾ ਚੌੜ ਕਰਾਉਣ ਆਲਾ ਨੀ। ਮੈਂ ਤਾਂ ਫੇਰ ਵੀ ਦੋ ਕਿੱਲੋ ਲੈ-ਲੇ। ਜਾਹ ਸੇਖੋਂ ਤੋਂ ਕਿੱਲੋ ਈ ਲੈ ਕੇ ਦਿਖਾ-ਦੇ! ਨਾਲੇ ਉਹ ਮੈਥੋਂ ਹੈ ਵੀ ਵੱਡਾ।"

ਮੈਂ ਮਨ 'ਚ ਕਿਹਾ, "ਬੱਲੇ ਓਏ ਪੰਜਾਬੀ ਸਾਹਿਤ ਦੇ ਸਰੂਓ ਤੇ ਬੋਹੜੋ! ਨਈਂ ਰੀਸਾਂ ਥੋਡੀਆਂ!!

ਅਜੀਤਵਾਲ ਤੋਂ ਢੁੱਡੀਕੇ ਨੂੰ ਮੁੜੇ ਤਾਂ ਕੰਵਲ ਕਹਿਣ ਲੱਗਾ, "ਜੀਅ ਕਰਦੈ ਮੈਂ ਚੁਰਾਸੀ ਸਾਲ ਜੀਵਾਂ, ਨਾਲੇ ਚੁਰਾਸੀ ਕੱਟੀ ਜਾਊ।" ਉਦੋਂ ਉਸ ਨੂੰ ਦਿਲ ਦੀ ਤਕਲੀਫ਼ ਹੋਈ ਸੀ ਤੇ ਡਾਕਟਰ ਨੇ ਚੁਕੰਨੇ ਹੋਣ ਲਈ ਕਿਹਾ ਸੀ। ਉਸ ਨੂੰ ਲੱਗਣ ਲੱਗਾ ਸੀ ਕਿ ਉਹ ਬਹੁਤੇ ਸਾਲ ਨਹੀਂ ਜੀਵੇਗਾ। ਜੇ ਚੁਰਾਸੀ ਨੂੰ ਅੱਪੜ-ਜੇ ਤਾਂ ਗ਼ਨੀਮਤ ਐ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਉਸ ਦਾ 90ਵਾਂ ਜਨਮ ਦਿਨ 2009 'ਚ ਢੁੱਡੀਕੇ ਦੇ ਮੇਲੇ ਵਿਚ ਮਨਾਇਆ ਗਿਆ। ਮੈਂ ਮੇਲੀਆਂ ਨੂੰ ਕਿਹਾ, "ਆਓ ਸ਼ੁਭ ਇਛਾਵਾਂ ਪਰਗਟ ਕਰੀਏ ਬਈ ਇਸ ਮੇਲੇ ਦਾ ਬਾਨੀ ਬਾਈ ਕੰਵਲ ਸੌ ਸਾਲ ਜੀਵੇ।"

ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ ਕੰਵਲ ਦੀ ਪਹਿਲਕਦਮੀ ਨਾਲ 1956 ਵਿਚ ਸ਼ੁਰੂ ਹੋਇਆ ਸੀ। ਉਹ ਪਿੰਡ ਦਾ ਸਰਪੰਚ ਸੀ ਜਿਸ ਨੇ ਲੜਾਈਆਂ ਝਗੜਿਆਂ ਦਾ ਮੂੰਹ ਖੇਡ ਮੁਕਾਬਲਿਆਂ ਵੱਲ ਮੋੜ ਦਿੱਤਾ ਸੀ। .......(ਚਲਦਾ)

**ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਊਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਚੌਕੀਦਾਰੀ, ਕਲੱਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫ੍ਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ,ਸਾਹਿਤ ਟ੍ਰੱਸਟ ਢੁੱਡੀਕੇ ਦੀ ਸਥਾਪਤੀਤੇ ਹੋਰ ਕਈ ਕੁਝ ਕਰਨ ਦੇ ਨਾਲਮੁਹੱਬਤ ਵੀ ਕੀਤੀ। ਉਹਦੇ ਗਰਾਈਂ ਪ੍ਰਿੰ.ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੇਸ਼ ਹੈ ਕੰਵਲ ਦਾ ਮੁਹੱਬਤਨਾਮੇ ਵਾਲਾ ਕਾਂਡ। ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਛਾਪੀ ਹੈ ਜਿਨ੍ਹਾਂ ਦਾ ਫੋਨ 01191-98729-89313 ਹੈ।**

# ਗੀਤਾਂ ਤੇ ਗੇਮਾਂ ਦੇ ਮੱਕੜਜਾਲ ਵਿੱਚ ਫਸੀ ਨੌਜਵਾਨ ਪੀੜ੍ਹੀ

-ਹਰਵਿੰਦਰ ਸਿੰਘ ਰੋਡੇ



ਖੇਡਾਂ ਨੂੰ ਸਰੀਰਕ ਤੇ ਸੰਗੀਤ ਨੂੰ ਮਾਨਸਿਕ ਤੰਦਰੁਸਤੀ ਦਾ ਵੱਡਾ ਸਾਧਨ ਮੰਨਿਆ ਗਿਆ ਹੈ, ਪਰ ਅਜੋਕੇ ਜ਼ਮਾਨੇ ਵਿੱਚ ਇਸ ਦੇ ਅਰਥ ਪੂਰੀ ਤਰ੍ਹਾਂ ਬਦਲ ਗਏ ਹਨ। ਅੱਜ ਸਾਡੇ ਨੌਜਵਾਨ ਕੋਲ ਨਾ ਰੂਹ ਨੂੰ ਸ਼ਾਂਤੀ ਦੇਣ ਵਾਲਾ ਸੰਗੀਤ ਹੈ ਤੇ ਨਾ ਸਰੀਰ ਨੂੰ ਫੌਲਾਦ ਵਰਗਾ ਬਣਾਉਣ ਵਾਲੀਆਂ ਖੇਡਾਂ। ਨੌਜਵਾਨਾਂ ਨੇ ਹੱਥਾਂ ਵਿੱਚੋਂ ਕਿਤਾਬਾਂ ਛੱਡ ਕੇ ਮੋਬਾਈਲ ਫੜ ਲਏ ਹਨ। ਕਾਲਜ ਪੜ੍ਹਦੇ ਮੁੰਡਿਆਂ ਕੋਲ ਵੀਹ-ਤੀਹ ਰੁਪਏ ਵਾਲੀ ਕਾਪੀ ਹੋਵੇ ਭਾਵੇਂ ਨਾ, ਪਰ ਵੀਹ ਤੀਹ ਹਜ਼ਾਰ ਰੁਪਏ ਵਾਲਾ ਮੋਬਾਈਲ ਫੋਨ ਜ਼ਰੂਰ ਹੁੰਦਾ ਹੈ। ਉਸ ਮੋਬਾਈਲ ਵਿੱਚ ਕੀ ਕੁਝ ਹੁੰਦਾ ਹੈ, ਇਹ ਗੱਲ ਕਹਿਣ ਸੁਣਨ ਤੋਂ ਬਾਹਰੀ ਨਹੀਂ।

ਨੌਜਵਾਨ ਆਪਣੀ ਅਸਲ ਦੁਨੀਆ ਛੱਡ ਕਿਸੇ ਹੋਰ ਦੁਨੀਆ ਵਿੱਚ ਗੁਆਚ ਗਿਆ ਹੈ। ਪੁਰਾਣੇ ਵੇਲਿਆਂ 'ਚ ਪਿੰਡਾਂ ਦੇ ਛਿੰਝ ਮੇਲੇ ਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਦੇ ਸਨ। ਜਵਾਨ ਮੁੰਡੇ ਦਿਨ ਰਾਤ ਇਕ ਕਰਕੇ ਮਿਹਨਤ ਕਰਦੇ ਤੇ ਸਵੇਰ ਵੇਲੇ ਵਿਸ਼ੇਸ਼ ਸਮਾਂ ਕੱਢ ਕੇ ਪੱਠੇ ਅਖਾੜੇ ਵਿੱਚ ਜ਼ੋਰ ਕਰਦੇ। ਜਵਾਨ ਦੀ ਇਹ ਮਿਹਨਤ ਜਿਥੇ ਖੇਡ ਮੇਲੇ ਵਿੱਚ ਝੰਡੀ ਲਿਆਉਂਦੀ, ਉਥੇ ਉਸ ਨੂੰ ਵਧੇਰੇ ਮਿਹਨਤ ਕਰਨ ਦੀ ਤਾਕਤ ਬਖਸ਼ਦੀ ਸੀ। ਉਦੋਂ ਲੋਕ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਵਿੱਚ ਕਾਮਯਾਬ ਹੁੰਦੇ। ਅੱਜ ਸਮੇਂ ਨੇ ਇਹ ਪਲਟਾ ਖਾਧਾ ਹੈ ਕਿ ਮੈਦਾਨੀ ਖੇਡਾਂ ਦੀ ਥਾਂ ਵੀਡੀਓ ਗੇਮਾਂ ਦੇ ਟੂਰਨਾਮੈਂਟ ਹੋਣ ਲੱਗੇ ਹਨ। ਇਹ ਟੂਰਨਾਮੈਂਟ ਵੀ ਕਿਸੇ ਪਿੰਡ ਦੀ ਕਮੇਟੀ ਵੱਲੋਂ ਨਹੀਂ, ਵੱਡੀਆਂ ਮੋਬਾਈਲ ਜਾਂ ਸਾਫਟਵੇਅਰ ਕੰਪਨੀਆਂ ਵੱਲੋਂ ਕਰਵਾਏ ਜਾਂਦੇ ਹਨ। ਚਰਚਿਤ ਗੇਮ ਪੱਬਜੀ ਦੇ ਟੂਰਨਾਮੈਂਟ ਦੀਆਂ ਗੱਲਾਂ ਅੱਜ ਦੀ ਜਵਾਨੀ ਦੇ ਮੂੰਹ ਉਤੇ ਰਹਿੰਦੀਆਂ ਹਨ। ਇਨ੍ਹਾਂ ਕੰਪਨੀਆਂ ਵੱਲੋ ਟੂਰਨਾਮੈਂਟ ਜੇਤੂ ਲਈ ਇਨਾਮ ਕਰੋੜਾਂ ਦਾ ਰੱਖਿਆ ਜਾਂਦਾ ਹੈ, ਜਿਸ ਕਾਰਨ ਨੌਜਵਾਨ ਆਪਣੇ ਕੀਮਤੀ ਸਮੇਂ ਨੂੰ ਇਸ ਦੇ ਅਭਿਆਸ ਲਈ ਵਰਤ ਕੇ ਜ਼ਾਇਆ ਕਰਦੇ ਹਨ। ਦੂਜੇ ਪਾਸੇ ਕੰਪਨੀ ਇਕ ਟੂਰਨਾਮੈਂਟ 'ਤੇ ਦੋ ਕਰੋੜ ਦਾ ਇਨਾਮ ਦਿਖਾ ਕੇ ਕਈ ਕਰੋੜ ਕਮਾਉਣ ਵਿੱਚ ਸਫਲ ਰਹਿੰਦੀ ਹੈ।

ਹੁੰਦਾ ਇਹ ਹੈ ਕਿ ਟੂਰਨਾਮੈਂਟ ਵੇਖ ਕੇ ਨੌਜਵਾਨ ਇਸ ਐਪ ਨੂੰ ਵਾਰ-ਵਾਰ ਅਪਡੇਟ ਕਰਦੇ ਜਾਂ ਨਵੇਂ ਵਰਜ਼ਨ ਨੂੰ ਡਾਊਨਲੋਡ ਕਰਦੇ ਅਤੇ ਕੰਪਨੀ ਦੇ ਯੂ ਟਿਊਬ ਚੈਨਲ ਦੀਆਂ ਵੀਡੀਓਜ਼ ਲਗਾਤਾਰ ਵੇਖਦੇ ਹਨ ਤਾਂ ਜੋ ਕਿਸੇ ਵੀ ਹੋ ਰਹੀ ਤਬਦੀਲੀ ਦਾ ਉਨ੍ਹਾਂ ਨੂੰ ਪਤਾ ਚੱਲਦਾ ਰਹੇ। ਦੂਜਾ ਗੇਮ ਦਾ ਪੂਰਾ ਸੁਆਦ ਲੈਣ ਦੀ ਇੱਛਾ ਨਾਲ ਉਹ ਨਵੇਂ-ਨਵੇਂ ਸੈਲਫੋਨਾਂ ਦੀ ਖਰੀਦ ਕਰਦੇ ਹਨ। ਨੌਜਵਾਨ ਦੀਆਂ ਇਨ੍ਹਾਂ ਤਿੰਨਾਂ ਹਰਕਤਾਂ ਤੋਂ ਕੰਪਨੀ ਕਈ ਕਰੋੜ ਰੁਪਏ ਬਣਾ ਲੈਂਦੀ ਹੈ। ਫਿਰ ਰੱਖੇ ਗਏ ਟੂਰਨਾਮੈਂਟ ਵਿੱਚ ਸਾਫਟਵੇਅਰ ਕੰਪਨੀਆਂ ਮੌਕੇ 'ਤੇ ਆਨ ਗੇਮ ਕਮਾਂਡਾਂ ਵਿੱਚ ਫੇਰ ਬਦਲ ਕਰਕੇ ਨਤੀਜਾ ਵੀ ਆਪਣੇ ਹੱਥ ਵਿੱਚ ਰੱਖ ਲੈਂਦੀਆਂ ਹਨ। ਨੌਜਵਾਨ ਪੈਸਾ, ਸਮਾਂ ਤੇ ਊਰਜਾ ਗੁਆ ਬੈਠਦਾ ਹੈ ਤੇ ਨਮੋਸ਼ੀ ਦਾ ਸ਼ਿਕਾਰ ਹੋ ਜਾਂਦਾ ਹੈ।

ਇਨ੍ਹਾਂ ਗੇਮਾਂ ਨਾਲ ਨੌਜਵਾਨ ਦੇ ਮਨ ਉੱਤੇ ਜੋ ਅਸਰ ਪੈਂਦਾ ਹੈ, ਉਹ ਨੌਜਵਾਨ ਨੂੰ ਨਾਇਕ ਨਹੀਂ, ਸਗੋਂ ਖਲਨਾਇਕ ਬਣਾਉਣ ਵਾਲਾ ਹੁੰਦਾ ਹੈ। ਅੱਜ ਤੱਕ ਅਜਿਹੀ ਕੋਈ ਵੀਡੀਓ ਗੇਮ ਨਹੀਂ ਚੱਲੀ, ਜਿਸ ਵਿੱਚ ਖਿਡਾਰੀ ਨੂੰ ਕਿਸੇ ਦੀ ਮਦਦ ਕਰਨੀ ਜਾਂ ਕਿਸੇ ਦਾ ਦੁੱਖ ਵੰਡਾਉਣਾ ਸਿਖਾਇਆ ਜਾਂਦਾ ਹੋਵੇ। ਹਰ ਵੀਡੀਓ ਗੇਮ ਵਿੱਚ ਇਕ ਦੂਜੇ ਨੂੰ ਜਾਨੋਂ ਮਾਰਨ ਦੇ ਨਿਰਦੇਸ਼ ਮਿਲਦੇ ਹਨ। ਗੇਮਾਂ ਖੇਡਦੇ ਨੌਜਵਾਨ ਹਥਿਆਰਾਂ ਤੇ ਉਨ੍ਹਾਂ ਦੇ ਪੁਰਜ਼ਿਆਂ ਤੋਂ ਪੂਰੀ ਤਰ੍ਹਾਂ ਜਾਣੂ ਹੋ ਜਾਂਦੇ ਹਨ। ਇਸ ਯੁੱਗ ਵਿੱਚ ਦੇ ਕੋਈ ਵਿਰਲਾ ਟਾਵਾਂ ਨੌਜਵਾਨ ਇਨ੍ਹਾਂ ਗੇਮਾਂ ਦਾ ਆਦੀ ਨਹੀਂ, ਗੇਮਾਂ ਦੇ ਖਿਡਾਰੀ ਉਸ ਨੂੰ ਪਛੜਿਆ ਦੱਸਣ ਲੱਗਦੇ ਹਨ। ਉਹ ਗੇਮ ਦੀ ਗੱਲ ਕਰਦੇ ਆਖਦੇ ਹਨ, 'ਇਕ ਵਾਰ ਖੇਡ ਕੇ ਵੇਖੋ, ਟਾਈਮ ਵਧੀਆ ਪਾਸ ਹੁੰਦਾ ਹੈ।' ਸਾਡੀ ਜਵਾਨੀ ਕੀ ਸਿਰਫ ਟਾਈਮ ਪਾਸ ਕਰਨ ਲਈ ਹੈ? ਅਸੀਂ ਇਸ ਦੁਨੀਆ ਉਤੇ ਜਿੰਦ ਮਾਨਣ ਆਏ ਹਾਂ ਜਾਂ ਜੂਨ ਭੋਗਣ? ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਸਮਰੱਥਾ ਸਾਡੇ ਨੌਜਵਾਨਾਂ ਵਿੱਚ ਇਨ੍ਹਾਂ ਗੇਮਾਂ ਨੇ ਨਹੀਂ ਰਹਿਣ ਦਿੱਤੀ।

ਇਹੀ ਹਾਲ ਅਜੋਕੇ ਗੀਤਾਂ ਦਾ ਹੈ। ਗੀਤ ਵੀ ਸਾਨੂੰ ਉਸ ਜਗ੍ਹਾ ਫਾਇਰ ਕਰਨਾ ਸਿਖਾਉਂਦੇ ਨੇ, ਜਿਥੇ ਹਥਿਆਰ ਦੀ ਪਾਬੰਦੀ ਹੁੰਦੀ ਹੈ। ਇਸ ਨਾਲ ਅਸੀਂ ਆਪਣੇ ਨਾਲ ਦੂਜੇ ਦੀ ਜਾਨ ਵੀ ਜੋਖਮ ਵਿੱਚ ਪਾ ਛੱਡਦੇ ਹਾਂ। ਸਵੇਰੇ ਉਠ ਕੇ ਕਸਰਤ ਕਰਨ ਦੀ ਥਾਂ ਮੋਟੀ ਨਾਗਨੀ ਜਾਂ ਹੋਰ ਭੈੜਾ ਨਸ਼ਾ ਕਰਨ ਦੀ ਨਸੀਹਤ ਗੀਤਾਂ ਵਿੱਚੋਂ ਆਮ ਮਿਲਦੀ ਹੈ। ਟੁੱਟੇ ਭੱਜੇ ਰੋਡ 'ਤੇ ਜਾ ਰਹੀ ਨੌਜਵਾਨ ਦੀ ਗੱਡੀ ਵਿੱਚ ਵੱਜਦਾ ਚੱਕਵਾਂ ਗੀਤ ਉਸ ਨੂੰ ਗੱਡੀ ਡੇਢ ਸੌ ਕਿਲੋਮੀਟਰ ਪ੍ਰਤੀ ਘੰਟਾ 'ਤੇ ਚੜ੍ਹਾ ਦੇਣ ਲਈ ਉਕਸਾਉਂਦਾ ਤੇ ਗੀਤ ਦੇ ਬੋਲ ਡੇਢ ਸੌ ਦੀ ਸਪੀਡ ਨਾਲ ਕਾਲਜਾ ਠਾਰਨ ਦੀ ਗੱਲ ਕਰਦੇ ਹਨ। ਗੀਤ ਮੁਤਾਬਕ ਗੱਡੀ ਚਲਾਉਣ ਨਾਲ ਸਵਾਰ ਦਾ ਕਾਲਜਾ ਤਾਂ ਕੀ, ਉਹਦਾ ਪੂਰਾ ਸਰੀਰ ਭਿਆਨਕ ਦੁਰਘਟਨਾ ਵਿੱਚ ਠੰਢਾ ਪੈ ਜਾਂਦਾ ਹੈ। ਇਸ ਤੋਂ ਘੱਟ ਸਪੀਡ ਨਾਲ ਗੱਡੀ ਚਲਾਉਣ ਦੀ ਗੱਲ ਅੱਜ ਦੇ ਗੀਤਾਂ ਵਿੱਚ ਕੀਤੀ ਹੀ ਨਹੀਂ ਜਾਂਦੀ। ਮਹਾਨ ਸੰਗੀਤਕਾਰ ਜਗਜੀਤ ਸਿੰਘ ਦਾ ਗੀਤ 'ਜ਼ਰਾ ਬਚ ਕੇ ਮੋੜ ਤੋਂ' ਕਾਫੀ ਚਿਰ ਪਹਿਲਾਂ ਆਇਆ ਸੀ। ਗੀਤ ਦੇ ਬੋਲ ਸਨ, 'ਦੇਖ ਲੈ ਇਨ੍ਹਾਂ ਸੜਕਾਂ ਉਤੇ ਕਿੰਨਾ ਭੀੜ ਭੜੱਕਾ ਈ ਓਏ..।' ਉਦੋਂ ਦੇ ਭੀੜ ਭੜੱਕੇ ਨਾਲੋਂ ਅੱਜ ਇਹ ਕਈ ਗੁਣਾ ਵਧ ਜਾਣ ਦੇ ਬਾਵਜੂਦ ਕਿਸੇ ਸੰਗੀਤਕਾਰ ਨੇ ਅਜਿਹਾ ਗੀਤ ਨਹੀਂ ਗਾਇਆ ਜੋ ਮਾਰੂ ਸੜਕਾਂ ਤੋਂ ਬਚਣ ਬਾਰੇ ਦੱਸਦਾ ਹੋਵੇ। ਹੋਰ ਤਾਂ ਹੋਰ ਅੱਜ ਦੇ ਟਿੱਕ ਟਾਕ ਨੇ ਇਨ੍ਹਾਂ ਮਾਰੂ ਗੀਤਾਂ 'ਤੇ ਵੀਡੀਓ ਬਣਾਉਂਦੇ ਕਈ ਜਵਾਨਾਂ ਨੂੰ ਖੌਫਨਾਕ ਹਾਦਸਿਆਂ ਦਾ ਸ਼ਿਕਾਰ ਬਣਾਇਆ ਹੈ।

ਕੁਦਰਤੀ ਹੈ ਕਿ ਮਨੁੱਖੀ ਜਿਹੋ ਜਿਹਾ ਸੰਗੀਤ ਸੁਣਦਾ ਹੈ, ਉਹੋ ਜਿਹਾ ਉਸ ਦੇ ਮਨ ਉੱਤੇ ਅਸਰ ਹੁੰਦਾ ਹੈ। ਇਸੇ ਕਰ ਕੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜਰਨੈਲਾਂ ਵਿੱਚ ਬੀਰਤਾ ਭਰਨ ਲਈ ਅਕਾਲ ਤਖਤ ਸਾਹਿਬ 'ਤੇ ਢਾਡੀ ਵਾਰਾਂ ਸ਼ੁਰੂ ਕੀਤੀਆਂ ਸਨ। ਢਾਰੀ ਬੀਰ ਰਸ ਦੀਆਂ ਵਾਰਾਂ ਗਾਉਂਦੇ ਤੇ ਖਾਲਸਾਈ ਫੌਜ ਦਾ ਖੂਨ ਖੌਲਦਾ ਜਾਂਦਾ। ਇਨ੍ਹਾਂ ਵਾਰਾਂ ਵਿੱਚ ਜੰਗਾਂ ਯੁੱਧਾਂ ਦੀ ਗੱਲ ਹੁੰਦੀ, ਪਰ ਇਹ ਯੁੱਧ ਮਜ਼ਲੂਮ ਦੀ ਰੱਖਿਆ ਤੇ ਜ਼ੁਲਮ ਦੇ ਟਾਕਰੇ ਲਈ ਸਨ। ਉਸ ਸੰਗੀਤ ਨੂੰ ਸੁਣ ਸੂਰਮਿਆਂ ਨੂੰ ਅੰਦਰੋਂ ਬਲਵਾਨ ਹੋਣ ਦਾ ਅਹਿਸਾਸ ਹੁੰਦਾ ਸੀ। ਅੱਜ ਦੇ ਗਾਣਿਆਂ ਤੇ ਗੇਮਾਂ ਦੇ ਮੱਕੜਜਾਲ ਵਿੱਚ ਫਸੇ ਨੌਜਵਾਨ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਇਹ ਉਸ ਨੂੰ ਘੁਣ ਵਾਗੂੰ ਅੰਦਰੋਂ-ਅੰਦਰੀ ਖਾ ਕੇ ਖੋਖਲਾ ਕਰੀ ਜਾ ਰਹੇ ਹਨ। ਜਦੋਂ ਤੱਕ ਉਸ ਨੂੰ ਅਹਿਸਾਸ ਹੋਣ ਲੱਗਦਾ ਹੈ ਤਦ ਤੱਕ ਸਮਾਂ ਹੱਥੋਂ ਖੁੰਝ ਜਾਂਦਾ ਹੈ।

ਸਵਾਲ ਉਠਦਾ ਹੈ ਪੰਜਾਬੀ ਮਾਰਸ਼ਲ ਕੌਮ ਦੇ ਵਾਰਸ ਅੱਜ ਮਾੜੇ ਗੀਤਾਂ ਤੇ ਗੇਮਾਂ ਦੇ ਵਾਰਸ ਕਿਉਂ ਹੋ ਗਏ ਹਨ। ਦਰਅਸਲ ਅੱਜ ਦੀ ਪੀੜ੍ਹੀ ਦਾ ਢਾਡੀ ਵਾਰਾਂ, ਕਵੀਸ਼ਰੀ ਜਾਂ ਚੰਗੇ ਸਾਹਿਤ ਨਾਲ ਤਾਲਮੇਲ ਨਹੀਂ। ਇਸ ਪਿੱਛੇ ਕਾਰਨ ਇਹ ਹੈ ਕਿ ਕਿਸੇ ਵੀ ਵਿਅਕਤੀ ਦਾ ਕਿਸੇ ਕਲਾ ਨਾਲ ਤਾਲਮੇਲ ਆਪਣੇ ਬੌਧਿਕ ਪੱਧਰ ਅਨੁਸਾਰ ਬੈਠਦਾ ਹੈ। ਸਾਡਾ ਬੌਧਿਕ ਪੱਧਰ ਨੀਵਾਂ ਹੋ ਰਿਹਾ ਹੈ, ਜਿਸ ਨਾਲ ਨੀਵੇਂ ਪੱਧਰ ਦੇ ਸੰਗੀਤ ਨਾਲ ਮਨ ਦਾ ਤਾਲਮੇਲ ਬੈਠਣਾ ਸੁਭਾਵਿਕ ਹੈ। ਬੌਧਿਕਤਾ ਦੇ ਨੀਵੇਂਪਣ ਪਿੱਛੇ ਕਾਰਨ ਇਹ ਹੈ ਕਿ ਅੱਜ ਅਸੀਂ ਬੱਚਿਆਂ ਦੇ ਅਕਾਦਮਿਕ ਅੰਕਾਂ ਨੂੰ ਉਸ ਦਾ ਵਿਕਾਸ ਮੰਨਣਾ ਸ਼ੁਰੂ ਕਰ ਦਿੱਤਾ ਹੈ। ਸਮੇਂ ਦੀ ਲੋੜ ਬੱਚਿਆਂ ਦਾ ਸਰਬ ਪੱਖੀ ਵਿਕਾਸ ਕਰਕੇ ਉਨ੍ਹਾਂ ਦਾ ਬੌਧਿਕ ਪੱਧਰ ਉਚਿਆਉਣਾ ਹੈ। ਇਸ ਲਈ ਸਕੂਲ ਅਧਿਆਪਕ ਤੇ ਮਾਪੇ ਮੋਹਰੀ ਭੂਮਿਕਾ ਨਿਭਾ ਸਕਦੇ ਹਨ। ਇਸ ਦਾ ਪਹਿਲਾ ਕਦਮ ਹੈ ਸਕੂਲਾਂ ਵਿੱਚ ਪਹਿਲੇ ਸਮੇਂ ਵਾਂਗ ਬਾਲ ਸਭਾਵਾਂ ਸ਼ੁਰੂ ਕੀਤੀਆਂ ਜਾਣ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਤੋਂ ਖਬਰਾਂ, ਵਿਚਾਰ ਤੇ ਮਿਆਰੀ ਗੀਤ ਪੇਸ਼ ਕਰਵਾਏ ਜਾਣ। ਇਸ ਨਾਲ ਵਿਦਿਆਰਥੀ ਚੰਗੇ ਵਿਚਾਰਾਂ ਨੂੰ ਲੱਭਣ ਦੇ ਬਹਾਨੇ ਚੰਗੀਆਂ ਕਿਤਾਬਾਂ ਨਾਲ ਜੁੜਨਗੇ ਤੇ ਚੰਗੇ ਗੀਤ ਗਾਉਣ ਦੇ ਮਕਸਦ ਨਾਲ ਉਹ ਚੰਗਾ ਸੰਗੀਤ ਸੁਣਨ ਦੇ ਆਦੀ ਹੋਣਗੇ। ਸਕੂਲ ਦੀ ਲਾਇਬ੍ਰੇਰੀ ਦਾ ਵਿਸ਼ੇਸ਼ ਪੀਰੀਅਡ ਰੱਖਿਆ ਜਾਵੇ, ਪਿੰਡਾਂ ਦੇ ਕਲੱਬਾਂ ਜਾਂ ਪੰਚਾਇਤਾਂ ਵੱਲੋਂ ਪਿੰਡਾਂ ਵਿੱਚ ਲਾਇਬ੍ਰੇਰੀਆਂ ਬਣਾ ਜਵਾਨੀ ਨੂੰ ਸਾਹਿਤ ਵੱਲ ਉਤਸ਼ਾਹਿਤ ਕੀਤਾ ਜਾਵੇ। ਲਾਇਬ੍ਰੇਰੀਅਨ ਆਪ ਸਾਹਿਤਕ ਮੱਸ ਰੱਖਣ ਵਾਲਾ ਚਾਹੀਦਾ ਹੈ, ਫਿਰ ਹੀ ਲਾਇਬ੍ਰੇਰੀਆਂ ਸੁਚਾਰੂ ਢੰਗ ਨਾਲ ਚੱਲ ਸਕਦੀਆਂ ਹਨ, ਨਹੀਂ ਤਾਂ ਇਨ੍ਹਾਂ ਵਿੱਚ ਪਈਆਂ ਕਿਤਾਬਾਂ ਸ਼ਿੰਗਾਰ ਮਾਤਰ ਹੀ ਰਹਿ ਜਾਂਦੀਆਂ ਹਨ। ਚੰਗੇ ਸਾਹਿਤ ਨਾਲ ਜੁੜੀ ਜਵਾਨੀ ਆਪਣੇ ਆਪ ਨੀਵੇਂ ਪੱਧਰ ਦੇ ਗੀਤਾਂ ਤੇ ਗੇਮਾਂ ਤੋਂ ਨੱਕ ਵੱਟ ਲਵੇਗੀ। ਉਹ ਕਾਰਪੋਰੇਟ ਕੰਪਨੀਆਂ ਦੀਆਂ ਚਾਲਾਂ ਨੂੰ ਸਮਝਣ ਦੇ ਸਮਰੱਥ ਹੋ ਜਾਵੇਗੀ। ਕਹਿੰਦੇ ਨੇ ਜੇ ਬੁਰੀ ਲੀਕ ਨੂੰ ਮਿਟਾਉਣਾ ਹੋਵੇ ਤਾਂ ਉਸ ਉਪਰ ਉਸ ਤੋਂ ਵੱਡੀ ਚੰਗੀ ਲੀਕ ਖਿੱਚ ਦੇਣੀ ਚਾਹੀਦੀ ਹੈ। ਇਹੀ ਅੱਜ ਦੀ ਲੋੜ ਹੈ।

# ਸਸਤੀ ਕਾਰ

-ਰਾਬਰਟ ਕਲੀਮੈਂਟਸ

ਸਾਡੇ 'ਚੋਂ ਜ਼ਿਆਦਾਤਰ ਲੋਕ ਚੀਨੀ ਅਤੇ ਹੋਰ ਸਸਤੇ ਉਤਪਾਦ ਖਰੀਦ ਕੇ ਇਹ ਮਹਿਸੂਸ ਕਰਦੇ ਹਨ ਕਿ ਅਸੀਂ ਆਪਣੇ ਧਨ ਦੀ ਪੂਰੀ ਕੀਮਤ ਵਸੂਲ ਲਈ ਹੈ। ਜ਼ਿਆਦਾ ਵਾਰ ਅਜਿਹਾ ਨਹੀਂ ਹੁੰਦਾ, ਜਿਵੇਂ ਕਿ ਮੈਂ ਆਪਣੇ ਖਿਆਲਾਂ ਵਿੱਚ ਲਗਾਏ ਅਨੁਮਾਨ ਮੁਤਾਬਕ ਦੇਖਿਆ ਹੈ :

ਸ਼ਹਿਰ ਦੇ ਬਾਹਰੀ ਖੇਤਰ ਵਿੱਚ ਆਪਣੀ ਫੈਕਟਰੀ ਦਿਖਾਉਂਦੇ ਹੋਏ ਕੰਪਨੀ ਦਾ ਪ੍ਰਬੰਧ ਨਿਰਦੇਸ਼ਕ ਬੋਲਿਆ, 'ਸਾਡੇ ਇੰਜੀਨੀਅਰਾਂ ਨੇ ਇਹ ਕਾਰ ਬਣਾਉਣ ਲਈ ਦਿਨ-ਰਾਤ ਸਖਤ ਮਿਹਨਤ ਕੀਤੀ ਹੈ।'

ਮੈਂ ਕਿਹਾ, "ਅਤੇ ਇਹ ਕਾਰ ਇੱਕ ਲੱਖ ਤੋਂ ਵੀ ਘੱਟ ਕੀਮਤ 'ਚ ਮਿਲੇਗੀ?"

ਵਰਕਸ਼ਾਪ ਖੇਤਰ ਵਿੱਚ ਇੱਕ ਲੰਮੇ ਗਲਿਆਰੇ 'ਚੋਂ ਲਿਜਾਂਦੇ ਹੋਏ ਪ੍ਰਬੰਧ ਨਿਰਦੇਸ਼ਕ ਚਹਿਕਦਾ ਹੋਇਆ ਬੋਲਿਆ, "50 ਹਜ਼ਾਰ ਤੋਂ ਵੀ ਘੱਟ 'ਚ ਅਤੇ ਇਹ ਰਹੀ।"

ਮੈਂ ਉੱਚੀ ਜਿਹੀ ਆਵਾਜ਼ ਵਿੱਚ ਬੋਲਿਆ, "ਇਹ ਖੂਬਸੂਰਤ ਹੈ।"

ਪ੍ਰਬੰਧ ਨਿਰਦੇਸ਼ਕ ਨੇ ਬੜੇ ਮਾਣ ਨਾਲ ਕਿਹਾ, "ਜਿਸ ਪੇਂਟ ਦੀ ਵਰਤੋਂ ਅਸੀਂ ਕੀਤੀ ਹੈ, ਉਹ ਓਵਨ ਫਿਨਿਸ਼ ਟੈਕਨਾਲੋਜੀ 'ਚ ਆਧੁਨਿਕ ਹੈ। ਇੱਕ ਵਾਰ ਚਮਕਾਉਣ 'ਤੇ ਕਾਰ ਇੱਕ ਮਹੀਨੇ ਬਾਅਦ ਵੀ ਇਸੇ ਤਰ੍ਹਾਂ ਚਮਕਦੀ ਰਹੇਗੀ।"

ਮੈਂ ਬੇਯਕੀਨੀ ਨਾਲ ਕਿਹਾ, "ਕੋਈ ਚੀਜ਼ ਤਾਂ ਅਜਿਹੀ ਹੋਵੇਗੀ ਕਿ ਇਸ ਮਾਡਲ ਦੀਆਂ ਕੀਮਤਾਂ ਇੰਨੀਆਂ ਘੱਟ ਕਰਨ ਲਈ ਤੁਸੀਂ ਕਟੌਤੀ ਕੀਤੀ ਹੋਵੇਗੀ।"

ਪ੍ਰਬੰਧ ਨਿਰਦੇਸ਼ਕ ਨੇ ਚਹਿਕਦਿਆਂ ਕਿਹਾ, "ਇੰ-ਪੋਰਟਿਡ ਬੱਕਲਜ਼ ਨਾਲ ਸੇਫਟੀ ਬੈਲਟਸ।"

ਮੈਂ ਕਿਹਾ, "ਬਹੁਤ ਖੂਬ।"

"ਇਸ ਦੀਆਂ ਸੀਟਾਂ ਇੰਨੀਆਂ ਨਰਮ ਅਤੇ ਮਜ਼ਬੂਤ ਹਨ ਕਿ ਬਹੁਤ ਲੰਮੇ ਸਮੇਂ ਤੱਕ ਚੱਲਣਗੀਆਂ।"

"ਯਕੀਨ ਨਹੀਂ ਹੁੰਦਾ।"

"ਫਾਈਬਰ ਗਲਾਸ ਦੇ ਬੰਪਰਜ਼, ਜਿਨ੍ਹਾਂ ਨਾਲ ਕਾਰ ਨੂੰ ਅੱਗਿਓਂ ਕੋਈ ਨੁਕਸਾਨ ਨਹੀਂ ਪਹੁੰ-ਚੇਗਾ।"

ਮੈਂ ਖਦਸ਼ੇ ਦੇ ਲਹਿਜ਼ੇ ਵਿੱਚ ਪੁੱਛਿਆ, "ਅਤੇ ਪਿੱਛਿਓਂ?"

"ਸਕਰੂ ਆਨ ਬਲਬਾਂ ਨਾਲ ਹੈੱਡ ਲਾਈਟਸ।"

"ਬਹੁਤ ਵਧੀਆ।"

"ਟਿੰਟਿਡ ਗਲਾਸਿਜ਼।"

"ਹੈਰਾਨੀ ਜਨਕ।"

ਆਟੋਮੋਬਾਈਲ ਕੰਪਨੀ ਦੇ ਪ੍ਰਬੰਧ ਨਿਰਦੇਸ਼ਕ ਨੇ ਮੇਰੇ ਵੱਲ ਬਹੁਤ ਮਾਣ ਨਾਲ ਦੇਖਿਆ ਅਤੇ ਕਿਹਾ, "ਇਸ ਕਾਰ ਨਾਲ ਸਾਡੀ ਕੰਪਨੀ ਆਪਣੇ ਪੈਰਾਂ 'ਤੇ ਫਿਰ ਖੜ੍ਹੀ ਹੋ ਜਾਵੇਗੀ ਅਤੇ ਸਾਡੇ ਸ਼ੇਅਰ ਆਸਮਾਨ ਨੂੰ ਛੂਹਣ ਲੱਗਣਗੇ।"

ਮੈਂ ਕਿਹਾ, "ਤੁਸੀਂ ਤਾਂ ਫਿਰ ਸ਼ਹਿਰ ਵਿੱਚ ਸਭ ਦੀ ਜ਼ੁਬਾਨ 'ਤੇ ਹੋਵੋਗੇ?"

ਉਸ ਨੇ ਕਿਹਾ, "ਵਿਸ਼ਵ ਬਾਜ਼ਾਰ ਵਿੱਚ ਭਾਰਤ ਦਾ ਸਿਰ ਮਾਣ ਨਾਲ ਉਚਾ ਹੋ ਜਾਵੇਗਾ। ਬਹੁਤ ਲੰਮੇ ਸਮੇਂ ਤੱਕ ਅਸੀਂ ਵਿਦੇਸ਼ੀ ਤਕਨੀਕ ਅੱਗੇ ਝੁਕਦੇ ਰਹੇ ਹਾਂ।"

ਮੈਂ ਚਿੱਲਾਇਆ, "ਹਾਂ, ਤੁਸੀਂ ਇਸ ਕਾਰ ਦੀ ਬਰਾਮਦ ਕਰ ਸਕਦੇ ਹੋ।"

"ਕੀ ਤੁਸੀਂ ਆਪਣੇ ਲੇਖ 'ਚ ਇਸ ਦਾ ਜ਼ਿਕਰ ਕਰੋਗੇ?"

ਮੈਂ ਕਿਹਾ, "ਯਕੀਨੀ ਤੌਰ 'ਤੇ।"

ਉਸ ਨੇ ਕਿਹਾ, "ਮੇਰੇ ਆਫਿਸ ਵਿੱਚ ਚੱਲ ਕੇ ਕੁਝ ਸ਼ੈਂਪੇਨ ਪੀਂਦੇ ਹਾਂ।"

ਮੈਂ ਉਤਸੁਕਤਾ ਨਾਲ ਕਿਹਾ, "ਇਸ ਵਿੱਚ ਇੱਕ ਚੱਕਰ ਲਾਉਂਦੇ ਹਾਂ।"

ਪ੍ਰਬੰਧ ਨਿਰਦੇਸ਼ਕ ਨੇ ਦੁਚਿੱਤੀ ਨਾਲ ਪੁੱਛਿਆ, "ਕੀ।"

ਮੈਂ ਸਪੱਸ਼ਟ ਕੀਤਾ, "ਡਰਾਈਵ 'ਤੇ, ਕਾਰ ਨੂੰ ਡਰਾਈਵ 'ਤੇ ਲੈ ਕੇ ਚੱਲਦੇ ਹਾਂ।"

ਪ੍ਰਬੰਧ ਨਿਰਦੇਸ਼ਕ ਨੇ ਤੁਰੰਤ ਕਿਹਾ, "ਇਸ ਨੂੰ ਡਰਾਈਵ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਇੰਜਣ ਲਾਉਣਾ ਪਵੇਗਾ।"

ਮੈਂ ਹੈਰਾਨੀ ਨਾਲ ਪੁੱਛਿਆ, "ਕੀ ਇਸ ਵਿੱਚ ਇੰਜਣ ਨਹੀਂ ਹੈ।"

ਪ੍ਰਬੰਧ ਨਿਰਦੇਸ਼ਕ ਮੈਨੂੰ ਵਰਕਸ਼ਾਪ 'ਚੋਂ ਬਾਹਰ ਕੱਢਦਿਆਂ ਚਿਲਾਇਆ, "50,000 ਰੁਪਏ ਵਿੱਚ ਤੁਸੀਂ ਹੋਰ ਕੀ ਚਾਹੋਗੇ? ਇੰਜਣ ਨਾਲ ਕਾਰ?"

ਜਦੋਂ ਤੁਸੀਂ ਇਸ ਨੂੰ ਪੜ੍ਹ ਕੇ ਹੱਸ ਰਹੇ ਹੋ ਤਾਂ ਜ਼ਰਾ ਸੋਚੋ, ਜਦੋਂ ਤੁਸੀਂ ਸਸਤੀ ਚੀਜ਼ ਲਈ ਖੁਦ ਨਾਲ ਸਮਝੌਤਾ ਕਰਦੇ ਹੋ। ਅਸੀਂ ਅਜਿਹਾ ਹਰ ਵਾਰ ਕਰਦੇ ਹਾਂ-ਸਸਤੇ ਉਤਪਾਦ, ਸਸਤੇ ਡਾਕਟਰ (ਜੋ ਐੱਮ ਬੀ ਬੀ ਐੱਸ ਵੀ ਨਹੀਂ ਹੁੰਦੇ), ਸਸਤੇ ਵਕੀਲ, ਸਸਤੇ ਮਕਾਨ, ਜੋ ਜ਼ਰਾ ਜਿੰਨੇ ਮੀਂਹ ਕਾਰਨ ਡਿੱਗਣ 'ਤੇ ਆ ਜਾਂਦੇ ਹਨ। ਗੁਣਵੱਤਾ ਵੱਲ ਧਿਆਨ ਦੇਣਾ ਸ਼ੁਰੂ ਕਰੋ, ਕੰਪਨੀ ਦੀ ਸਾਖ 'ਤੇ। ਕਿਸੇ ਸਮੇਂ ਅਸੀਂ ਫੜ੍ਹੀਆਂ 'ਤੇ ਸਾਮਾਨ ਵੇਚਣ ਵਾਲਿਆਂ ਦਾ ਦੇਸ਼ ਹੁੰਦੇ ਸੀ, ਅੱਜ ਪ੍ਰਾਈਸ ਟੈਗ ਤੋਂ ਅੱਗੇ ਦੇਖਣਾ ਸ਼ੁਰੂ ਕਰੋ।


## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

Jagdish Grewal
Sales Representative



(416) 970-5005


Residential | Commercial | Investment

Century 21 President Realty Inc Brokerage
Independently Owned and Operated

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਮਾਮਲਾ ਚਿਦੰਬਰਮ ਦੀ ਚੜ੍ਹਤ ਤੇ ਨਿਘਾਰ ਦਾ ਜਾਂ ਸਿਸਟਮ ਦਾ!



ਜਤਿੰਦਰ ਪੰਨੂ

ਉਹ ਵੀ ਸਮਾਂ ਸੀ, ਜਦੋਂ ਮਸਾਂ ਚਾਲੀ ਸਾਲਾਂ ਦੀ ਉਮਰ ਵਿੱਚ ਰਾਜੀਵ ਗਾਂਧੀ ਨੇ ਭਾਰਤ ਦੀ ਕਮਾਨ ਸੰਭਾਲੀ ਅਤੇ ਆਪਣੇ ਤੋਂ ਮਸਾਂ ਇੱਕ ਸਾਲ ਛੋਟੇ ਪਲਾਨੀਅੱਪਨ ਚਿਦੰਬਰਮ ਨੂੰ ਕੇਂਦਰ ਦੀ ਸਰਕਾਰ ਵਿੱਚ ਮੰਤਰੀ ਬਣਾਇਆ ਸੀ। ਬਹੁਤ ਚਰਚਿਤ ਰਹੇ ਕੇਂਦਰੀ ਮੰਤਰੀਆਂ ਵਿੱਚ ਉਸ ਵਕਤ ਸ਼ਾਮਲ ਰਿਹਾ ਚਿਦੰਬਰਮ ਫਿਰ ਚੜ੍ਹਤ ਦੀਆਂ ਪੌੜੀਆਂ ਚੜ੍ਹਦਾ ਇਸ ਦੇਸ਼ ਦਾ ਖਜ਼ਾਨਾ ਮੰਤਰੀ ਵੀ ਬਣਿਆ ਤੇ ਗ੍ਰਹਿ ਮੰਤਰੀ ਵੀ। ਸੱਤ ਵਾਰੀ ਲੋਕ ਸਭਾ ਦਾ ਮੈਂਬਰ ਬਣਿਆ ਅਤੇ ਅੱਜ ਕੱਲ੍ਹ ਉਹ ਰਾਜ ਸਭਾ ਦਾ ਮੈਂਬਰ ਹੈ। ਇਹੋ ਵੇਲਾ ਉਸ ਲਈ ਸਭ ਤੋਂ ਔਖਾ ਹੈ। ਉਹ ਈਮਾਨਦਾਰ ਲੀਡਰ ਡਾ: ਮਨਮੋਹਨ ਸਿੰਘ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਦੇ ਦੌਰਾਨ ਕੀਤੇ ਕੁਝ ਕੰਮਾਂ ਲਈ ਇਸ ਵਕਤ ਕੇਂਦਰੀ ਜਾਂਚ ਬਿਊਰੋ ਦੀ ਹਿਰਾਸਤ ਵਿੱਚ ਹੈ ਤੇ ਜਿਹੜੇ ਦੋਸ਼ ਲੱਗਦੇ ਹਨ, ਉਨ੍ਹਾਂ ਨੂੰ ਸੁਣ ਕੇ ਕਈ ਲੋਕਾਂ ਨੂੰ ਹੈਰਾਨੀ ਹੁੰਦੀ ਹੈ। ਅੰਨਾਮਲਾਈ ਯੂਨੀਵਰਸਿਟੀ ਅਤੇ ਅੱਜ ਕੱਲ੍ਹ ਦੇਸ਼ ਦੀ ਪ੍ਰਮੁੱਖ ਬੀਮਾ ਕੰਪਨੀ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਉਸ ਦੇ ਨਾਨੇ ਨੇ ਸ਼ੁਰੂ ਕੀਤੀਆਂ ਸਨ ਅਤੇ ਉਸ ਦੇ ਭਰਾ ਨੇ ਇੰਡੀਅਨ ਬੈਂਕ ਖੁਦ ਸ਼ੁਰੂ ਕੀਤਾ ਅਤੇ ਕਿਸੇ ਹੋਰ ਨਾਲ ਰਲ ਕੇ ਇੰਡੀਅਨ ਓਵਰਸੀਜ਼ ਬੈਂਕ ਸ਼ੁਰੂ ਕਰਨ ਵਿੱਚ ਉਸ ਦੀ ਮੋਹਰੀ ਭੂਮਿਕਾ ਸੀ। ਏਡੇ ਅਮੀਰ ਪਰਵਾਰ ਅਤੇ ਅਮੀਰ ਵਿਰਸੇ ਵਾਲੇ ਪਰਵਾਰ ਵਿੱਚ ਜਨਮ ਲੈਣ ਵਾਲਾ ਚਿਦੰਬਰਮ ਕਿਸੇ ਵਕਤ ਖੱਬੇ ਪੱਖੀਆਂ ਦਾ ਬਾਹਰੀ ਸਮੱਰਥਕ ਹੁੰਦਾ ਸੀ ਤੇ ਅੱਜ ਵੀ ਕਈ ਵਾਰੀ ਭਾਸ਼ਣਾਂ ਦੌਰਾਨ ਆਪਣੇ ਪੁਰਾਣੇ ਰੰਗ ਵਿੱਚ ਆ ਜਾਂਦਾ ਹੈ, ਪਰ ਜਦੋਂ ਉਸ ਬੰਦੇ ਦੇ ਜੀਵਨ ਦੀਆਂ ਪਰਤਾਂ ਫੋਲੀਏ ਤਾਂ ਅੰਦਰੋਂ ਲੱਭਾ ਪੁਲੰਦਾ ਉਸ ਦੀਆਂ ਤੰਦਾਂ ਦੇਸ਼ ਤੋਂ ਬਾਹਰ ਸੰਸਾਰ ਭਰ ਵਿੱਚ ਖਿਲਰੇ ਖਿਲਾਰੇ ਨਾਲ ਜਾ ਜੋੜਦਾ ਹੈ। ਫੇਰ ਸਮਝ ਪੈਂਦਾ ਹੈ ਕਿ ਉਸ ਦੇ ਸੰਬੰਧ ਕਈ ਦੇਸ਼ਾਂ ਵਿੱਚ ਚੱਲ ਰਹੇ ਚਰਚਿਤ ਕਾਰਪੋਰੇਟ ਘਰਾਣਿਆਂ ਨਾਲ ਬੜੇ ਗੁੰਦਵੇਂ ਹਨ।

ਗੁਣੀ-ਗਿਆਨੀ ਸਮਝਿਆ ਜਾਂਦਾ ਇਹ ਕਾਬਲ ਵਕੀਲ ਨਰਸਿਮਹਾ ਰਾਓ ਵੇਲੇ ਅਤੇ ਫਿਰ ਐੱਚ ਡੀ ਦੇਵਗੌੜਾ ਦੇ ਨਾਲ ਹੁੰਦਿਆਂ ਵੀ ਕਿਸੇ ਵੱਡੇ ਵਿਵਾਦ ਵਿੱਚ ਨਹੀਂ ਸੀ ਫਸਿਆ। ਜਦੋਂ ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਬਣਦੇ ਸਾਰ ਇਸ ਨੂੰ ਖਜ਼ਾਨਾ ਮੰਤਰੀ ਬਣਾਇਆ ਗਿਆ ਤਾਂ ਓਦੋਂ ਵੀ ਇਹ ਪ੍ਰਭਾਵ ਸੀ ਕਿ ਈਮਾਨਦਾਰ ਪ੍ਰਧਾਨ ਮੰਤਰੀ ਨੇ ਇੱਕ ਹੋਰ ਈਮਾਨਦਾਰ ਬੰਦਾ ਲੱਭ ਕੇ ਉਸ ਨੂੰ ਦੇਸ਼ ਦੇ ਖਜ਼ਾਨੇ ਦੀ ਚਾਬੀ ਸੌਂਪੀ ਹੈ। ਇਹ ਗੱਲ ਸੱਚ ਨਹੀਂ ਸੀ। ਅੱਜ ਕਈ ਲੋਕ ਇਹ ਸੋਚਦੇ ਹਨ ਕਿ ਹੋਰ ਕਿਸੇ ਨੂੰ ਹੋਵੇ ਜਾਂ ਨਾ, ਮਨਮੋਹਨ ਸਿੰਘ ਵਰਗੇ ਬੰਦੇ ਨੂੰ ਤਾਂ ਉਸ ਵੇਲੇ ਵੀ ਪਤਾ ਹੋਵੇਗਾ ਕਿ ਇਸ ਦੇ ਸੰਬੰਧ ਬ੍ਰਿਟੇਨ ਦੀ ਇੱਕ ਵੱਡੀ ਬਹੁ-ਕੌਮੀ ਕੰਪਨੀ ਨਾਲ ਬੜੇ ਵਧ ਚੁੱਕੇ ਸਨ। ਭਾਰਤੀ ਮੂਲ ਦੇ ਬ੍ਰਿਟਿਸ਼ ਪੂੰਜੀਪਤੀਆਂ ਦੀ ਇਸ ਕੰਪਨੀ ਉੱਤੇ ਓਥੋਂ ਦੀ ਸਰਕਾਰ ਨੇ ਮਨੀ ਲਾਂਡਰਿੰਗ ਦਾ ਇੱਕ ਕੇਸ ਬਣਾਇਆ ਸੀ, ਜਿਹੜਾ ਨੌਂ ਸਾਲ ਚੱਲਦਾ ਰਿਹਾ ਤੇ ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਬਣਨ ਤੋਂ ਇੱਕ ਸਾਲ ਪਹਿਲਾਂ ਚਿਦੰਬਰਮ ਉਸ ਕੰਪਨੀ ਦੇ ਵਕੀਲ ਵਜੋਂ ਸਾਡੇ ਦੇਸ਼ ਵਿੱਚ ਵੀ ਹਾਈ ਕੋਰਟ ਵਿੱਚ ਪੇਸ਼ ਹੋ ਚੁੱਕਾ ਸੀ। ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਕਾਰਪੋਰੇਸ਼ਨ ਨੇ ਚਿਦੰਬਰਮ ਨੂੰ ਆਪਣੇ ਡਾਇਰੈਕਟਰਾਂ ਦੇ ਬੋਰਡ ਦਾ ਨਾਨ-ਐਗਜ਼ੈਕਟਿਵ ਮੈਂਬਰ ਬਣਾ ਲਿਆ ਅਤੇ ਜਿਸ ਦਿਨ ਉਹ ਭਾਰਤ ਦਾ ਖਜ਼ਾਨਾ ਮੰਤਰੀ ਬਣਿਆ, ਉਸ ਤੋਂ ਇੱਕ ਦਿਨ ਪਹਿਲਾਂ ਉਸ ਨੇ ਇਸ ਮੈਂਬਰੀ ਤੋਂ ਅਸਤੀਫਾ ਦਿੱਤਾ ਸੀ। ਓਦੋਂ ਉਸ ਕਾਰਪੋਰੇਸ਼ਨ ਨੇ ਇਹ ਅਸਤੀਫਾ ਪ੍ਰਵਾਨ ਕਰਨ ਦੇ ਨਾਲ ਉਸ ਨੂੰ ਖਜ਼ਾਨਾ ਮੰਤਰੀ ਬਣ ਜਾਣ ਦੀ ਵਧਾਈ ਵੀ ਦਿੱਤੀ ਸੀ।

ਅਸੀਂ ਇਸ ਵੇਲੇ ਇਸ ਗੱਲ ਵਿੱਚ ਨਹੀਂ ਜਾਣਾ ਚਾਹੁੰਦੇ ਕਿ ਭਾਰਤ ਦੇ ਦੱਖਣੀ ਰਾਜਾਂ ਦੇ ਜੰਗਲਾਂ ਤੋਂ ਕਿੰਨੇ ਕਰੋੜਾਂ ਨਹੀਂ, ਅਰਬਾਂ ਨਹੀਂ, ਖਰਬਾਂ ਡਾਲਰ ਦੀ ਲੁੱਟ ਖਜ਼ਾਨਾ ਮੰਤਰੀ ਬਣੇ ਚਿਦੰਬਰਮ ਦੀ ਮਿੱਤਰ ਕਾਰਪੋਰੇਸ਼ਨ ਨੇ ਕੀਤੀ, ਸਗੋਂ ਇਹ ਗੱਲ ਜਾਣ ਲੈਣੀ ਜ਼ਰੂਰੀ ਹੈ ਕਿ ਇਹ ਬੰਦਾ ਕਿਸ ਰਾਹ ਉੱਤੇ ਚੱਲ ਪਿਆ ਸੀ! ਭ੍ਰਿਸ਼ਟਾਚਾਰੀ ਕੇਸਾਂ ਦੀ ਜਾਂਚ ਦੇ ਕਈ ਮਾਮਲਿਆਂ ਵਿੱਚ ਦਖਲ ਦੇਣ ਦੇ ਦੋਸ਼ ਵੀ ਇਸ ਦੇ ਖਿਲਾਫ ਲੱਗਦੇ



ਰਹੇ ਅਤੇ ਇਨਕਮ ਟੈਕਸ ਦੇ ਮਾਮਲਿਆਂ ਦੀ ਵਕੀਲ ਇਸ ਦੀ ਪਤਨੀ ਨਲਿਨੀ ਚਿੰਦਬਰਮ ਦਾ ਜ਼ਿਕਰ ਵੀ ਕਈ ਮਾਮਲਿਆਂ ਵਿੱਚ ਆਉਂਦਾ ਰਿਹਾ। ਜਦੋਂ ਚਿਦੰਬਰਮ ਇਨਕਮ ਟੈਕਸ ਵਾਲੇ ਮਹਿਕਮੇ ਦਾ ਖਜ਼ਾਨਾ ਮੰਤਰੀ ਵਜੋਂ ਇੰਚਾਰਜ ਸੀ, ਉਸ ਦੀ ਪਤਨੀ ਨਲਿਨੀ ਇਹੋ ਜਿਹੇ ਕੇਸਾਂ ਵਿੱਚ ਵਕੀਲ ਵਜੋਂ ਪੇਸ਼ ਹੁੰਦੀ ਅਤੇ ਪੈਰਵੀ ਕਰਦੀ ਸੀ। ਜਿਸ ਮਹਿਕਮੇ ਦੇ ਮੰਤਰੀ ਦੀ ਪਤਨੀ ਮਹਿਕਮੇ ਦੇ ਅਫਸਰਾਂ ਸਾਹਮਣੇ ਵਕੀਲ ਵਜੋਂ ਖੜੀ ਹੁੰਦੀ ਹੋਵੇ, ਉਸ ਕੇਸ ਦਾ ਫੈਸਲਾ ਕੀ ਹੁੰਦਾ ਹੈ, ਕਹਿਣ ਦੀ ਲੋੜ ਨਹੀਂ ਰਹਿੰਦੀ। ਬਹੁਤ ਬਦਨਾਮ ਹੋਏ ਸ਼ਾਰਦਾ ਚਿੱਟ ਫੰਡ ਕੇਸ ਵਿੱਚ ਵੀ ਇਹੋ ਕੁਝ ਹੋਇਆ ਮੰਨਿਆ ਜਾਂਦਾ ਹੈ। ਸੀ ਬੀ ਆਈ ਨੇ ਨਲਿਨੀ ਨੂੰ ਕੇਸ ਵਿੱਚ ਘਸੀਟ ਲਿਆ ਅਤੇ ਇਸ ਕੇਸ ਦੀ ਮੁੱਖ ਦੋਸ਼ੀ ਕੰਪਨੀ ਕੋਲੋਂ ਉਸ ਵੱਲੋਂ ਇੱਕ ਕਰੋੜ ਰੁਪਏ ਲੈਣ ਨੂੰ ਭ੍ਰਿਸ਼ਟਾਚਾਰ ਦਾ ਮਾਮਲਾ ਦੱਸਿਆ ਤੇ ਨਲਿਨੀ ਨੇ ਜਵਾਬ ਵਿੱਚ ਇਹ ਦਲੀਲ ਦਿੱਤੀ ਕਿ ਇਹ ਵਕੀਲ ਵਜੋਂ ਵਸੂਲ ਕੀਤੀ ਫੀਸ ਸੀ। ਅਸਲ ਵਿੱਚ ਫੀਸ ਸੀ ਜਾਂ ਕੁਝ ਹੋਰ, ਇਸ ਬਾਰੇ ਹਰ ਕੋਈ ਆਪੋ-ਆਪਣੇ ਅੰਦਾਜ਼ੇ ਲਾ ਸਕਦਾ ਹੈ ਤੇ ਸਿੱਟੇ ਕੱਢ ਸਕਦਾ ਹੈ।

ਫਿਰ ਕੁਝ ਕੇਸਾਂ ਵਿੱਚ ਚਿਦੰਬਰਮ ਦੇ ਪੁੱਤਰ ਕਾਰਤੀ ਅਤੇ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਦਾ ਨਾਂਅ ਸਾਂਝੇ ਤੌਰ ਉੱਤੇ ਹੇਰਾਫੇਰੀ ਕਰਨ ਲਈ ਸਾਹਮਣੇ ਆਉਂਦਾ ਰਿਹਾ। ਲੋਕ ਜਾਣਦੇ ਹਨ ਕਿ ਸੋਨੀਆ ਗਾਂਧੀ ਦਾ ਜਵਾਈ ਖੁਦ 'ਹਰ ਮੱਸਿਆ ਬਦਨਾਮੀ' ਵਾਲੇ ਲੋਕਾਂ ਵਿੱਚੋਂ ਇੱਕ ਹੈ। ਉਸ ਨਾਲ ਕਾਰਤੀ ਦਾ ਨਾਂਅ ਜੁੜਨਾ ਹੀ ਇਹ ਦੱਸਣ ਨੂੰ ਕਾਫੀ ਹੈ ਕਿ ਉਹ ਦੋਵੇਂ ਨੇਕ ਕੰਮ ਨਹੀਂ ਸਨ ਕਰਦੇ ਪਏ। ਜੋ ਵੀ ਕੀਤਾ ਸੀ, ਸਰਪ੍ਰਸਤੀ ਤਾਂ ਚਿਦੰਬਰਮ ਦੀ ਹੁੰਦੀ ਸੀ।

ਜਿਹੜੇ ਵੱਡੇ ਕੇਸ ਵਿੱਚ ਇਸ ਵੇਲੇ ਚਿਦੰਬਰਮ ਗ੍ਰਿਫਤਾਰ ਹੋਇਆ ਹੈ, ਉਹ ਇੱਕ ਮੀਡੀਆ ਅਦਾਰੇ ਨੂੰ ਵਿਦੇਸ਼ੀ ਪੂੰਜੀ ਦੀ ਮਨਜ਼ੂਰੀ ਦੇਣ ਦਾ ਮਾਮਲਾ ਹੈ ਤੇ ਇਹ ਮਨਜ਼ੂਰੀ ਜਦੋਂ ਮਿਲੀ, ਉਸ ਵੇਲੇ ਚਿਦੰਬਰਮ ਖਜ਼ਾਨਾ ਮੰਤਰੀ ਸੀ ਅਤੇ ਦੋਸ਼ ਇਹੋ ਲੱਗਾ ਹੈ ਕਿ ਇਸ ਕੰਮ ਲਈ ਮੋਟੀ ਮਾਇਆ ਵਸੂਲੀ ਸੀ। ਕੰਪਨੀ ਦੀ ਮਾਲਕ ਇੰਦਰਾਣੀ ਮੁਕਰਜੀ ਕੋਈ ਨੇਕ ਔਰਤ ਨਹੀਂ, ਆਪਣੀ ਧੀ ਦੇ ਕਤਲ ਕੇਸ ਉਹ ਜੇਲ੍ਹ ਬੈਠੀ ਕੈਦਣ ਹੈ ਤੇ ਹੋਰ ਕਈ ਦੋਸ਼ ਉੱਤੇ ਵੱਖਰੇ ਲੱਗਦੇ ਜਾਂਦੇ ਹਨ, ਪਰ ਇਸ ਵੇਲੇ ਉਹ ਚਿਦੰਬਰਮ ਦੀ ਗ੍ਰਿਫਤਾਰੀ ਦਾ ਆਧਾਰ ਬਣੇ ਕੇਸ ਦੀ ਵਾਅਦਾ ਮੁਆਫ ਗਵਾਹ ਬਣਨ ਕਰ ਕੇ ਚਰਚਾ ਵਿੱਚ ਹੈ। ਜੇਲ੍ਹ ਵਿੱਚ ਤੜੀ ਹੋਈ ਇੰਦਰਾਣੀ ਨੂੰ ਸਰਕਾਰ ਦੀ ਨਾਰਾਜ਼ਗੀ ਮਹਿੰਗੀ ਪੈ ਸਕਦੀ ਹੈ, ਇਸ ਲਈ ਜਦੋਂ ਉਸ ਤੱਕ ਪਹੁੰਚ ਕੀਤੀ ਗਈ ਹੋਵੇਗੀ ਕਿ ਚਿਦੰਬਰਮ ਵਾਲੇ ਮਾਮਲੇ ਵਿੱਚ ਸਰਕਾਰੀ ਗਵਾਹ ਬਣ ਕੇ ਆਪਣੀ ਜਾਨ ਛੁਡਾਵੇ ਤੇ ਉਸ ਨੂੰ ਫਸਾਉਣ ਲਈ ਮਦਦ ਕਰੇ ਤਾਂ ਉਹ ਝੱਟ ਮੰਨ ਗਈ ਹੋਵੇਗੀ। ਉਸ ਨੇ ਅਦਾਲਤ ਵਿੱਚ ਇਕਬਾਲੀਆ ਬਿਆਨ ਦੇ ਕੇ ਇਹ ਭੇਦ ਖੋਲ੍ਹ ਦਿੱਤਾ ਕਿ ਜਾਂਚ ਅਧੀਨ ਆਏ ਹੋਏ ਕੇਸ ਵਿੱਚ ਉਸ ਨੇ ਚਿਦੰਬਰਮ ਦੇ ਪਰਵਾਰ ਨੂੰ ਕਿੰਨੀ ਰਕਮ ਦਿੱਤੀ ਸੀ। ਜਦੋਂ ਪੈਸੇ ਦੇਣ ਵਾਲੀ ਮੰਨਦੀ ਹੈ ਕਿ ਦਿੱਤੇ ਸਨ ਤਾਂ ਬਾਕੀ ਕੰਮ ਸੁਖਾਲਾ ਹੋ ਜਾਂਦਾ ਹੈ। ਇਸ ਨਾਲ ਚਿਦੰਬਰਮ ਏਨਾ ਔਖਾ ਫਸ ਗਿਆ ਹੈ ਕਿ ਕਈ ਦੂਸਰੇ ਲੋਕਾਂ ਨੂੰ ਚੁਟਕੀਆਂ ਵਿੱਚ ਅਦਾਲਤਾਂ ਤੋਂ ਛੁਡਾ ਲੈਣ ਦੇ ਨੁਕਤੇ ਲੱਭ ਲਿਆਉਣ ਦਾ ਮਾਹਰ ਧੜੱਲੇਦਾਰ ਵਕੀਲ ਆਪਣੇ ਲਈ ਦਲੀਲ ਲੱਭਣ ਵਿੱਚ ਔਖ ਮਹਿਸੂਸ ਕਰ ਰਿਹਾ ਹੈ। ਇਹ ਗੱਲ ਬੜੀ ਵਾਰੀ ਸੁਣੀ ਹੈ ਕਿ ਯੋਗੀਆਂ ਦੀ ਦਿੱਤੀ ਸਵਾਹ ਦੀ ਚੁਟਕੀ ਵੀ ਵੱਡੇ ਤੋਂ ਵੱਡੇ ਮਰੀਜ਼ ਨੂੰ ਠੀਕ ਕਰ ਸਕਦੀ ਹੈ, ਪਰ ਜਦੋਂ ਖੁਦ ਕਿਸੇ ਯੋਗੀ ਦੇ ਘਰ ਵਿੱਚ ਮੁਸੀਬਤ ਹੋਵੇ, ਵੱਡੇ ਤੋਂ ਵੱਡੇ ਯੋਗੀ ਦਾ ਨੁਸਖਾ ਵੀ ਕੰਮ ਨਹੀਂ ਕਰਦਾ। ਚਿਦੰਬਰਮ ਨਾਲ ਇਸੇ ਤਰ੍ਹਾਂ ਹੋਈ ਜਾਪਦੀ ਹੈ। ਉਹ ਇਸ ਵਕਤ ਜਿਹੜੀ ਭਵਜਲ ਵਿੱਚ ਫਸਿਆ ਪਿਆ ਹੈ, ਉਸ ਵਿੱਚੋਂ ਨਿਕਲ ਸਕਣ ਦੀ ਕੋਈ ਬਿੱਧ ਬਣਦੀ ਦਿਖਾਈ ਨਹੀਂ ਦੇ ਰਹੀ ਅਤੇ ਇਹ ਕੇਸ ਉਸ ਦੇ ਬਹੁਤ ਬੁਰੀ ਤਰ੍ਹਾਂ ਜੜ੍ਹੀਂ ਬੈਠ ਸਕਦਾ ਹੈ।

ਏਥੇ ਆਣ ਕੇ ਇੱਕ ਗੱਲ ਆਮ ਕਹੀ ਜਾਂਦੀ ਹੈ ਕਿ ਕਿਸੇ ਸਮੇਂ ਦਾ ਬਹੁਤ ਈਮਾਨਦਾਰ ਮੰਨਿਆ ਜਾਂਦਾ ਇਹ ਬੰਦਾ ਫਿਰ ਗਲਤ ਰਾਹੇ ਪੈ ਗਿਆ। ਗੱਲ ਸਿਰਫ ਬੰਦੇ ਉੱਤੇ ਕੇਂਦਰਤ ਕੀਤੀ ਜਾ ਰਹੀ ਹੈ। ਅਸਲ ਸਵਾਲ ਇੱਕ ਬੰਦੇ ਦਾ ਨਹੀਂ, ਭਾਰਤ ਦੇ ਉਸ ਸਿਸਟਮ ਦਾ ਹੈ, ਜਿਸ ਵਿੱਚ ਕਦੀ ਕੋਈ ਸੁਖਰਾਮ ਅਚਾਨਕ ਟੈਲੀਕਾਮ ਸਕੈਂਡਲ ਦੇ ਚੱਕਰ ਵਿੱਚ ਫਸਿਆ ਦਿਖਾਈ ਦੇਂਦਾ ਹੈ, ਕਦੀ ਕੋਈ ਨਟਵਰ ਸਿੰਘ ਇਰਾਕ ਤੋਂ ਫੂਡ-ਫਾਰ-ਆਇਲ ਦੇ ਸਕੈਂਡਲ ਵਿੱਚ ਫਸਣ ਮਗਰੋਂ ਵਿਦੇਸ਼ ਮੰਤਰੀ ਦਾ ਅਹੁਦਾ ਛੱਡਣ ਨੂੰ ਮਜਬੂਰ ਹੁੰਦਾ ਹੈ, ਕਦੀ ਕੋਈ ਏ. ਰਾਜਾ ਕੇਂਦਰ ਦੇ ਟੈਲੀਕਾਮ ਮੰਤਰੀ ਦੇ ਅਹੁਦੇ ਤੋਂ ਹਟਣ ਪਿੱਛੋਂ ਜੇਲ੍ਹ ਭੇਜਿਆ ਜਾਂਦਾ ਹੈ ਤੇ ਫਿਰ ਸਾਨੂੰ ਇੱਕ ਦਿਨ ਇਹ ਗੱਲ ਸੁਣਦੀ ਹੈ ਕਿ ਚਿਦੰਬਰਮ ਦੇ ਘਰ ਦੀਆਂ ਕੰਧਾਂ ਟੱਪ ਕੇ ਇੱਕ ਜਾਂਚ ਏਜੰਸੀ ਦੇ ਅਫਸਰ ਅੰਦਰ ਗਏ ਤੇ ਬਾਹੋਂ ਫੜ ਕੇ ਲੈ ਤੁਰੇ ਸਨ। ਗੱਲ ਬੰਦੇ ਦੀ ਹੋਵੇ ਤਾਂ ਮੁੱਦਾ ਇਸ ਕੇਸ ਨਾਲ ਮੁੱਕ ਸਕਦਾ ਹੈ, ਜਦੋਂ ਗੱਲ ਸਿਸਟਮ ਦੀ ਹੋਵੇ ਤਾਂ ਬਹਿਸ ਬੰਦੇ ਦੁਆਲੇ ਇਸ ਲਈ ਘੁੰਮਦੀ ਹੈ ਕਿ ਸਿਸਟਮ ਨਾਲ ਕੋਈ ਵੀ ਵਿਗਾੜ ਪਾਉਣ ਨੂੰ ਛੇਤੀ ਕੀਤੇ ਤਿਆਰ ਨਹੀਂ। ਪਿਛਲੀਆਂ ਸਭ ਸਰਕਾਰਾਂ ਨੂੰ ਅਸਲੋਂ ਹੀ ਭ੍ਰਿਸ਼ਟਾਚਾਰੀ ਦੱਸ ਕੇ ਹਿੱਕ ਥਾਪੜਨ ਵਾਲਿਆਂ ਦੀ ਆਪਣੀ ਸਰਕਾਰ ਵੀ ਸਾਫ ਨਹੀਂ। ਹਾਲੇ ਕੁਝ ਮਹੀਨੇ ਪਹਿਲਾਂ ਇਸ ਸਰਕਾਰ ਨੂੰ ਚਲਾਉਣ ਵਾਲਿਆਂ ਨੇ ਆਸਾਮ ਦੇ ਇੱਕ ਕਾਂਗਰਸੀ ਆਗੂ ਦੇ ਖਿਲਾਫ ਸੜਕਾਂ ਦੇ ਘੋਟਾਲੇ ਦੇ ਦੋਸ਼ ਲਾਏ ਸਨ, ਜਾਂਚ ਏਜੰਸੀਆਂ ਉਸ ਦੇ ਮਗਰ ਲਾ ਦਿੱਤੀਆਂ ਸਨ, ਪਰ ਜਦੋਂ ਉਹੀ ਬੰਦਾ ਭਾਜਪਾ ਵਿੱਚ ਆ ਗਿਆ ਤਾਂ ਉਸ ਨੂੰ ਭਾਜਪਾ ਨੇ ਚੋਣ ਲਈ ਟਿਕਟ ਦਿੱਤੀ ਅਤੇ ਜਿੱਤਣ ਮਗਰੋਂ ਫਿਰ ਓਸੇ ਮਹਿਕਮਾ ਦਾ ਮੰਤਰੀ ਬਣਾ ਦਿੱਤਾ ਹੈ। ਬੰਗਾਲ ਦਾ ਜਿਹੜਾ ਤ੍ਰਿਣਮੂਲ ਆਗੂ ਮੁਕੁਲ ਰਾਏ ਸ਼ਾਰਦਾ ਚਿੱਟ ਫੰਡ ਘੋਟਾਲੇ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਸੀ ਤੇ ਰੋਜ਼ ਹੀ ਕਿਸੇ ਨਾ ਕਿਸੇ ਜਾਂਚ ਏਜੰਸੀ ਦੇ ਦਫਤਰ ਵਿੱਚ ਸੱਦਿਆ ਜਾ ਰਿਹਾ ਸੀ, ਜਿਸ ਦਿਨ ਦਾ ਭਾਜਪਾ ਵਿੱਚ ਸ਼ਾਮਲ ਹੋ ਗਿਆ, ਉਸ ਨੂੰ ਕਿਸੇ ਨੇ ਕੇਸ ਦੀ ਅਗਲੀ ਤਰੀਕ ਨਹੀਂ ਪੁੱਛੀ। ਨਰਸਿਮਹਾ ਰਾਓ ਪ੍ਰਧਾਨ ਮੰਤਰੀ ਹੋਣ ਸਮੇਂ ਕਹਿੰਦਾ ਹੁੰਦਾ ਸੀ ਕਿ ਕਾਨੂੰਨ ਆਪਣਾ ਰਾਹ ਆਪੇ ਅਖਤਿਆਰ ਕਰੇਗਾ, ਉਹ ਖੁਦ ਵੀ ਪਹਿਲਾਂ ਜੇਲ੍ਹ ਗਿਆ ਤੇ ਫਿਰ ਦੂਸਰੇ ਅਣਦੇਖੇ ਜਹਾਨ ਨੂੰ ਤੁਰ ਗਿਆ, ਪਰ ਉਸ ਦਾ ਦੱਸਿਆ ਰਾਹ ਭਾਰਤ ਦੇ ਕਾਨੂੰਨ ਨੂੰ ਅੱਜ ਤੱਕ ਨਹੀਂ ਲੱਭ ਸਕਿਆ। ਭਲਾ ਕਿਉਂ, ਕਿਉਂਕਿ ਸਵਾਲ ਸਿਸਟਮ ਦਾ ਹੈ।

# ਭਾਰਤ ਅਤੇ ਉੱਭਰ ਰਿਹਾ ਸੰਸਾਰ ਪ੍ਰਬੰਧ

-ਜੀ ਪਾਰਥਾਸਾਰਥੀ

ਇਕੀਵੀਂ ਸਦੀ ਦੀ ਆਮਦ ਨਾਲ ਭਾਰਤ ਦੇ ਆਰਥਿਕ ਵਿਕਾਸ ਵਿਚ ਨਵਾਂ ਮੋੜ ਆਇਆ ਹੈ। 1998 ਦੇ ਐਟਮੀ ਧਮਾਕਿਆਂ ਕਾਰਨ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਖ਼ਤਮ ਹੋ ਜਾਣ ਨਾਲ 21ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਭਾਰਤੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿ-ਲਿਆ। ਇਸ ਹੁਲਾਰੇ ਨੂੰ ਬਲ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਦੇ ਸ਼ੁਰੂ ਕੀਤੇ ਆਰਥਿਕ ਉਦਾਰੀਕਰਨ ਤੋਂ ਮਿਲਿਆ ਸੀ। ਲਗਾਤਾਰ ਤਿੰਨ ਸਾਲ ਭਾਰਤੀ ਅਰਥਚਾਰੇ ਨੇ 9 ਫ਼ੀਸਦੀ ਤੋਂ ਵੱਧ ਨਾਲ ਵਿਕਾਸ ਕੀਤਾ ਅਤੇ 2005-2006 ਵਿਚ 9.48 ਫ਼ੀਸਦੀ, 2006-2007 ਵਿਚ 9.57 ਅਤੇ 2007-2008 ਵਿਚ 9.32 ਫ਼ੀਸਦੀ ਰਿਹਾ। ਇਸ ਤੋਂ ਬਾਅਦ 2009-2010 ਵਿਚ ਵਿਕਾਸ ਦਰ 8.59 ਫ਼ੀਸਦੀ ਤੱਕ ਪੁੱਜੀ।

ਮੌਜੂਦਾ ਦਹਾਕੇ ਦੌਰਾਨ ਵਿਕਾਸ ਦਰ ਨੀਵੀਂ ਰਹੀ ਹੈ, ਜੋ 6.7 ਤੋਂ 7.4 ਫ਼ੀਸਦੀ ਦਰਮਿਆਨ ਦਰਜ ਕੀਤੀ ਗਈ ਜਦ ਕਿ ਇਹ 2013 ਵਿਚ ਗ਼ੈਰ-ਮਾਮੂਲੀ ਢੰਗ ਨਾਲ ਘਟ ਕੇ 3.2 ਫ਼ੀਸਦੀ ਰਹਿ ਗਈ ਸੀ। ਵਿਕਾਸ ਦੀਆਂ ਇਹ ਦਰਾਂ ਭਾਵੇਂ ਸੰਸਾਰ ਦੇ ਮੁਕਾਬਲੇ ਉਚੇਰੀਆਂ ਹਨ, ਤਾਂ ਵੀ ਇਹ ਚੀਨ ਦੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਹਾਸਲ ਕੀਤੇ ਉਚੇਰੇ ਪੱਧਰ ਦਾ ਟਾਕਰਾ ਨਹੀਂ ਕਰ ਸਕਦੀਆਂ। ਚੀਨ ਨੇ ਇਹ ਆਰਥਿਕ ਵਿਕਾਸ ਉਦੋਂ ਹਾਸਲ ਕੀਤਾ ਸੀ, ਜਦੋਂ ਡੇਂਗ ਸਿਆਓ ਪਿੰਗ ਦੇ ਸੁਧਾਰਾਂ ਨੇ ਵਧੀਆ ਮੁੱਲ ਮੋੜਨਾ ਸ਼ੁਰੂ ਕੀਤਾ ਸੀ।

ਚਲੰਤ ਸਦੀ ਦੇ ਪਹਿਲੇ ਦਹਾਕੇ ਵਿੱਚ ਭਾਰਤੀ ਮਾਲ ਦੀ ਐਕਸਪੋਰਟ ਦਾ ਭਾਰੀ ਵਾਧਾ ਹੋਇਆ ਤੇ ਇਹ 2001-2002 ਦੇ 44.2 ਅਰਬ ਡਾਲਰ ਤੋਂ ਵਧ ਕੇ 2011-2012 ਵਿੱਚ 306 ਅਰਬ ਡਾਲਰ ਤੱਕ ਪੁੱਜ ਗਿਆ। ਭਾਰਤੀ ਮਾਲ ਦੀਆਂ ਐਕਸਪੋਰਟਾਂ ਦਾ ਵਾਧਾ ਦੂਜੇ ਦਹਾਕੇ ਦੌਰਾਨ ਅਜਿਹਾ ਨਹੀਂ ਰਿਹਾ। ਇਸ ਦੌਰਾਨ ਭਾਰਤੀ ਮਾਲ ਦੀਆਂ ਐਕਸਪੋਰਟਾਂ ਸਾਲਾਨਾ ਕਰੀਬ 300 ਅਰਬ ਡਾਲਰ ਦੇ ਆਸ-ਪਾਸ ਰੁਕੀਆਂ ਰਹੀਆਂ, ਜਦੋਂ ਕਿ ਇਸ ਦੌਰਾਨ ਸਾਲਾਨਾ ਦਰਾਮਦਾਂ ਵਧ ਕੇ 500 ਅਰਬ ਡਾਲਰ ਤੱਕ ਪੁੱਜ ਗਈਆਂ। ਉਂਜ ਇਸ ਦੌਰਾਨ ਸੂਚਨਾ ਤਕਨਾਲੋਜੀ ਸੈਕਟਰ ਦੀ ਮੋਹਰੀ ਭੂਮਿਕਾ ਸਦਕਾ ਭਾਰਤ ਦੀ ਸਰਵਿਸ ਸੈਕਟਰ ਵਿਚ ਐਕਸਪੋਰਟ ਵਧੀ, ਜੋ 2011-2012 ਦੇ 137 ਅਰਬ ਡਾਲਰ ਤੋਂ ਵਧ ਕੇ 2018-2019 ਵਿਚ 205 ਅਰਬ ਡਾਲਰ ਹੋ ਗਈ, ਪਰ ਵਸਤਾਂ ਅਤੇ ਸੇਵਾਵਾਂ ਦੇ ਸੰਸਾਰ ਵਪਾਰ ਵਿਚ ਲਗਾਤਾਰ ਭਾਰੀ ਘਾਟਾ, ਭਾਵ ਐਕਸਪੋਰਟਾਂ ਦੇ ਮੁਕਾਬਲੇ ਇੰਪੋਰਟਾਂ ਵੱਧ ਹੋਣਾ ਕਦੇ ਵੀ ਚੰਗਾ ਨਹੀਂ ਹੁੰਦਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ 2025 ਤੱਕ ਦੇਸ਼ ਦਾ ਅਰਥਚਾਰਾ ਵਧਾ ਕੇ 5 ਟ੍ਰਿਲੀਅਨ ਡਾਲਰ ਤੱਕ ਲਿਜਾਣ ਦਾ ਲੁਭਾਊ ਟੀਚਾ ਦਿੱਤਾ ਹੈ। ਇਸ ਲਈ ਸਾਲਾਨਾ 8 ਫ਼ੀਸਦੀ ਤੋਂ ਵੱਧ ਵਿਕਾਸ ਦਰ ਜ਼ਰੂਰੀ ਹੋਵੇਗੀ ਪਰ ਇਹ ਵਿਕਾਸ ਦਰ ਅਸੀਂ ਬੀਤੇ ਦੋ ਦਹਾਕਿਆਂ ਦੌਰਾਨ ਕੁਝ ਸਾਲ ਹੀ ਕੀਤੀ ਹੈ। ਮੋਦੀ ਨੇ ਪਿੱਛੇ ਜਿਹੇ ਜਨਤਕ ਖੇਤਰ ਦੇ ਬੈਂਕਾਂ ਦੀ ਪੂੰਜੀ ਨੂੰ ਹੁਲਾਰਾ ਦੇਣ, ਖੇਤੀ ਵਸਤਾਂ ਦੀ ਉਤਪਾਦਕਤਾ ਤੇ ਐਕਸਪੋਰਟਾਂ ਵਧਾਉਣ, ਸਨਅਤੀ ਪੈਦਾਵਾਰ ਨੂੰ ਹੱਲਾਸ਼ੇਰੀ ਅਤੇ ਸੇਵਾ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਖ਼ਾਸ ਕਦਮ ਚੁੱਕਣ ਦਾ ਸੰਕੇਤ ਦਿੱਤਾ ਹੈ ਜਿਨ੍ਹਾਂ ਰਾਹੀਂ ਵੱਖ ਵੱਖ ਰੁਕਾਵਟਾਂ ਹਟਾ ਕੇ ਕਾਰੋਬਾਰ ਸੌਖਾ ਕੀਤਾ ਜਾਵੇਗਾ। ਉਨ੍ਹਾਂ ਨੇ ਕਾਰੋਬਾਰੀ ਭਾਈਚਾਰੇ ਦੇ ਸਰੋਕਾਰਾਂ ਦੀ ਸੋਚ ਦਾ ਪ੍ਰਗਟਾਵਾ ਕਰਦੇ ਹੋਏ ਭਰੋਸਾ ਦਿੱਤਾ ਕਿ ਇਮਾਨਦਾਰ ਟੈਕਸ ਦਾਤਾਵਾਂ ਨੂੰ ਤੰਗ ਨਹੀਂ ਕੀਤਾ ਜਾਵੇਗਾ। ਉਂਜ ਵਿਦੇਸ਼ੀ ਨਿਵੇਸ਼ਕਾਰਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਭਾਰਤ ਵਿਚ ਨਵੀਆਂ ਸਨਅਤਾਂ ਕਾਇਮ ਕਰਨਾ ਹਮੇਸ਼ਾ ਡਰਾਉਣਾ ਤੇ ਨਿਰਾਸ਼ਾ ਜਨਕ ਕੰਮ ਹੋ ਸਕਦਾ ਹੈ। ਹਾਂ, ਕੁਝ ਰਾਜ ਸਰਕਾਰਾਂ ਨੇ ਆਪਣਾ ਪ੍ਰਬੰਧ ਨਿਵੇਸ਼ਕ-ਪੱਖੀ ਬਣਾਉਣ ਦੀ ਲੋੜ ਮਹਿਸੂਸ ਕੀਤੀ ਹੈ।

ਵਪਾਰ ਤੇ ਸਨਅਤਾਂ ਨੂੰ ਹੁਲਾਰਾ ਦੇਣ ਬਾਰੇ ਬਾਹਰੀ ਚੁਣੌਤੀਆਂ ਕੁਝ ਸਾਲ ਪਹਿਲਾਂ ਦੇ ਮੁਕਾਬਲੇ ਵੱਧ ਭਿਆਨਕ ਹਨ। ਅਮਰੀਕਾ ਤੇ ਯੂਰੋਪੀਅਨ ਯੂਨੀਅਨ ਦੇ ਬਹੁਤੇ ਹਿੱਸਿਆਂ ਵਿਚ ਸੰਸਾਰੀਕਰਨ ਇਕ ਤਰ੍ਹਾਂ ਮੰਦਾ ਸ਼ਬਦ ਬਣ ਚੁੱਕਾ ਹੈ ਜਿਥੇ ਸਨਅਤਾਂ ਵਿਦੇਸ਼ੀ ਮੁਕਾਬਲੇ ਦੇ ਟਾਕਰੇ ਦੇ ਸਮਰੱਥ ਨਹੀਂ, ਖ਼ਾਸਕਰ ਚੀਨ ਵੱਲੋਂ ਦਿੱਤੇ ਜਾਂਦੇ ਮੁਕਾਬਲੇ ਕਾਰਨ ਉਹ ਚੀਨ ਉੱਤੇ ਗ਼ਲਤ ਢੰਗ-ਤਰੀਕੇ ਵਰਤਣ ਦੇ ਦੋਸ਼ ਲਾ ਰਹੀਆਂ ਹਨ। ਭਾਰਤ ਤਾਂ ਆਪਣੀਆਂ ਰਵਾਇਤੀ ਸਨਅਤਾਂ ਖ਼ਾਸਕਰ ਕੱਪੜੇ ਵਿਚ ਹੀ ਬੰਗਲਾ ਦੇਸ਼, ਵੀਅਤਨਾਮ ਵਰਗੇ ਦੇਸ਼ਾਂ ਤੋਂ ਮੁਕਾਬਲੇ ਪੱਖੋਂ ਮਾਤ ਖਾ ਰਿਹਾ ਹੈ।



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਰੱਖਿਆਵਾਦੀ ਨੀਤੀਆਂ ਨੇ ਅਮਰੀਕਾ ਦੇ ਦੋਸਤਾਂ, ਸਾਥੀਆਂ ਤੇ ਦੁਸ਼ਮਣਾਂ, ਸਭ ਨੂੰ ਨੁਕਸਾਨ ਪਹੁੰਚਾਇਆ ਹੈ। ਉਸ ਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲ਼ਦਿਆਂ ਹੀ ਸੰਸਾਰੀਕਰਨ ਖ਼ਿਲਾਫ਼ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਹੇਠ ਸਭ ਤੋਂ ਪਹਿਲਾਂ ਅਮਰੀਕਾ ਨੂੰ ਟਰਾਂਸ-ਪੈਸਿਫ਼ਿਕ ਭਾਈਵਾਲੀ ਤੋਂ ਲਾਂਭੇ ਕਰ ਲਿਆ। ਇਹ ਗਰੁੱਪ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਤੋਂ ਆਸਟਰੇਲੀਆ, ਜਪਾਨ ਤੇ ਆਸੀਆਨ ਦੇ ਮੈਂਬਰ ਦੇਸ਼ਾਂ ਤੱਕ ਏਸ਼ੀਆ-ਪ੍ਰਸ਼ਾਂਤ ਖ਼ਿੱਤੇ ਦੇ ਵੱਡੇ ਅਰਥਚਾਰਿਆਂ ਨੂੰ ਜੋੜਦਾ ਸੀ। ਅਮਰੀਕਾ ਨੇ ਜਰਮਨੀ ਅਤੇ ਫਰਾਂਸ ਤੋਂ ਲੈ ਕੇ ਜਪਾਨ ਤੇ ਦੱਖਣੀ ਕੋਰੀਆ ਤੱਕ ਦੇ ਆਪਣੇ ਭਾਈਵਾਲਾਂ ਦੇ ਵੱਡੀ ਗਿਣਤੀ ਉਤਪਾਦਾਂ ਉਤੇ ਵੀ ਵਾਧੂ ਟੈਕਸ ਲਾ ਦਿੱਤੇ ਹਨ। ਅਮਰੀਕਾ ਨੇ ਸਭ ਤੋਂ ਵੱਧ ਵਪਾਰ ਪਾਬੰਦੀਆਂ ਚੀਨ ਉਤੇ ਲਾਈਆਂ, ਭਾਵੇਂ ਚੀਨ ਦੇ ਕਾਰੋਬਾਰ ਤੇ ਵਪਾਰ ਦੇ ਢੰਗ-ਤਰੀਕੇ ਵੀ ਪੂਰੀ ਤਰ੍ਹਾਂ ਨੈਤਿਕ ਨਹੀਂ। ਚੀਨ ਤੇ ਅਮਰੀਕਾ ਦੇ ਆਪਸੀ ਵਪਾਰ ਵਿਚ ਅਮਰੀਕਾ ਦਾ ਵਪਾਰ ਘਾਟਾ ਬਹੁਤ ਜ਼ਿਆਦਾ ਹੈ, ਬੀਤੇ ਸਾਲ ਚੀਨ ਨੇ ਅਮਰੀਕੀ ਇੰਪੋਰਟ ਦੇ ਮੁਕਾਬਲੇ ਉਸ ਨੂੰ 420 ਅਰਬ ਡਾਲਰ ਦੇ ਵੱਧ ਮੁੱਲ ਦਾ ਮਾਲ ਵੇਚਿਆ ਹੈ।

ਟਰੰਪ ਦੀ ਚੀਨ ਦੇ ਖ਼ਿਲਾਫ਼ ਕਾਰਵਾਈ ਨੇ ਸਮਕਾਲੀ ਇਤਿਹਾਸ ਦੀ ਸਭ ਤੋਂ ਵੱਡੀ ਵਪਾਰ ਜੰਗ ਛੇੜ ਦਿੱਤੀ ਜਿਸ ਦੌਰਾਨ ਚੀਨ ਨੇ ਅਮਰੀਕਾ ਦੀਆਂ ਕੁਝ ਐਕਸਪੋਰਟਾਂ ਉਤੇ ਜਵਾਬੀ ਕਾਰਵਾਈ ਕੀਤੀ ਜਿਨ੍ਹਾਂ ਦਾ ਬੜਾ ਘੱਟ ਜਾਂ ਨਾਂ-ਮਾਤਰ ਅਸਰ ਹੋਇਆ। ਅਮਰੀਕਾ ਦਾ ਚੀਨ ਨਾਲ ਵਪਾਰ ਘਾਟਾ ਜਿਥੇ ਪਾਬੰਦੀਆਂ ਲਾਗੂ ਹੋਣ ਤੋਂ ਬਾਅਦ ਘਟਿਆ ਹੈ, ਉਥੇ ਚੀਨ ਵੀ ਇਨ੍ਹਾਂ ਪਾਬੰਦੀਆਂ ਦਾ ਆਪਣੇ ਆਰਥਿਕ ਵਿਕਾਸ ਉੱਤੇ ਮਾੜਾ ਅਸਰ ਮਹਿਸੂਸ ਕਰਦਾ ਹੈ। ਅਮਰੀਕਾ ਤੇ ਚੀਨ ਭਾਵੇਂ ਸਮਾਂ ਪਾ ਕੇ ਇਸ ਬਾਰੇ ਕਿਸੇ ਸਮਝੌਤੇ ਤੇ ਅੱਪੜ ਜਾਣ, ਤਾਂ ਵੀ ਇਸ ਝਗੜੇ ਦੇ ਸੰਸਾਰ ਪੱਧਰ ਉੱਤੇ ਅਸਰ ਪਏ ਹਨ।

ਹੋਰ ਅਨੇਕਾਂ ਦੇਸ਼ਾਂ ਵਾਂਗ ਅਮਰੀਕਾ ਦੇ ਵੱਖ ਵੱਖ ਉਤਪਾਦਾਂ ਜਿਵੇਂ ਐਲੂਮੀਨੀਅਮ ਤੇ ਸਟੀਲ ਉਤੇ ਵਧਾਏ ਟੈਕਸਾਂ ਅਤੇ ਨਾਲ ਹੀ ਵਿਕਾਸਸ਼ੀਲ ਮੁਲਕ ਵਜੋਂ ਮਿਲਦੀਆਂ ਵਪਾਰ ਤਰਜੀਹਾਂ ਖ਼ਤਮ ਹੋਣ ਕਾਰਨ ਭਾਰਤ ਨੂੰ ਵੀ ਜ਼ੋਰਦਾਰ ਝਟਕਾ ਲੱਗਾ ਹੈ। ਭਾਰਤ ਨੇ ਜਵਾਬੀ ਕਾਰਵਾਈ ਹੇਠ ਅਮਰੀਕਾ ਦੇ ਕਾਫ਼ੀ ਉਤਪਾਦਾਂ ਉੱਤੇ ਟੈਕਸ ਲਾ ਦਿੱਤੇ ਹਨ। ਟਰੰਪ ਨੇ ਸੰਕੇਤ ਦਿੱਤਾ ਹੈ ਕਿ ਚੀਨ ਵਾਂਗ ਭਾਰਤ ਨੂੰ ਵੀ ਰਵਾਇਤੀ ਵਿਕਾਸਸ਼ੀਲ ਦੇਸ਼ਾਂ ਨੂੰ ਮਿਲਦੇ ਲਾਭ ਅੱਗੇ ਤੋਂ ਨਹੀਂ ਮਿਲਣਗੇ। ਭਾਰਤ ਨੇ ਵੀ ਮੰਨਿਆ ਹੈ ਕਿ ਇਸ ਦੇ ਆਪਣੇ ਵਪਾਰ ਢੰਗ ਵੀ ਬਹੁਤ ਜ਼ਿਆਦਾ ਰੱਖਿਆਵਾਦੀ ਸਮਝੇ ਜਾ ਰਹੇ ਹਨ, ਜਿਸ ਸਬੰਧ ਵਿਚ ਵੱਡੀ ਗਿਣਤੀ ਦੇਸ਼ ਡਬਲਿਊ ਟੀ ਓ ਰਾਹੀਂ ਚਾਰਾਜੋਈ ਕਰਨ ਦੀ ਤਿਆਰੀ ਵਿਚ ਹਨ।

ਅਮਰੀਕਾ ਨਾਲ ਇਸ ਸਬੰਧ ਵਿਚ ਗੱਲਬਾਤ ਸ਼ੁਰੂ ਹੋਈ ਹੈ, ਕਿਉਂਕਿ ਭਾਰਤ ਵੱਲੋਂ ਇਲੈਕਟ੍ਰਾਨਿਕ ਅਤੇ ਟੈਲੀਕਾਮ ਉਤਪਾਦਾਂ ਤੋਂ ਇਲਾਵਾ ਮੈਡੀਕਲ ਸਾਜ਼ੋ-ਸਾਮਾਨ ਉੱਤੇ ਵੀ ਲਾਏ ਗਏ ਨਵੇਂ ਰੱਖਿਆਵਾਦੀ ਟੈਕਸਾਂ ਅਤੇ ਬੰਦਸ਼ਾਂ ਕਾਰਨ ਅਮਰੀਕਾ ਫ਼ਿਕਰਮੰਦ ਹੈ। ਇਸ ਕਾਰਨ ਭਾਰਤ ਦੇ ਅਮਰੀਕਾ ਨਾਲ ਸੰਤੁਸ਼ਟੀ ਜਨਕ ਵਪਾਰ ਸਮਝੌਤੇ ਦੇ ਸਿਰੇ ਚੜ੍ਹਨ ਤੋਂ ਪਹਿਲਾਂ ਯਕੀਨਨ ਇਸ ਬਾਰੇ ਜ਼ੋਰਦਾਰ ਸੌਦੇਬਾਜ਼ੀ ਹੋਵੇਗੀ। ਭਾਰਤ ਨੂੰ ਸਮਝਣਾ ਚਾਹੀਦਾ ਹੈ ਕਿ ਜਦੋਂ ਤੱਕ ਇਹ ਆਪਣੀ ਮਜ਼ਬੂਤ ਇਲੈਕਟ੍ਰਾਨਿਕ ਸਨਅਤ ਕਾਇਮ ਨਹੀਂ ਕਰਦਾ, ਇਹ ਕਦੇ ਵੀ ਵੱਡੀ ਤੇ ਆਧੁਨਿਕ ਆਰਥਿਕ ਸ਼ਕਤੀ ਨਹੀਂ ਬਣ ਸਕਦਾ। ਉਹ ਵੀ ਅਜਿਹੀ ਇਲੈਕਟ੍ਰਾਨਿਕ ਸਨਅਤ, ਜਿਸ ਦੀ ਦੇਸੀ ਖੋਜ ਤੇ ਵਿਕਾਸ ਵਾਲੀ ਸਮਰੱਥਾ ਹੋਵੇ, ਇਹ ਸੈਮੀ-ਕੰਡਕਟਰ ਤੇ ਕੰਪਿਊਟਰ ਚਿਪਸ ਵਰਗੀਆਂ ਅਹਿਮ ਵਸਤਾਂ ਬਣਾ ਸਕੇ।

ਭਾਰਤ ਦੀਆਂ 'ਐਕਟ ਈਸਟ' ਦੀਆਂ ਨੀਤੀਆਂ ਵਿਚ ਆਸੀਆਨ, ਜਪਾਨ ਤੇ ਦੱਖਣੀ ਕੋਰੀਆ ਨਾਲ ਮੁਕਤ ਵਪਾਰ ਸਮਝੌਤੇ ਸ਼ਾਮਲ ਹਨ। ਇਨ੍ਹਾਂ ਸਮਝੌਤਿਆਂ ਤੋਂ ਸਾਨੂੰ ਵਾਪਰਕ ਪੱਖੋਂ ਫ਼ਾਇਦੇ ਹੋਏ ਹਨ, ਕਿਉਂਕਿ ਸਾਡੇ ਖੇਤਰੀ ਭਾਈਵਾਲਾਂ ਨੇ ਇਨ੍ਹਾਂ ਦੀ ਵਧੀਆ ਵਰਤੋਂ ਕੀਤੀ ਹੈ। ਸਾਨੂੰ ਇਨ੍ਹਾਂ ਸਮਝੌਤਿਆਂ ਦੀ ਵਰਤੋਂ ਵੱਡੇ ਪੱਧਰ ਉਤੇ ਕਰਨ ਦੀ ਲੋੜ ਹੈ। ਇਸ ਗਰੁੱਪ ਵਿਚ ਆਸੀਆਨ ਮੈਂਬਰ ਅਤੇ ਨਾਲ ਜਪਾਨ, ਚੀਨ, ਦੱਖਣੀ ਕੋਰੀਆ, ਨਿਊਜ਼ੀਲੈਂਡ ਤੇ ਆਸਟਰੇਲੀਆ ਸ਼ਾਮਲ ਹਨ। ਖੇਤਰੀ ਵਿਆਪਕ ਆਰਥਿਕ ਭਾਈਵਾਲੀ (ਆਰ ਸੀ ਈ ਪੀ) ਵਿਚ ਭਾਰਤ ਦੇ ਸ਼ਮੂਲੀਅਤ ਪੱਖੋਂ ਜਾਇਜ਼ ਸ਼ੱਕ-ਸ਼ੁਬਹੇ ਹਨ ਜਿਨ੍ਹਾਂ ਦਾ ਕਾਰਨ ਹੈ ਚੀਨ ਦੇ ਵਪਾਰ ਤਰੀਕਿਆਂ ਬਾਰੇ ਸਾਡੀਆਂ ਚਿੰਤਾਵਾਂ ਤੇ ਨਾਲ ਚੀਨ ਨਾਲ ਸਾਡਾ ਭਾਰੀ ਵਪਾਰ ਘਾਟਾ। ਇਨ੍ਹਾਂ ਚੁਣੌਤੀਆਂ ਦਾ ਸਾਨੂੰ ਸਾਹਮਣਾ ਕਰਨਾ ਤੇ ਪਾਰ ਆਉਣਾ ਹੋਵੇਗਾ। ਨਾਲ ਹੀ ਪ੍ਰਧਾਨ ਮੰਤਰੀ ਦੀ ਕਲਪਨਾ ਮੁਤਾਬਕ 2025 ਤੱਕ ਭਾਰਤੀ ਅਰਥਚਾਰੇ ਨੂੰ 5 ਟ੍ਰਿਲੀਅਨ ਡਾਲਰ ਦਾ ਬਣਾਉਣ ਦੀ ਦਿਸ਼ਾ ਵਿਚ ਵੀ ਅੱਗੇ ਵਧਣਾ ਹੋਵੇਗਾ।

ਯੂਰੋਪ ਤੇ ਅਮਰੀਕਾ ਵਿਚ ਠੰਢੀ ਜੰਗ ਤੋਂ ਬਾਅਦ ਵਾਲੀ ਤਰਜ਼ ਦੇ 'ਸੰਸਾਰੀਕਰਨ' ਦਾ ਜੋਸ਼ ਘਟਣ ਪਿੱਛੋਂ ਭਾਰਤ ਅੱਗੇ ਬਦਲਾਂ ਦੀ ਚੋਣ ਦੀ ਗੰਭੀਰ ਸਮੱਸਿਆ ਹੈ ਜਿਸ ਦਾ ਕਾਰਨ ਹੈ ਲਗਾਤਾਰ ਅੜੀਅਲ ਹੁੰਦੇ ਜਾ ਰਹੇ ਚੀਨ ਤੋਂ ਇਸ ਨੂੰ ਦਰਪੇਸ਼ ਸੁਰੱਖਿਆ ਤੇ ਕੂਟਨੀਤਕ ਚੁਣੌਤੀਆਂ। ਚੀਨ ਦੀ ਫ਼ੌਜੀ ਤੇ ਮਾਲੀ ਤਾਕਤ ਦਾ ਤਵਾਜ਼ਨ ਤਾਂ ਹਮਖ਼ਿਆਲ ਦੇਸ਼ਾਂ ਜਿਵੇਂ ਜਪਾਨ, ਵੀਅਤਨਾਮ ਤੇ ਇੰਡੋਨੇਸ਼ੀਆ ਨਾਲ ਭਾਈਵਾਲੀ ਰਾਹੀਂ ਕੀਤਾ ਜਾ ਸਕਦਾ ਹੈ ਪਰ ਜੇ ਭਾਰਤੀ ਅਰਥਚਾਰਾ ਇਸ ਦੇ ਹਿੰਦ-ਪ੍ਰਸ਼ਾਂਤ ਖ਼ਿੱਤੇ ਵਿਚ ਅਹਿਮ ਆਰਥਿਕ ਭਾਈਵਾਲ ਬਣਨ ਲਈ ਜ਼ਰੂਰੀ ਮਜ਼ਬੂਤੀ ਤੇ ਮੁਕਾਬਲੇਬਾਜ਼ੀ ਤੋਂ ਹੀਣਾ ਰਹਿ ਜਾਂਦਾ ਹੈ ਤਾਂ ਭਾਰਤ ਆਪਣੇ 'ਐਕਟ ਈਸਟ' ਭਾਈਵਾਲਾਂ ਤੋਂ ਬਹੁਤਾ ਫ਼ਾਇਦਾ ਨਹੀਂ ਲੈ ਸਕੇਗਾ।

# ਨੌਕਰ ਨਹੀਂ ਮਾਲਕ

-ਹਰਪਾਲ ਸਿੰਘ ਪੰਨੂ

ਮਹਿੰਦਰਾ ਕਾਲਜ ਪੜ੍ਹਦਿਆਂ ਮਾਈ ਕੀ ਸਰਾਂ ਨੇੜੇ ਦਸ ਰੁਪਏ ਮਹੀਨਾ ਚੁਬਾਰਾ ਕਿਰਾਏ ਉਤੇ ਮਿਲ ਗਿਆ। ਨਾਲ ਲੱਗਦੀ ਰਸੋਈ ਹੈ ਤਾਂ ਸੀ, ਪਰ ਵਿਧਵਾ ਮਾਲਕਣ ਨੇ ਉਸ ਵਿੱਚ ਪਾਥੀਆਂ ਭਰੀਆਂ ਹੋਈਆਂ ਸਨ। ਉਸ ਦਾ ਪੁੱਤ ਕਰਮਾ ਮੇਰਾ ਹਾਣੀ ਮੇਰਾ ਜਮਾਤੀ ਸੀ। ਮੈਂ ਮਾਤਾ ਨੂੰ ਕਿਹਾ, ਇਹ ਰਸੋਈ ਵੀ ਮੈਨੂੰ ਦੇ ਦੇ, ਕਮਰੇ ਵਿੱਚ ਖਾਣ ਪੀਣ ਦੀਆਂ ਚੀਜ਼ਾਂ ਦਾ ਘੜਮੱਸ ਬੁਰਾ ਲੱਗਦਾ, ਖਿਲਾਰਾ ਸਾਂਭਿਆ ਜਾਊ। ਉਹ ਕਹਿੰਦੀ, ਪਾਥੀਆਂ ਦਾ ਕੀ ਬਣੂੰ? ਮੈਂ ਕਿਹਾ, ਇਥੇ ਕੱਢ ਕੇ ਬਾਹਰ ਰੱਖ ਦਿੰਨਾਂ। ਉਹ ਕਹਿੰਦੀ, ਮੀਂਹ ਕਣੀ ਆ ਗਈ, ਭਿੱਜ ਜਾਣਗੀਆਂ। ਮੈਂ ਕਿਹਾ, ਮੀਂਹ ਆਉਣ ਸਾਰ ਮੈਂ ਅੰਦਰ ਕਰ ਲਿਆ ਕਰੂੰ। ਕਹਿੰਦੀ; ਵਾਅਦਾ? ਮੈਂ ਕਿਹਾ; ਵਾਅਦਾ। ਜੇ ਕਿਰਾਇਆ ਹੀ ਭਰਨਾ ਸੀ ਤਾਂ ਪਾਥੀਆਂ ਸਾਂਭਣ ਦੀ ਮੇਰੀ ਜ਼ਿੰਮੇਵਾਰੀ ਕਿਉਂ? ਪਰ ਉਦੋਂ ਵੀ ਪਤਾ ਸੀ ਧਾਰਾ 370 ਵਾਂਗੂ ਵਾਅਦੇ ਸ਼ੀਸ਼ੇ ਦੇ ਖਿਡੌਣੇ ਵਾਂਗ ਟੁੱਟਣ ਲਈ ਹੁੰਦੇ ਹਨ।

ਵਾਅਦਾ ਕਰ ਦਿੱਤਾ। ਉਹ ਕਹਿੰਦੀ; ਚਲ ਠੀਕ ਐ ਫੇਰ, ਪਰ ਇਹਦੇ ਦੋ ਰੁਪਈਏ ਮਹੀਨਾ ਹੋਰ ਦੇਣੇ ਪੈਣਗੇ। ਮੈਂ ਕਿਹਾ; ਠੀਕ। ਸੋ ਕਿਚਨ-ਕਮ-ਰੂਮ ਦੇ ਆਪਾਂ 12 ਰੁਪਏ ਮਹੀਨਾ ਕਿਰਾਇਆ ਦਿੰਦੇ। ਉਸੇ ਘਰ ਦੇ ਦੂਜੇ ਕਮਰੇ ਵਿੱਚ ਆਪਣੀ ਬੀਵੀ ਸਮੇਤ ਇਕ ਹੋਰ ਕਿਰਾਏਦਾਰ ਰੁਲਦੂ ਰਹਿੰਦਾ ਸੀ। ਰੁਲਦੂ ਦੀ ਗੱਲ ਬਾਅਦ ਵਿੱਚ ਕਰਾਂਗੇ।

ਕਮਰੇ ਬਾਹਰ ਬੈਠਾ ਪ੍ਰਿੰਸੀਪਲ ਦੇ ਨਾਮ ਫੀਸ ਮੁਆਫੀ ਦੀ ਅਰਜ਼ੀ ਲਿਖ ਰਿਹਾ ਸੀ ਕਿ ਮਾਈ ਕਿਰਾਇਆ ਲੈਣ ਆ ਗਈ। ਮੈਂ ਕਿਹਾ, ਆਹ ਅਰਜ਼ੀ ਲਿਖ ਲੈਣ ਦੇ, ਦੇ ਦਿਊਂਗਾ। ਕਹਿੰਦੀ, ਕਾਹਦੀ ਅਰਜ਼ੀ ਲਿਖਦੈਂ? ਮੈਂ ਕਿਹਾ, ਫੀਸ ਮੁਆਫ ਕਰਾਉਣ ਦੀ। ਕਹਿੰਦੀ, ਕਰਮੇ ਦੀ ਅਰਜ਼ੀ ਵੀ ਲਿਖ, ਇਹਦੀ ਹਾਲਤ ਕਿਹੜਾ ਤੈਥੋਂ ਚੰਗੀ ਐ? ਮੈਂ ਕਿਹਾ, ਮੈਨੂੰ ਅਰਜ਼ੀ ਲਿਖ ਲੈਣ ਦੇ, ਇਹਨੂੰ ਦੇਖ ਕੇ ਉਹ ਲਿਖ ਲਊ। ਕਹਿੰਦੀ, ਜੇ ਤੂੰ ਆਹ ਹੀ ਲਿਖ ਦੇਵੇਂ, ਇਸ ਵਿੱਚ ਕਿਹੜਾ ਬਾਹਲਾ ਜ਼ੋਰ ਲੱਗਦਾ? ਮੈਂ ਉਹਨੂੰ ਆਪਣੀ ਲਿਖੀ ਜਾ ਰਹੀ ਅਰਜ਼ੀ ਦਿਖਾ ਕੇ ਕਿਹਾ; ਆਹ ਮੇਰੀ ਲਿਖਾਈ ਤਾਂ ਦੇਖ, ਮੋਤੀ ਪਰੋਏ ਪਏ ਨੇ। ਕਿਸੇ ਅਮੀਰ ਦੀ ਲਿਖਤ ਲੱਗਦੀ ਐ। ਗਰੀਬਾਂ ਦੀ ਹਰ ਚੀਜ਼ ਫਟੀ ਪੁਰਾਣੀ ਬੋਦੀ ਦਿੱਸਣੀ ਚਾਹੀਦੀ ਐ, ਤਾਂ ਫੀਸ ਮੁਆਫ ਹੋਊ। ਅੱਗੇ ਤੇਰੀ ਮਰਜ਼ੀ। ਕਹਿੰਦੀ; ਤੇਰੀ ਗੱਲ ਮੈਨੂੰ ਸਮਝ ਨਹੀਂ ਆਈ। ਮੈਂ ਕਿਹਾ; ਅੰਗਰੇਜ਼ੀ ਵਿੱਚ ਇਹਨੂੰ ਲਾਅ ਆਫ ਕੋਸਮਿਕ ਲੇਜ਼ੀਨੈਸ ਕਹਿੰਦੇ ਨੇ, ਪੰਜਾਬੀ ਵਿੱਚ ਕਹਾਂਗੇ, ਸੁਸਤੀ ਦਾ ਬ੍ਰਹਿਮੰਡੀ ਵਿਧਾਨ।

ਅਰਜ਼ੀਆਂ ਦੇਣ ਵਾਲਿਆਂ ਦੀ ਇੰਟਰਵਿਊ ਹੋਈ। ਜਿਨ੍ਹਾਂ ਦੀ ਫੀਸ ਮੁਆਫ ਹੋਈ, ਉਨ੍ਹਾਂ ਨਾਵਾਂ ਦੀ ਲਿਸਟ ਨੋਟਿਸ ਬੋਰਡ ਉਪਰ ਲੱਗੀ। ਕਰਮਾਂ ਵਾਲੇ ਆਪੋ ਆਪਣੇ ਨਾਮ ਦੇਖ ਕੇ ਬਾਗੋ-ਬਾਗ। ਮੇਰੀ ਫੀਸ ਮੁਆਫ ਹੋ ਗਈ, ਕਰਮੇ ਦੀ ਨਾ ਹੋਈ। ਉਹਦੀ ਮਾਂ ਉਹਨੂੰ ਝਿੜਕਾਂ ਦੇਣ ਲੱਗੀ; ਤੈਨੂੰ ਚੱਜ ਨਾਲ ਗੱਲ ਕਰਨੀ ਨਹੀਂ ਆਉਂਦੀ ਵੇ ਨਿਕਰਮਿਆਂ। ਤੂੰ ਦੱਸਣਾ ਸੀ ਉਨ੍ਹਾਂ ਨੂੰ, ਬਈ ਮੇਰਾ ਬਾਪੂ ਮਰ ਗਿਆ ਹੋਇਐ? ਦੱਸਿਆ ਨ੍ਹੀਂ? ਕਰਮਾ ਕਹਿੰਦਾ; ਦੱਸਿਆ ਸੀ, ਉਥੇ ਬੜਿਆਂ ਦੇ ਬਾਪੂ ਮਰੇ ਹੋਏ ਸਨ। ਮੇਰਾ ਤਾਂ ਇਕ ਬਾਪੂ ਮਰਿਐ, ਉਥੇ ਤਾਂ ਉਹ ਵੀ ਫਿਰਦੇ ਸਨ, ਜਿਨ੍ਹਾਂ ਦੇ ਪੰਜ-ਪੰਜ ਸੱਤ-ਸੱਤ ਬਾਪੂ ਮਰੇ ਹੋਏ ਸਨ। ਮੇਰੀ ਕੀ ਸੁਣਵਾਈ ਹੋਣੀ ਸੀ ਉਥੇ? ਚੁਪ ਕਰ, ਭੁੱਖ ਲੱਗੀ ਐ ਰੋਟੀ ਲਿਆ।

ਰੁਲਦੂ ਮਹਿੰਦਰਾ ਕਾਲਜ ਦਾ ਸਫਾਈ ਸੇਵਕ ਸੀ, ਸਰਕਾਰੀ ਮੁਲਾਜ਼ਮ। ਭਲਾ ਲੋਕ। ਕਦੀ ਕਦੇ ਆਪਣੇ ਸਾਈਕਲ ਦੇ ਕੈਰੀਅਰ ਉਪਰ ਬਿਠਾ ਕੇ ਕਾਲਜ ਤੱਕ ਲੈ ਜਾਂਦਾ। ਉਹਦੀ ਇਕ ਆਦਤ ਬੜੀ ਬੁਰੀ ਸੀ। ਘਰ ਆ ਕੇ ਆਪਣੀ ਪਤਨੀ ਨੂੰ ਖੂਬ ਡਾਂਟਦਾ, ਆਹ ਖੂੰਜੇ ਵਿੱਚ ਰੇਤ ਕਿਉਂ ਦਿੱਸ ਰਿਹੈ? ਅਹੁ ਜਾਲਾ ਕਿਉਂ ਨੀ ਉਤਾਰਦੀ? ਕਹਿੰਦੀ; ਦਿਸਿਆ ਨ੍ਹੀਂ। ਕਹਿੰਦਾ; ਮੈਨੂੰ ਦਿਸ ਜਾਂਦੈ, ਤੈਨੂੰ ਕਿਉਂ ਨਹੀਂ ਦਿਸਿਆ? ਇਕ ਦਿਨ ਮੈਨੂੰ ਗੁੱਸਾ ਆ ਗਿਆ, ਆਖ ਹੀ ਦਿੱਤਾ ਤੂੰ ਕਾਲਜ ਦੇ ਵੀਹ ਕਮਰੇ ਸਾਫ ਕਰਦੈਂ, ਇਥੇ ਨਹੀਂ ਤੈਥੋਂ ਦੋ ਝਾੜੂ ਲਾ ਹੁੰਦੇ? ਉਹ ਬਰਾਬਰ ਤੈਸ਼ ਵਿੱਚ ਆ ਗਿਆ, ਕਹਿੰਦਾ; ਉਥੇ ਤਾਂ ਮੈਂ ਕੁੱਤੀ ਨੌਕਰੀ ਕਰਦਾਂ, ਸਮਝਿਆ। ਇਥੇ ਮਾਲਕ ਆਂ। ਤੂੰ ਮੈਨੂੰ ਘਰ ਵੀ ਮਾਲਕੀ ਨ੍ਹੀਂ ਕਰਨ ਦਏਂਗਾ? ਆਪਣੀਆਂ ਪੋਥੀਆਂ ਚੁੱਕ ਕੇ ਤਿੱਤਰ ਹੋ ਜਾ। ਚੰਗੇ ਭਲੇ ਸੁਖੀ ਵਸਦੇ ਪਰਵਾਰ ਵਿੱਚ ਲੱਗੈਂ ਕਲੇਸ ਪੁਆਣ। ਬੈਠੀਂ ਅੱਗੇ ਤੋਂ ਮੇਰੇ ਸਾਈਕਲ 'ਤੇ।

ਬੀ ਏ ਕਰਨ ਸਾਰ ਇਕ ਜਮਾਤੀ ਨੂੰ ਏਅਰ ਫੋਰਸ ਵਿੱਚ ਪਾਇਲਟ ਅਫਸਰ ਰੱਖ ਲਿਆ ਗਿਆ। ਉਦੋਂ ਫੋਨ ਨਹੀਂ ਹੁੰਦੇ ਸਨ, ਉਸ ਦੀ ਚਿੱਠੀ ਆਈ, ਲਿਖਿਆ ਸੀ ਟਰੇਨਿੰਗ ਖਤਮ ਹੋ ਗਈ। ਇਥੇ ਡੇਹਰਾਦੂਨ ਪਾਸਿੰਗ ਆਊਟ ਪਰੇਡ ਹੋਏਗੀ। ਮੁਲਕ ਦਾ ਰਾਸ਼ਟਰਪਤੀ ਮੋਢਿਆਂ 'ਤੇ ਅਫਸਰੀ ਚਿਪਕਾਉਣ ਆਏਗਾ। ਹਰ ਇਕ ਨੂੰ ਅਧਿਕਾਰ ਹੈ ਆਪਣੀ ਪਸੰਦ ਦੇ ਦੋ ਮਹਿਮਾਨ ਇਸ ਮੌਕੇ ਬੁਲਾ ਸਕਦਾ ਹੈ। ਦੋ ਬੰਦਿਆਂ ਦੇ ਨਾਮ ਲਿਖਾ ਦਿੱਤੇ ਨੇ। ਇਕ ਮੇਰਾ ਬਾਪੂ ਆਏਗਾ, ਦੂਜਾ ਤੂੰ। ਠੀਕ ਹੈ? ਇਕ ਦਿਨ ਪਹਿਲਾਂ ਆ ਜਾਈਂ। ਚੱਜ ਦੇ ਕੱਪੜੇ ਪਾ ਕੇ ਆਈਂ। ਕਿਤੇ ਉਹੀ ਵਰਦੀ ਪਹਿਨ ਕੇ ਨਾ ਆ ਜੀਂ ਜਿਹੜੀ ਫੀਸ ਮੁਆਫੀ ਦੀ ਇੰਟਰਵਿਊ 'ਤੇ ਜਾਣ ਮੌਕੇ ਪਹਿ-ਨਆ ਕਰਦਾ ਸੀ, ਓਕੇ? ਓਕੇ।

## ਹਲਕਾ ਫੁਲਕਾ

ਪਤੀ, "ਜਦੋਂ ਮੈਂ ਸੂਟ ਬੂਟ ਪਾ ਕੇ ਸਬਜ਼ੀ ਲੈਣ ਜਾਂਦਾ ਹਾਂ ਤਾਂ ਦੁਕਾਨਦਾਰ ਮੈਨੂੰ ਸਬਜ਼ੀ ਮਹਿੰਗੀ ਦਿੰਦਾ ਹੈ, ਜਦੋਂ ਮੈਂ ਮੈਲਾ ਕੁੜਤਾ ਪਜਾਮਾ ਪਾ ਕੇ ਜਾਂਦਾ ਹਾਂ ਤਾਂ ਸਬਜ਼ੀ ਸਸਤੀ ਮਿਲਦੀ ਹੈ।"
ਪਤਨੀ, "ਤੁਸੀਂ ਹੱਥ ਵਿੱਚ ਕਟੋਰਾ ਲੈ ਕੇ ਜਾਇਆ ਕਰੋ, ਸਬਜ਼ੀ ਮੁਫਤ ਵਿੱਚ ਮਿਲ ਜਾਇਆ ਕਰੇਗੀ।"

*********

ਪੱਪੂ ਦੇ ਘਰ ਜੌੜੇ ਬੱਚੇ ਹੋਏ। ਉਸ ਨੇ ਉਨ੍ਹਾਂ ਦਾ ਨਾਂਅ ਰੱਖਿਆ: ਤਾਰਾ ਤੇ ਸਿਤਾਰਾ।
ਉਸ ਦੇ ਭਰ ਫਿਰ ਜੌੜੇ ਬੱਚੇ ਹੋਏ। ਉਸ ਨੇ ਉਨ੍ਹਾਂ ਦਾ ਨਾਂਅ ਰੱਖਿਆ: ਪੀਟਰ ਤੇ ਰਿਪੀਟਰ।
ਤੀਜੀ ਵਾਰ ਫਿਰ ਜੌੜੇ ਬੱਚੇ ਹੋ ਗਏ। ਉਸ ਨੇ ਉਨ੍ਹਾਂ ਦਾ ਨਾਂਅ ਰੱਖਿਆ: ਮੈਕਸ ਤੇ ਕਲਾਈਮੈਕਸ।
ਚੌਥੀ ਫਿਰ ਜੌੜੇ ਹੋ ਗਏ। ਇਸ ਵਾਰ ਉਸ ਨੇ ਉਨ੍ਹਾਂ ਦਾ ਨਾਂਅ ਰੱਖਿਆ: ਸਟਾਪ ਤੇ ਫੁੱਲਸਟਾਪ।

*********

ਇਤਿਹਾਸ ਦਾ ਟੀਚਰ, "ਬੱਚਿਓ, ਸਮਰਾਟ ਅਕਬਰ ਨੇ ਸਿੰਘਾਸਨ ਹਾਸਲ ਕਰਨ ਪਿੱਛੋਂ ਸਭ ਤੋਂ ਪਹਿਲਾਂ ਕੰਮ ਕੀ ਕੀਤਾ?"
ਰੰਜਨ, "ਸਰ, ਉਹ ਫਟਾਫਟ ਸਿੰਘਾਸਨ 'ਤੇ ਬੈਠ ਗਿਆ ਸੀ।"

## ਗੋਪਾਲ ਸਿੰਘ ਚਾਵਲਾ ਨੇ ਪਾਕਿਸਤਾਨੀ ਹਿੰਦੂਆਂ ਤੋਂ ਮੁਆਫੀ ਮੰਗੀ



ਮੰਡੀ ਗੋਬਿੰਦਗੜ੍ਹ, 25 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਕੋਈ ਸਖਤ ਝਾੜ ਪਾਈ ਹੋਵੇਗੀ ਜਾਂ ਓਥੇ ਵਸਦੇ ਹਿੰਦੂ ਭਾਈਚਾਰੇ ਦਾ ਵਿਰੋਧ ਤਿੱਖਾ ਹੋਇਆ ਹੋਵੇ, ਪਰ ਇਹ ਸੱਚ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ ਨੇ ਪਾਕਿ ਹਿੰਦੂ ਭਾਈਚਾਰੇ ਤੋਂ ਇੱਕ ਵੀਡੀਓ ਜਾਰੀ ਕਰ ਕੇ ਮੁਆਫੀ ਮੰਗ ਲਈ ਹੈ।

ਵਰਨਣ ਯੋਗ ਹੈ ਕਿ ਗੋਪਾਲ ਸਿੰਘ ਚਾਵਲਾ ਵੱਲੋਂ 12-13 ਦਿਨ ਪਹਿਲਾਂ ਜਾਰੀ ਕੀਤੀ ਇੱਕ ਵੀਡੀਓ ਬਾਰੇ ਉਸ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮਕਸਦ ਹਿੰਦੂ ਭਾਈਚਾਰੇ ਦੇ ਜਜ਼ਬਾਤ ਨੂੰ ਠੇਸ ਲਾਉਣਾ ਨਹੀਂ ਸੀ, ਉਹ ਤਾਂ ਆਰ ਐਸ ਐਸ ਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਰੋਧ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਗਊਵੰਸ਼ ਦੇ ਨਾਂਅ ਉੱਤੇ ਈਦ ਮੌਕੇ ਕੀਤੇ ਜਾਂਦੇ ਮੁਸਲਮਾਨ ਸਮਾਜ ਦੇ ਵਿਰੋਧ ਅਤੇ ਗਾਂਵਾਂ ਵੱਲੋਂ ਜੱਟਾਂ ਦੀਆਂ ਫਸਲਾਂ ਦੇ ਨੁਕਸਾਨ ਬਾਰੇ ਇਸ ਵੀਡੀਓ ਵਿੱਚ ਦਿੱਤੇ ਬਿਆਨ ਦਾ ਇਹ ਮਤਲਬ ਵੀ ਨਿਕਲਦਾ ਹੈ ਕਿ ਇਸ ਦੀ ਉਨ੍ਹਾਂ ਨੂੰ ਸੱਚਮੁੱਚ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਗਲਤੀ ਦਾ ਪਤਾ ਉਸੇ ਦਿਨ ਲੱਗ ਗਿਆ ਸੀ, ਜਦੋਂ ਪਾਕਿਸਤਾਨੀ ਪਾਰਲੀਮੈਂਟ ਦੇ ਮੈਂਬਰ ਅਤੇ ਉਨ੍ਹਾਂ ਦੇ ਨਜ਼ਦੀਕੀ ਦੋਸਤ ਰਵੀ ਕੁਮਾਰ ਦਾ ਫੋਨ ਆਇਆ ਕਿ ਜਾਰੀ ਕੀਤੀ ਵੀਡੀਓ ਗਲਤ ਤੇ ਹਿੰਦੂ ਸਮਾਜ ਦੇ ਵਿਰੁੱਧ ਹੈ, ਜਿਸ ਬਾਰੇ ਹਿੰਦੂ ਭਾਈਚਾਰੇ ਵਿੱਚ ਰੋਸ ਹੈ। ਉਨ੍ਹਾਂ ਕਿਹਾ ਕਿ ਉਹ ਉਸੇ ਵੇਲੇ ਗਲਤੀ ਦਾ ਅਹਿਸਾਸ ਕਰਨਾ ਚਾਹੁੰਦੇ ਸਨ, ਪਰ ਇਸ ਵੀਡੀਓ ਬਾਰੇ ਪੇਸ਼ਾਵਰ ਅਤੇ ਨਨਕਾਣਾ ਸਾਹਿਬ ਦੇ ਸਿੱਖ ਨੌਜਵਾਨਾਂ ਵੱਲੋਂ ਕੀਤੀਆਂ ਟਿੱਪਣੀਆਂ ਕਾਰਨ ਉਨ੍ਹਾਂ ਨੂੰ ਚੁੱਪ ਰਹਿਣਾ ਪਿਆ ਅਤੇ ਆਖਰ ਉਹ ਆਪਣੀ ਗਲਤੀ ਲਈ ਹਿੰਦੂ ਭਾਈਚਾਰੇ ਖਾਸ ਕਰ ਕੇ ਪਾਕਿਸਤਾਨ ਵੱਸਦੇ ਹਿੰਦੂ ਵੀਰਾਂ ਤੋਂ ਮੁਆਫੀ ਮੰਗਦੇ ਹਨ। ਉਨ੍ਹਾਂ ਕਿਹਾ ਕਿ ਉਹ ਪੇਸ਼ਾਵਰ ਤੇ ਨਨਕਾਣਾ ਸਾਹਿਬ ਦੇ ਸਿੱਖ ਨੌਜਵਾਨਾਂ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਹਿੰਦੂਆਂ ਦਾ ਸਿੱਖ ਸਮਾਜ ਕਦੇ ਦੇਣ ਨਹੀਂ ਦੇ ਸਕਦਾ ਕਿਉਂਕਿ ਇਸ ਦੇਸ਼ ਵਿਚਲੇ ਗੁਰਧਾਮਾਂ ਵਿਖੇ ਆਯੋਜਤ ਹੁੰਦੇ ਚਾਰੇ ਵੱਡੇ ਸਮਾਗਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ, ਵਿਸਾਖੀ ਸਮੇਂ ਖਾਲਸਾ ਸਾਜਨਾ ਦਿਵਸ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਤ ਸਮਾਰੋਹ ਮੌਕੇ ਪਾਕਿਸਤਾਨ ਦਾ ਹਿੰਦੂ ਭਾਈਚਾਰਾ ਵੱਧ-ਚੜ੍ਹ ਕੇ ਸੇਵਾ ਕਰਦਾ ਹੈ।

ਭਾਜਪਾ ਆਗੂ ਪੁੱਠੇ ਰਾਹ

# ਸੁਬਰਾਮਨੀਅਮ ਸਵਾਮੀ ਨੇ ਕਰਤਾਰਪੁਰ ਲਾਂਘੇ ਦੀ ਉਸਾਰੀ ਰੋਕਣ ਦੀ ਮੰਗ ਚੁੱਕ ਦਿੱਤੀ



ਚੰਡੀਗੜ੍ਹ, 25 ਅਗਸਤ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਪਾਕਿਸਤਾਨ ਵਿਚਲੇ ਗੁਰ-ਦੁਆਰਾ ਕਰਤਾਰਪੁਰ ਸਾਹਿਬ ਤੱਕ ਜਾਣ ਲਈ ਬਣਾ ਰਹੇ ਲਾਂਘੇ ਦੀ ਉਸਾਰੀ ਦਾ ਵਿਰੋਧ ਕਰਦੇ ਹੋਏ ਵਿਵਾਦਿਤ ਬਿਆਨ ਦਾਗ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਦੇਸ਼ ਦੇ ਹਿੱਤ ਵਿੱਚ ਪਾਕਿਸਤਾਨ ਨਾਲ ਕਰਤਾਰਪੁਰ ਲਾਂਘੇ ਵਾਲੇ ਪ੍ਰੋਜੈਕਟ ਉੱਤੇ ਫਿਲਹਾਲ ਅੱਗੇ ਨਹੀਂ ਵਧਣਾ ਚਾਹੀਦਾ ਤੇ ਮੌਜੂਦਾ ਹਾਲਾਤਾਂ ਵਿੱਚ ਸਿੱਖ ਭਾਈਚਾਰਾ ਵੀ ਇਹ ਗੱਲ ਸਮਝੇਗਾ ਕਿ ਇਸ ਲਾਂਘੇ ਖਾਤਰ ਗੁਆਂਢੀ ਦੇਸ਼ ਨਾਲ ਸੰਬੰਧ ਰੱਖਣਾ ਠੀਕ ਨਹੀਂ।

ਅੱਜ ਇੱਕ ਪ੍ਰੋਗਰਾਮ ਦੌਰਾਨ ਸੁਬਰਾਮਨੀਅਮ ਸਵਾਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਮੰਨਦੇ ਹਨ ਕਿ ਕਰਤਾਰਪੁਰ ਲਾਂਘਾ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਜੁੜਿਆ ਹੈ, ਪਰ ਸਿੱਖਾਂ ਨੇ ਦੇਸ਼ ਦੀ ਰੱਖਿਆ ਲਈ ਬਲੀਦਾਨ ਦਿੱਤਾ ਹੈ, ਉਹ ਜ਼ਰੂਰ ਇਸ ਗੱਲ ਨੂੰ ਸਮਝਣਗੇ ਕਿ ਪਾਕਿਸਤਾਨ ਨੇ ਭਾਰਤ ਵਿੱਚ ਅੱਤਵਾਦ ਨੂੰ ਵਧਾਉਣਾ ਬੰਦ ਨਹੀਂ ਕੀਤਾ ਅਤੇ ਨਾ ਉਸ ਨੇ ਆਪਣੇ ਕੋਲ ਬੈਠੇ ਅੱਤਵਾਦੀ ਭਾਰਤ ਨੂੰ ਸੌਂਪੇ ਹਨ। ਇਸ ਲਈ ਉਸ ਦੇਸ਼ ਨਾਲ ਹਾਲੇ ਕੋਈ ਸੰਬੰਧ ਰੱਖਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਪਾਕਿਸਤਾਨ ਇਸ ਲਾਂਘੇ ਦੇ ਬਹਾਨੇ ਦੁਨੀਆ ਨੂੰ ਦੱਸਣਾ ਚਾਹੁੰਦਾ ਹੈ ਕਿ ਉਹ ਭਾਰਤ ਨਾਲ ਗੱਲਬਾਤ ਸ਼ੁਰੂ ਕਰਨਾ ਚਾਹੁੰਦਾ ਹੈ, ਪਰ ਨਿੱਜੀ ਤੌਰ ਉੱਤੇ ਸਾਡੀ ਸੋਚ ਹੈ ਕਿ ਉਸ ਨੂੰ ਇਹ ਮੌਕਾ ਨਹੀਂ ਦੇਣਾ ਚਾਹੀਦਾ ਤੇ ਲਾਂਘੇ ਪ੍ਰੋਜੈਕਟ ਦਾ ਜਿੰਨਾ ਕੰਮ ਹੋ ਚੁੱਕਾ ਹੈ, ਦੇਸ਼ ਹਿੱਤ ਵਿੱਚ ਉਹ ਓਥੇ ਰੋਕ ਦੇਣਾ ਚਾਹੀਦਾ ਹੈ ਤੇ ਜਦੋਂ ਹਾਲਾਤ ਠੀਕ ਹੋ ਜਾਣਗੇ ਤਾਂ ਇਸ ਨੂੰ ਅੱਗੇ ਵਧਾਇਆ ਜਾ ਸਕਦਾ ਹੈ।

ਇਸ ਮੌਕੇ ਸੁਬਰਾਮਨੀਅਮ ਸਵਾਮੀ ਨੇ ਪਾਕਿਸਤਾਨ ਦੀ ਫੌਜ ਦੇ ਦੇ ਸਾਬਕਾ ਮੁਖੀ ਅਸਲਮ ਬੇਗ ਦੇ ਕਰਤਾਰਪੁਰ ਲਾਂਘੇ ਰਾਹੀਂ ਭਾਰਤ ਵਿੱਚ ਖਾਲਿਸਤਾਨੀ ਲਹਿਰ ਵਧਾਉਣ ਦੇ ਬਿਆਨ ਬਾਰੇ ਕਿਹਾ, 'ਖਾਲਿਸਤਾਨ ਕਦੇ ਬਣਨ ਵਾਲਾ ਨਹੀਂ ਹੈ ਅਤੇ ਜੋ ਸਿੱਖ ਇਸ ਦੀ ਗੱਲ ਕਰਦਾ ਹੈ, ਉਸ ਦਾ ਦਿਮਾਗ ਖਾਲੀ ਹੈ ਤੇ ਖਾਲਿਸਤਾਨ ਵੀ ਓਥੇ ਹੈ।' ਸਵਾਮੀ ਨੇ ਕਿਹਾ ਕਿ ਆਪਰੇਸ਼ਨ ਬਲਿਊ ਸਟਾਰ ਅਤੇ 1984 ਦੇ ਕਤਲੇਆਮ ਵਰਗੀਆਂ ਘਟਨਾਵਾਂ ਵਿੱਚ ਸਿੱਖਾਂ ਨੂੰ ਨਿਆਂ ਦਿਵਾਉਣ ਲਈ ਉਹ ਅਤੇ ਸਾਬਕਾ ਪ੍ਰਧਾਨ ਮੰਤਰੀ ਚੰਦਰਸ਼ੇਖਰ ਸਿੱਖਾਂ ਦੇ ਨਾਲ ਖੜੇ ਸਨ। ਉਨ੍ਹਾਂ ਕਿਹਾ ਕਿ ਸਿੱਖ ਰਾਸ਼ਟਰਵਾਦੀ ਹਨ, ਦੇਸ਼ ਦੇ ਐਮਰਜੈਂਸੀ ਖਿਲਾਫ ਸਿੱਖਾਂ ਨੇ ਸਭ ਤੋਂ ਵੱਧ ਸੰਘਰਸ਼ ਕੀਤਾ ਤੇ ਕੋਈ ਸੱਚਾ ਸਿੱਖ ਖਾਲਿਸਤਾਨ ਨਹੀਂ ਚਾਹੁੰਦਾ।

## ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦੇ ਦੋਸ਼ ਹੇਠ ਛੇ ਜਣਿਆਂ ਦੇ ਖਿਲਾਫ ਕੇਸ

ਸੰਗਰੂਰ, 25 ਅਗਸਤ (ਪੋਸਟ ਬਿਊਰੋ)- ਸਥਾਨਕ ਅਨਾਜ ਮੰਡੀ ਨੇੜੇ ਭਗਵਾਨ ਵਿਸ਼ਵਕਰਮਾ ਮੰਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਤੋੜਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਉਪਰਲੀ ਮੰਜ਼ਿਲ ਦੇ ਕਮਰੇ ਵਿੱਚ ਤਬਦੀਲ ਕਰਨ ਦੀ ਘਟਨਾ ਪਿੱਛੋਂ ਵੱਖ-ਵੱਖ ਸਿੱਖ ਜਥੇਬੰਦੀਆਂ ਵਿੱਚ ਰੋਸ ਫੈਲ ਰਿਹਾ ਹੈ ਅਤੇ ਸੰਗਰੂਰ ਪੁਲਸ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਛੇ ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਡੀ ਐੱਸ ਪੀ ਸੱਤਪਾਲ ਸ਼ਰਮਾ ਨੇ ਦੱਸਿਆ ਕਿ ਹਰਜੀਤ ਸਿੰਘ ਵਾਸੀ ਸੰਗਰੂਰ ਨੇ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਉਹ ਬਾਬਾ ਵਿਸ਼ਵਕਰਮਾ ਮੰਦਰ ਕਮੇਟੀ ਸੰਗਰੂਰ ਦਾ ਪ੍ਰਧਾਨ ਹੈ। ਮੰਦਰ ਵਿੱਚ ਇੱਕ ਕਮਰੇ ਵਿੱਚ ਬਾਬਾ ਵਿਸ਼ਵਕਰਮਾ ਦੀ ਮੂਰਤੀ ਅਤੇ ਇੱਕ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਇਸ ਬਾਰੇ ਦੋ ਧਿਰਾਂ ਦਾ ਝਗੜਾ ਹੋ ਗਿਆ। ਪੁਲਸ ਅਨੁਸਾਰ ਅਮਨਦੀਪ ਸਿੰਘ ਵਕੀਲ, ਭੀਮ ਸੈਨ, ਮਨਜੀਤ ਸਿੰਘ ਉਰਫ ਬਿੱਲੂ, ਗੁਰਵੀਰ ਸਿੰਘ ਉਰਫ ਬੱਬੀ, ਰਣਜੀਤ ਸਿੰਘ ਅਤੇ ਪਰਮਜੀਤ ਉਰਫ ਪੰਮੀ ਵਾਸੀ ਸੰਗਰੂਰ ਨੇ ਮੰਦਰ ਦੀ ਭੰਨ ਤੋੜ ਕਰ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਈ ਹੈ। ਸ਼ਰਮਾ ਨੇ ਦੱਸਿਆ ਕਿ ਹਰਜੀਤ ਸਿੰਘ ਦੇ ਬਿਆਨਾਂ ਉੱਤੇ ਇਨ੍ਹਾਂ ਛੇ ਜਣਿਆਂ ਉਤੇ ਕੇਸ ਦਰਜ ਕਰ ਕੇ ਅਮਨਦੀਪ ਸਿੰਘ, ਭੀਮ ਸੈਨ ਅਤੇ ਮਨਜੀਤ ਸਿੰਘ ਉਰਫ ਬਿੱਲੂ ਨੂੰ ਗ੍ਰਿਫਤਾਰ ਕਰ ਲਿਆ ਹੈ, ਬਾਕੀਆਂ ਦੀ ਗ੍ਰਿਫਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਥਾਣਾ ਸਿਟੀ 1 ਦੇ ਐੱਸ ਐੱਚ ਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਨੂੰ ਅਦਾਲਤ ਨੇ ਜੇਲ੍ਹ ਭੇਜ ਦਿੱਤਾ ਹੈ। ਵਰਨਣ ਯੋਗ ਹੈ ਕਿ ਕੱਲ੍ਹ ਇਸ ਮੁੱਦੇ ਬਾਰੇ ਉਸ ਸਮੇਂ ਮਾਹੌਲ ਤਣਾਅ ਪੂਰਨ ਹੋ ਗਿਆ ਸੀ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਤੋੜਨ ਦੀ ਵਾਪਰੀ ਘਟਨਾ ਮਗਰੋਂ ਦੋ ਧਿਰਾਂ ਆਪਸ ਵਿੱਚ ਭਿੜ ਗਈਆਂ ਸਨ।

## ਪਬਜੀ ਖੇਡਦਿਆਂ ਹੋਈ ਦੋਸਤੀ ਪਿੱਛੇ ਮਰਾਠੀ ਕੁੜੀ ਪੰਜਾਬ ਆਣ ਪੁੱਜੀ

ਨਵਾਂ ਸ਼ਹਿਰ, 25 ਅਗਸਤ (ਪੋਸਟ ਬਿਊਰੋ)- ਮਹਾਰਾਸ਼ਟਰ ਦੀ ਇੰਜੀਨੀਅਰ ਕੁੜੀ ਆਨ ਲਾਈਨ ਗੇਮ ਪਬਜੀ ਖੇਡਣ ਵੇਲੇ ਹੋਈ ਦੋਸਤੀ ਪਿੱਛੋਂ ਆਪਣਾ ਘਰ ਛੱਡ ਕੇ ਨਵਾਂ ਸ਼ਹਿਰ ਆ ਗਈ। ਘਰੋਂ ਚੱਲਣ ਸਮੇਂ ਉਹ ਵੱਡੀ ਮਾਤਰਾ ਵਿੱਚ ਪੈਸੇ ਚੋਰੀ ਕਰਕੇ ਲਿਆਈ ਸੀ ਅਤੇ ਪਰਵਾਰ ਨੂੰ ਬਾਅਦ ਵਿੱਚ ਪਤਾ ਲੱਗਾ ਸੀ।

ਘਰ ਛੱਡਣ ਤੋਂ ਪਹਿਲਾਂ ਇਕ ਇੰਜੀਨੀਅਰ ਮੁੰਡੇ ਨਾਲ ਕੁੜੀ ਦੀ ਮੰਗਣੀ ਦੀ ਤਰੀਕ ਤੈਅ ਹੋ ਚੁੱਕੀ ਸੀ। ਪੁਲਸ ਪਿਛਲੇ ਦੋ ਦਿਨਾਂ ਤੋਂ ਕੁੜੀ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਹੈ, ਪਰ ਹਾਲੇ ਤੱਕ ਕੁੜੀ ਦਾ ਸੁਰਾਗ ਨਹੀਂ ਮਿਲਿਆ। ਕੱਲ੍ਹ ਨਵਾਂ ਸ਼ਹਿਰ ਦੀ ਨਿਊ ਟੀਚਰ ਕਾਲੋਨੀ ਦੇ ਇਕ ਘਰ ਪੁਲਸ ਨੇ ਛਾਪੇਮਾਰੀ ਕੀਤੀ ਤਾਂ ਓਥੇ ਕੋਈ ਨਹੀਂ ਮਿਲਿਆ। ਦੱਸਿਆ ਗਿਆ ਹੈ ਕਿ ਮਹਾਰਾਸ਼ਟਰ ਦੇ ਸਤਾਰਾ ਜ਼ਿਲੇ ਦੇ ਵਸਨੀਕ ਇੰਜੀਨੀਅਰ ਕੁੜੀ ਦੀ ਇੰਜੀਨੀਅਰ ਮੁੰਡੇ ਨਾਲ ਮੰਗਣੀ ਹੋਣ ਲੱਗੀ ਸੀ ਕਿ ਇਸ ਦੌਰਾਨ ਕੁੜੀ ਅਚਾਨਕ ਲਾਪਤਾ ਹੋ ਗਈ। ਕੁੜੀ ਦੇ ਪਰਵਾਰ ਵਾਲਿਆਂ ਨੇ ਆਪਣੇ ਪੱਧਰ 'ਤੇ ਕੁੜੀ ਦੀ ਭਾਲ ਕੀਤੀ, ਪਰ ਉਹ ਕਿਤੇ ਨਹੀਂ ਮਿਲੀ। ਇਸ ਤੋਂ ਬਾਅਦ ਪੁਲਸ ਨੂੰ ਸ਼ਿਕਾਇਤ ਕੀਤੀ ਅਤੇ ਜਦੋਂ ਪੁਲਸ ਵੱਲੋਂ ਕੁੜੀ ਦੀ ਫੋਨ ਡਿਟੇਲ ਕਢਵਾਈ ਤਾਂ ਪਤਾ ਲੱਗਾ ਕਿ ਉਹ ਨਵਾਂ ਸ਼ਹਿਰ ਦੇ ਮੁੰਡੇ ਨਾਲ ਭੱਜਣ ਤੋਂ ਪਹਿਲਾਂ ਤੱਕ ਫੋਨ ਉੱਤੇ ਗੱਲਬਾਤ ਕਰਦੀ ਰਹੀ ਸੀ। ਇਹ ਵੀ ਪਤਾ ਲੱਗਾ ਕਿ ਇਹ ਕੁੜੀ ਆਨਲਾਈਨ ਪਬਜੀ ਗੇਮ ਖੇਡਣ ਦੀ ਸ਼ੌਕੀਨ ਸੀ ਤੇ ਖੇਡਣ ਦੇ ਦੌਰਾਨ ਨਵਾਂ ਸ਼ਹਿਰ ਦੇ ਨਿਊ ਟੀਚਰ ਕਾਲੋਨੀ ਦੇ ਮੁੰਡੇ ਨਾਲ ਉਸ ਦੀ ਦੋਸਤੀ ਹੋ ਗਈ, ਜਿਸ ਪਿੱਛੋਂ ਦੋਵੇਂ ਫੋਨ 'ਤੇ ਗੱਲਾਂ ਕਰਨ ਲੱਗ ਪਏ। ਜਦੋਂ ਉਸ ਕੁੜੀ ਦਾ ਵਿਆਹ ਤੈਅ ਕੀਤਾ ਗਿਆ ਤਾਂ ਉਹ ਘਰ ਛੱਡ ਕੇ ਆਪਣੇ ਪਬਜੀ ਦੋਸਤ ਦੇ ਘਰ ਰਹਿਣ ਲਈ ਆ ਗਈ। ਆਉਂਦੇ ਸਮੇਂ ਉਹ ਘਰ ਤੋਂ ਕਰੀਬ ਸਾਢੇ ਚਾਰ ਲੱਖ ਰੁਪਏ ਲੈ ਆਈ। ਨਵਾਂ ਸ਼ਹਿਰ ਦਾ ਨੌਜਵਾਨ ਬੇਰੁਜ਼ਗਾਰ ਹੈ ਤੇ ਉਹ ਦੋ ਭਰਾ ਹਨ। ਪਰਵਾਰ ਦਾ ਕੋਈ ਮੈਂਬਰ ਮਹਾਰਾਸ਼ਟਰ ਨਹੀਂ ਰਹਿੰਦਾ। ਕੁੜੀ ਪਿਛਲੇ ਤਿੰਨ ਮਹੀਨਿਆਂ ਤੋਂ ਇਥੇ ਰਹਿ ਰਹੀ ਹੈ।

ਮਹਾਰਾਸ਼ਟਰ ਦੀ ਸਤਾਰਾ ਪੁਲਸ ਨੇ ਨਵਾਂ ਸ਼ਹਿਰ ਦੀ ਥਾਣਾ ਸਿਟੀ ਪੁਲਸ ਨਾਲ ਮਿਲ ਕੇ ਕੱਲ੍ਹ ਜਦੋਂ ਛਾਪਾ ਮਾਰਿਆ ਤਾਂ ਘਰ ਦੇ ਮੈਂਬਰ ਤਾਲਾ ਲਾ ਕੇ ਫਰਾਰ ਹੋ ਗਏ। ਸਤਾਰਾ ਪੁਲਸ ਨੇ ਹਾਲੇ ਨਵਾਂ ਸ਼ਹਿਰ ਵਿਖੇ ਡੇਰਾ ਲਾਇਆ ਹੋਇਆ ਹੈ।

## ਸਿੱਖ ਸੰਗਠਨਾਂ ਵੱਲੋਂ ਸੁਬਰਾਮਨੀਅਮ ਸਵਾਮੀ ਦੇ ਬਿਆਨ ਦਾ ਤਿੱਖਾ ਵਿਰੋਧ

ਅੰਮ੍ਰਿਤਸਰ, 25 ਅਗਸਤ (ਪੋਸਟ ਬਿਊਰੋ)- ਸੀਨੀਅਰ ਭਾਜਪਾ ਆਗੂ ਤੇ ਪਾਰਲੀਮੈਂਟ ਮੈਂਬਰ ਸੁਬਰਾਮਨੀਅਮ ਸਵਾਮੀ ਵੱਲੋਂ ਗੁਰਦੁਆਰਾ ਕਰਤਾਰ-ਪੁਰ ਸਾਹਿਬ (ਪਾਕਿਸਤਾਨ) ਦੇ ਲਾਂਘੇ ਨੂੰ ਰੋਕਣ ਦੇ ਬਿਆਨ ਦਾ ਸਿੱਖ ਜਥੇਬੰਦੀਆਂ, ਅਕਾਲ ਤਖਤ, ਦਮਦਮੀ ਟਕਸਾਲ, ਸੰਤ ਸਮਾਜ ਅਤੇ ਦਲ ਖਾਲਸਾ ਨੇ ਤਿੱਖਾ ਵਿਰੋਧ ਕੀਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਕਰਤਾਰਪੁਰ (ਪਾਕਿ-ਸਤਾਨ) ਲਾਂਘਾ ਤਿਆਰ ਕਰਨ ਦਾ ਕੰਮ ਭਾਰਤ ਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿੱਚ ਚੱਲ ਰਿਹਾ ਹੈ। ਪੁਲਵਾਮਾ ਹਮਲੇ ਅਤੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਖਤਮ ਕੀਤੇ ਜਾਣ ਪਿੱਛੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵੇਲੇ ਦੋਵਾਂ ਦੇਸ਼ਾਂ ਵਿਚਾਲੇ ਜਦੋਂ ਆਵਾਜਾਈ, ਵਪਾਰ, ਹਵਾਈ ਲਾਂਘਾ ਆਦਿ ਬੰਦ ਹੋ ਚੁੱਕਾ ਹੈ, ਕੂਟਨੀਤਕ ਰਿਸ਼ਤੇ ਟੁੱਟ ਰਹੇ ਹਨ, ਅਜਿਹੀ ਸਥਿਤੀ ਵਿੱਚ ਸਿਰਫ ਗੁਰਦੁਆਰਾ ਕਰਤਾਰਪੁਰ ਲਾਂਘੇ ਦਾ ਕੰਮ ਦੋਵਾਂ ਦੇਸ਼ਾਂ ਵਿਚਾਲੇ ਲਗਾਤਾਰ ਚੱਲ ਰਿਹਾ ਹੈ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਸੁਬਰਾਮਨੀਅਮ ਸਵਾਮੀ ਵੱਲੋਂ ਕੰਮ ਰੋਕਣ ਦੀ ਗੱਲ ਦਾ ਸਿੱਖਾਂ ਵਿੱਚ ਭਾਰੀ ਵਿਰੋਧ ਕੀਤਾ ਗਿਆ ਹੈ।


ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਦੇ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਮਾਮਲਾ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜਿਆ ਹੈ। ਸਿੱਖਾਂ ਦੀ ਲੰਮੇ ਸਮੇਂ ਤੋਂ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਦੀ ਮੰਗ ਹੈ ਅਤੇ ਜਦੋਂ ਮੌਕਾ ਆਇਆ ਹੈ ਤਾਂ ਅਜਿਹੀ ਬਿਆਨਬਾਜ਼ੀ ਉਚਿਤ ਨਹੀਂ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਬੇਲੋੜੀ ਬਿਆਨਬਾਜ਼ੀ ਨਾਲ ਸਿੱਖਾਂ ਦੀ ਸਾਖ ਨੂੰ ਢਾਹ ਲਾਉਣ ਦਾ ਯਤਨ ਨਾ ਕੀਤਾ ਜਾਵੇ। ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਆਖਿਆ ਕਿ ਸੁਬਰਾਮਨੀਅਮ ਸਵਾਮੀ ਦਾ ਬਿਆਨ ਗੈਰ ਜ਼ਿੰਮੇਵਾਰਨਾ ਅਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਇਸ ਲਾਂਘੇ ਨਾਲ ਕਿਸੇ ਤਰ੍ਹਾਂ ਸੁਰੱਖਿਆ ਸੰਬੰਧੀ ਪ੍ਰੇਸ਼ਾਨੀ ਪੈਦਾ ਹੋਣ ਦੇ ਸ਼ੱਕ ਨੂੰ ਦੂਰ ਕਰਨ ਲਈ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਯੋਗ ਹਨ। ਉਨ੍ਹਾਂ ਕਿਹਾ ਕਿ ਲਾਂਘੇ ਦੇ ਨਿਰਮਾਣ ਦਾ ਫੈਸਲਾ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਕੀਤਾ ਹੈ ਤੇ ਇਸ ਦਾ ਨਿਰਮਾਣ ਛੇਤੀ ਮੁਕੰਮਲ ਹੋਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੁਬਰਾਮਨੀਅਮ ਸਵਾਮੀ ਦੇ ਬਿਆਨ ਦਾ ਵਿਰੋਧ ਕੀਤਾ ਹੈ। ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ ਨੇ ਆਖਿਆ ਕਿ ਇਸ ਮੌਕੇ ਲਾਂਘੇ ਬਾਰੇ ਅਜਿਹੇ ਵਿਵਾਦਤ ਬਿਆਨ ਜਾਰੀ ਕਰਨਾ ਸਹੀ ਨਹੀਂ ਹੈ, ਸਗੋਂ ਭਾਜਪਾ ਆਗੂ ਨੂੰ ਲਾਂਘੇ ਦਾ ਕੰਮ ਪੂਰਾ ਕਰਾਉਣ ਪ੍ਰਤੀ ਸੁਹਿਰਦਤਾ ਨਾਲ ਕੰਮ ਕਰਨਾ ਚਾਹੀਦਾ ਹੈ।

## ਗੁਆਂਢੀ ਨੂੰ ਬਰਫ ਦੇ ਸੂਏ ਮਾਰ ਕੇ ਕਤਲ ਕਰ ਦਿੱਤਾ

ਸਮਰਾਲਾ, 25 ਅਗਸਤ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਬਗਲੀ ਕਲਾਂ ਵਿਖੇ ਰਾਤ ਇੱਕ ਆਦਮੀ ਨੇ ਗੁਆਂਢੀਆਂ ਦੇ ਨੌਜਵਾਨ ਪੁੱਤ ਨੂੰ ਘਰ ਜਾਣ ਲਈ ਰਸਤਾ ਮੰਗਣ ਉੱਤੇ ਮਾਮੂਲੀ ਝਗੜੇ ਪਿੱਛੋਂ ਬਰਫ ਤੋੜਨ ਵਾਲੇ ਤੇਜ਼ਧਾਰ ਸੂਏ ਨਾਲ ਛਾਤੀ 'ਤੇ ਵਾਰ ਕਰ ਕੇ ਮਾਰ ਦਿੱਤਾ। ਇਸ ਮਗਰੋਂ ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਤਨਵੀਰ ਸਿੰਘ (35) ਪੁੱਤਰ ਸ੍ਰੀ ਰਾਮ ਕੱਲ੍ਹ ਰਾਤ ਡਿਊਟੀ ਤੋਂ ਜਦੋਂ ਘਰ ਆ ਰਿਹਾ ਸੀ ਤਾਂ ਉਨ੍ਹਾਂ ਦੇ ਘਰ ਨੂੰ ਜਾਂਦੇ ਰਾਹ ਵਿੱਚ ਪਿੰਡ ਦੇ ਅਮਨਦੀਪ ਸਿੰਘ ਨੇ ਜਾਣਬੁੱਝ ਕੇ ਲੋਕਾਂ ਨੂੰ ਤੰਗ ਕਰਨ ਲਈ 20-25 ਬੇਸਹਾਰਾ ਗਊਆਂ ਬੰਨ੍ਹ ਕੇ ਰਾਹ ਬੰਦ ਕੀਤਾ ਹੋਇਆ ਸੀ। ਤਨਵੀਰ ਸਿੰਘ ਨੇ ਮੋਟਰ ਸਾਈਕਲ 'ਤੇ ਘਰ ਜਾਣ ਲਈ ਉਥੋਂ ਲੰਘਣ ਵਾਸਤੇ ਅਮਨਦੀਪ ਸਿੰਘ ਨੂੰ ਗਊਆਂ ਹਟਾ ਲੈਣ ਨੂੰ ਕਿਹਾ ਤਾਂ ਉਹ ਤਨਵੀਰ ਸਿੰਘ ਦੇ ਗਲ ਪੈ ਗਿਆ। ਗੁੱਸੇ ਵਿੱਚ ਪਾਗਲ ਹੋਏ ਅਮਨਦੀਪ ਸਿੰਘ ਨੇ ਤਨਵੀਰ ਸਿੰਘ ਨੂੰ ਫੜ ਲਿਆ ਅਤੇ ਆਪਣੀ ਜੇਬ ਵਿੱਚੋਂ ਤੇਜ਼ਧਾਰ ਬਰਫ ਤੋੜਨ ਵਾਲਾ ਸੂਆ ਕੱਢ ਕੇ ਉਸ ਦੀ ਛਾਤੀ ਵਿੱਚ ਉਦੋਂ ਤੱਕ ਮਾਰਦਾ ਰਿਹਾ ਜਦੋਂ ਤੱਕ ਲਹੂ ਲੁਹਾਨ ਤਨਵੀਰ ਸਿੰਘ ਹੇਠਾਂ ਨਹੀਂ ਡਿੱਗ ਗਿਆ। ਉਸ ਵੇਲੇ ਥੋੜ੍ਹੀ ਦੂਰ ਆਪਣੇ ਘਰ ਅੱਗੇ ਬੈਠੇ ਮ੍ਰਿਤਕ ਤਨਵੀਰ ਸਿੰਘ ਦੇ ਚਾਚੇ ਦਾ ਲੜਕਾ ਪਰਮਿੰਦਰ ਸਿੰਘ ਤੇ ਉਸ ਦਾ ਇੱਕ ਦੋਸਤ ਖੜੇ ਸਨ। ਉਨ੍ਹਾਂ ਦੱਸਿਆ ਕਿ ਅਮਨਦੀਪ ਸਿੰਘ ਕਿ ਜਦੋਂ ਤੜਫਦਾ ਤਨਵੀਰ ਸਿੰਘ ਹੇਠਾਂ ਡਿੱਗਣ ਲੱਗਾ ਤਾਂ ਡਿੱਗਦੇ ਹੋਏ ਦੀ ਪਿੱਠ 'ਤੇ ਵੀ ਦੋਸ਼ੀ ਨੇ ਸੂਏ ਦੇ ਵਾਰ ਕੀਤੇ। ਇਸ ਪਿੱਛੋਂ ਤਨਵੀਰ ਸਿੰਘ ਨੂੰ ਸਿਵਲ ਹਸਪਤਾਲ ਸਮਰਾਲਾ ਲਿਜਾਇਆ ਗਿਆ, ਪਰ ਉਸ ਨੇ ਰਾਹ ਵਿੱਚ ਦਮ ਤੋੜ ਦਿੱਤਾ।

## ਨਾਜਾਇਜ਼ ਸੰਬੰਧਾਂ ਤੋਂ ਜਨਮਿਆ ਬੱਚਾ ਵੇਚਣ ਦੇ ਦੋਸ਼ ਹੇਠ ਸਿਹਤ ਵਿਭਾਗ ਦੇ ਦੋ ਮੁਲਾਜ਼ਮ ਫੜੇ



ਲੁਧਿਆਣਾ, 25 ਅਗਸਤ (ਪੋਸਟ ਬਿਊਰੋ)- ਸਿਵਲ ਹਸਪਤਾਲ ਦੇ ਮਦਰ ਐਂਡ ਚਾਈਲਡ ਵਿਭਾਗ ਵਿੱਚ ਕੱਲ੍ਹ ਭਾਜੜ ਪੈ ਗਈ, ਜਦੋਂ ਪਤਾ ਲੱਗਾ ਕਿ ਸਫਾਈ ਠੇਕੇਦਾਰ, ਜਿਹੜਾ ਅਕਸਰ ਮਦਰ ਚਾਈਲਡ ਵਿਭਾਗ ਵਿੱਚ ਰਹਿੰਦਾ ਹੈ, ਦਾ ਛੋਟਾ ਭਰਾ ਜਸਵੀਰ ਸਿੰਘ ਤੇ ਸੁਰਜੀਤ ਸਿੰਘ ਸੂਜੀ ਵਾਸੀ ਬਿਲਗਾ ਨੂੰ ਥਾਣਾ ਡਵੀਜ਼ਨ ਨੰਬਰ 2 ਦੀ ਪੁਲਸ ਨੇ ਜਲੰਧਰ ਸਿਵਲ ਹਸਪਤਾਲ ਵਿੱਚ ਨਵੇਂ ਜਨਮੇ ਬੱਚੇ ਦੀ ਤਸਕਰੀ ਦੇ ਕੇਸ ਵਿੱਚ ਫੜ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮਾਲੇ-ਰਕੋਟਲਾ ਰੋਡ ਦੇ ਪਿੰਡ ਦੀ ਨਾਬਾਲਗ ਲੜਕੀ, ਜਿਸ ਨਾਲ ਉਸ ਦਾ ਚਾਚਾ ਸੰਬੰਧ ਸੰਬੰਧ ਬਣਾਉਂਦਾ ਰਿਹਾ ਸੀ, ਨੇ 26 ਜੁਲਾਈ ਦੁਪਹਿਰ ਇੱਕ ਬੱਚੇ ਨੂੰ ਜਨਮ ਦਿੱਤਾ ਸੀ। ਸਿਵਲ ਹਸਪਤਾਲ ਦੇ ਮੁਲਾਜ਼ਮਾਂ ਜਸਵੀਰ ਸਿੰਘ ਅਤੇ ਸੁਰਜੀਤ ਸਿੰਘ ਦੀ ਇਸੇ ਹਸਪਤਾਲ ਵਿੱਚ ਕੰਮ ਕਰਦੀ ਨਰਸ ਨਾਲ ਸਾਂਝ ਸੀ। ਇਨ੍ਹਾਂ ਨੇ ਨਰਸ ਨੂੰ ਨਾਲ ਰਲਾ ਲਿਆ ਕੇ ਹਰਿਆਣਾ ਦੇ ਕਿਸੇ ਪਿੰਡ ਵਿੱਚ ਉਹ ਬੱਚਾ ਦੋ ਲੱਖ 10 ਹਜ਼ਾਰ ਰੁਪਏ ਦਾ ਵੇਚ ਦਿੱਤਾ। ਮਦਰ ਐਂਡ ਚਾਈਲਡ ਵਿਭਾਗ ਦੇ ਰਿਕਾਰਡ ਮੁਤਾਬਕ ਕੁੜੀ ਦੀ ਉਮਰ 18 ਸਾਲ ਤੋਂ ਘੱਟ ਹੈ। 26 ਜਲੁਾਈ ਨੂੰ ਬੱਚੇ ਦੇ ਜਨਮ ਤੋਂ ਦੋ ਦਿਨਾਂ ਬਾਅਦ 28 ਜੁਲਾਈ ਸ਼ਾਮ ਨੂੰ ਦੋਸ਼ੀਆਂ ਨੇ ਨਾਬਾਲਗ ਕੁੜੀ ਦੇ ਮਾਪਿਆਂ ਨੂੰ ਭਰੋਸਾ ਦਿੱਤਾ ਕਿ ਬੱਚਾ ਲੋੜਵੰਦ ਜੋੜੇ ਨੂੰ ਦੇ ਦਿਆਂਗੇ। ਇਨ੍ਹਾਂ ਨੇ ਹਸਪਤਾਲ ਦੇ ਡਾਕਟਰਾਂ ਦੀ ਮਰਜ਼ੀ ਬਗੈਰ ਜਬਰੀ ਛੁੱਟੀ ਕਰਵਾ ਲਈ, ਜਦ ਕਿ ਕੁੜੀ ਵਿੱਚ ਖੂਨ ਦੀ ਕਮੀ ਸੀ ਤੇ ਉਸ ਨੂੰ ਦੋ ਯੂਨਿਟ ਬਲੱਡ ਦੇ ਚੜ੍ਹਨੇ ਸਨ। ਇਨ੍ਹਾਂ ਨੇ ਐਂਬੂਲੈਂਸ ਗੱਡੀ ਵਿੱਚ ਕੁੜੀ ਅਤੇ ਉਸ ਦੇ ਮਾਪਿਆਂ ਨੂੰ ਬਿਠਾਇਆ ਅਤੇ ਸੁਰਜੀਤ ਸੂਜੀ ਦਾ ਭਰਾ ਬਿਕਰਮ ਡਰਾਈਵਰ ਦੇ ਨਾਲ ਬੈਠ ਗਿਆ। ਐਂਬੂਲੈਂਸ ਜਗਰਾਓਂ ਪੁਲ ਤੋਂ ਹੇਠਾਂ ਉਤਰੀ ਤਾਂ ਵਿਸ਼ਵਕਰਮਾ ਚੌਕ ਲਾਗੇ ਮੇਨ ਰੋਡ 'ਤੇ ਗੁਰਦੁਆਰੇ ਦੇ ਸਾਹਮਣੇ ਇਨ੍ਹਾਂ ਨੇ ਡਰਾਈਵਰ ਨੂੰ ਗੱਡੀ ਰੋਕਣ ਲਈ ਕਿਹਾ। ਜਦੋਂ ਇਹ ਕੁੜੀ ਦੇ ਮਾਂ-ਬਾਪ ਤੋਂ ਬੱਚਾ ਫੜਨ ਲੱਗੇ ਤਾਂ ਡਰਾਈਵਰ ਨੇ ਵਿਰੋਧ ਕੀਤਾ ਕਿ ਉਹ ਬੱਚਾ ਥੱਲੇ ਨਹੀਂ ਲਾਹੁਣ ਦੇਵੇਗਾ। ਜਸਵੀਰ ਨੇ ਡਰਾਈਵਰ ਨੂੰ ਕਿਹਾ ਕਿ ਇਹ ਕੁੜੀ ਉਸ ਦੀ ਭੈਣ ਲੱਗਦੀ ਹੈ ਅਤੇ ਕੁਆਰੀ ਮਾਂ ਬਣ ਗਈ ਹੈ। ਫੇਰ ਸੁਰਜੀਤ ਸੂਜੀ ਤੇ ਬਿਕਰਮ ਬੱਚਾ ਲੈ ਕੇ ਪਿੰਡ ਬਿਲਗਾ ਚਲੇ ਗਏ। ਚਾਰ ਅਗਸਤ ਨੂੰ ਜਸਵੀਰ ਸਿੰਘ ਪੁੱਤਰ ਸ਼ਮਸ਼ੇਰ ਵਾਸੀ ਮੁੱਲਾਂਪੁਰ ਆਪਣੀ ਪਤਨੀ ਨਾਲ ਪਿੰਡ ਬਿਲਗਾ ਗਿਆ ਤੇ ਬੱਚਾ ਹਰਿਆਣੇ ਦੇ ਕਿਸੇ ਪਿੰਡ ਵਿੱਚ ਦੋ ਲੱਖ 10 ਹਜ਼ਾਰ ਰੁਪਏ ਦਾ ਵੇਚ ਦਿੱਤਾ। ਜਦੋਂ ਸੂਚਨਾ ਮਿਲਣ ਉੱਤੇ ਪੁਲਸ ਕਾਰਵਾਈ ਕਰ ਰਹੀ ਸੀ ਤਾਂ ਬੱਚਾ ਤਿੰਨ ਜਗ੍ਹਾ ਅੱਗੇ ਹੋਰ ਵਿਕਦਾ ਯੂ ਪੀ ਵਿੱਚ ਪਹੁੰਚ ਗਿਆ ਹੈ।

ਪੀੜਤ ਕੁੜੀ ਦੀ ਮਾਂ ਨੇ ਦੱਸਿਆ ਕਿ ਉਨ੍ਹਾਂ ਦੀ ਨਾਬਾਲਗ ਧੀ ਘਰ ਵਿੱਚ ਕਈ ਵਾਰ ਇਕੱਲੀ ਹੁੰਦੀ ਸੀ ਤਾਂ ਉਸ ਦਾ ਚਾਚਾ ਰਾਜ ਕੁਮਾਰ ਕੁੜੀ ਨੂੰ ਡਰਾ ਕੇ ਬਲਾਤਕਾਰ ਕਰਦਾ ਰਿਹਾ। ਉਹ ਕੁੜੀ ਨੂੰ ਆਖਦਾ ਸੀ ਕਿ ਜੇ ਉਹ ਕੁਝ ਬੋਲੀ ਤਾਂ ਉਹ ਉਸ ਦੇ ਮਾਂ-ਬਾਪ ਨੂੰ ਮਾਰ ਦੇਵੇਗਾ। ਥਾਣਾ ਡੇਹਲੋਂ ਦੀ ਏ ਐੱਸ ਆਈ ਜਤਿੰਦਰ ਕੌਰ ਮੁਤਾਬਕ ਗਰਭਵਤੀ ਕੁੜੀ ਦੇ ਮਾਪਿਆਂ ਨੂੰ ਜਦੋਂ ਮਾਮਲੇ ਦਾ ਪਤਾ ਲੱਗਾ, ਉਦੋਂ ਤੱਕ ਸਮਾਂ ਬਹੁਤ ਜ਼ਿਆਦਾ ਨਿਕਲ ਚੁੱਕਾ ਸੀ। ਪੁਲਸ ਨੇ ਪੀੜਤ ਕੁੜੀ ਦੀ ਮਾਂ ਦੀ ਸ਼ਿਕਾਇਤ 'ਤੇ ਰਾਜ ਕੁਮਾਰ ਵਿਰੁੱਧ ਕੇਸ ਦਰਜ ਕਰ ਲਿਆ ਹੈ।

## ਆਪ੍ਰੇਸ਼ਨ ਦੌਰਾਨ ਮਰੀਜ਼ ਦੇ ਢਿੱਡ ਵਿੱਚ ਤੌਲੀਆ ਰਹਿ ਗਿਆ




ਬਟਾਲਾ, 25 ਅਗਸਤ (ਪੋਸਟ ਬਿਊਰੋ)- ਆਪ੍ਰੇਸ਼ਨ ਦੌਰਾਨ ਡਾਕਟਰ ਵੱਲੋਂ ਤੌਲੀਆ ਢਿੱਡ 'ਚ ਛੱਡਣ ਦਾ ਕੇਸ ਸਾਹਮਣੇ ਆਇਆ ਹੈ, ਜਿਸ ਨੂੰ ਜਾਣਣ ਦੇ ਬਾਅਦ ਹਰ ਕੋਈ ਹੈਰਾਨ ਹੈ।

ਪਿੰਡ ਬੱਜੂਮਾਨ ਦੀ ਵਸਨੀਕ ਬਲਵਿੰਦਰ ਕੌਰ ਪਤਨੀ ਅਜੈਬ ਸਿੰਘ ਨੇ ਦੱਸਿਆ ਕਿ ਉਸ ਦੇ ਪੇਟ ਵਿੱਚ ਦਰਦ ਰਹਿੰਦਾ ਸੀ, ਜਿਸ ਦੇ ਇਲਾਜ ਲਈ ਉਹ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਦਸਮੇਸ਼ ਹਸਪਤਾਲ ਜੈਂਤੀਪੁਰ ਗਏ। ਡਾਕਟਰ ਨੇ ਟੈਸਟ ਕਰਨ ਤੋਂ ਬਾਅਦ ਪੇਟ 'ਚ ਰਸੌਲੀਆਂ ਦੀ ਸ਼ਿਕਾਇਤ ਦੱਸੀ, ਜਿਸ ਤੋਂ ਬਾਅਦ ਡਾਕਟਰ ਵਿਜੇ ਕੁਮਾਰ ਸ਼ਰਮਾ ਨੇ ਬਲਵਿੰਦਰ ਕੌਰ ਦਾ ਆਪ੍ਰੇਸ਼ਨ ਕੀਤਾ। ਪੀੜਤ ਨੇ ਦੱਸਿਆ ਕਿ ਆਪ੍ਰੇਸ਼ਨ ਤੋਂ 6-7 ਦਿਨ ਪਿੱਛੋਂ ਟਾਂਕੇ ਆਪਣੇ ਆਪ ਖੁੱਲ੍ਹਣ ਲੱਗ ਪਏ ਅਤੇ ਜ਼ਖਮ ਵਿੱਚੋਂ ਪੀਕ ਵਗਣ ਲੱਗ ਗਈ। ਉਨ੍ਹਾਂ ਫਿਰ ਡਾਕਟਰ ਨੂੰ ਦਿਖਾਇਆ ਤਾਂ ਉਸ ਨੇ ਕਿਹਾ ਕਿ ਚਮੜੀ ਵਿੱਚ ਖਰਾਬੀ ਹੈ ਅਤੇ ਦਵਾਈ ਲਿਖ ਕੇ ਕਿਹਾ ਕਿ ਇਹ ਦਵਾਈ ਖਾਈ ਜਾਓ, ਜ਼ਖਮ 'ਤੇ ਪੱਟੀ ਕਰਵਾਉਂਦੇ ਰਹੋ। ਮਰਹਮ ਪੱਟੀ ਦਾ ਖਰਚ ਹਰ ਮਹੀਨੇ 8-9 ਹਜ਼ਾਰ ਰੁਪਏ ਆਉਂਦਾ ਰਿਹਾ। 5-6 ਮਹੀਨੇ ਹਸਪਤਾਲ ਵਾਲੇ ਪੱਟੀਆਂ ਕਰਦੇ ਰਹੇ ਪਰ ਕੋਈ ਅਰਾਮ ਨਹੀਂ ਮਿਲਿਆ। ਪੀੜਤਾ ਦੇ ਪਤੀ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਬਲਵਿੰਦਰ ਦੀ ਹਾਲਤ ਜ਼ਿਆਦਾ ਖਰਾਬ ਹੋ ਗਈ ਤਾਂ ਉਨ੍ਹਾਂ ਅਮਨ ਹਸਪਤਾਲ ਜੈਂਤੀਪੁਰ ਨਾਲ ਇਲਾਜ ਲਈ ਸੰਪਰਕ ਕੀਤਾ। ਇਥੇ ਡਾਕਟਰਾਂ ਨੇ ਦੋਬਾਰਾ ਆਪ੍ਰੇਸ਼ਨ ਕਰਨ ਲਈ ਪੇਟ ਖੋਲ੍ਹਿਆ ਤਾਂ ਪੇਟ ਵਿੱਚ ਕੱਪੜਾ ਦਿੱਸਿਆ ਜੋ ਪਹਿਲਾਂ ਕੀਤੇ ਆਪ੍ਰੇਸ਼ਨ ਦੌਰਾਨ ਓਥੇ ਰਹਿ ਗਿਆ ਸੀ। ਅਜੈਬ ਸਿੰਘ ਦੇ ਮੁਤਾਬਕ ਅਮਨ ਹਸਪਤਾਲ ਵਾਲਿਆਂ ਨੇ ਇਸ ਦੀ ਵੀਡੀਓ ਵੀ ਦਿਖਾਈ ਹੈ। ਦਸਮੇਸ਼ ਹਸਪਤਾਲ ਜੈਂਤੀਪੁਰ ਦੇ ਡਾਕਟਰ ਵਿਜੇ ਕੁਮਾਰ ਸ਼ਰਮਾ ਦੀ ਅਣਗਹਿਲੀ ਕਾਰਨ ਉਸ ਦੀ ਪਤਨੀ ਦਾ ਜ਼ਖਮ ਖਰਾਬ ਹੋ ਗਿਆ ਤੇ ਨਾਲ ਹੀ ਉਹ ਕਰਜ਼ੇ ਵਿੱਚ ਡੁੱਬ ਗਿਆ। ਉਨ੍ਹਾਂ ਬਟਾਲਾ ਦੇ ਐਸ ਐਸ ਪੀ ਨੂੰ ਲਿਖਤੀ ਸ਼ਿਕਾਇਤ ਦੇ ਕੇ ਇਨਸਾਫ ਦੀ ਫਰਿਆਦ ਕੀਤੀ ਹੈ।

## ਜਾਅਲੀ ਭਾਰਤੀ ਕਰੰਸੀ ਤੇ ਪ੍ਰਿੰਟਰ ਸਮੇਤ ਚਾਰ ਜਣੇ ਗ੍ਰਿਫਤਾਰ

ਤਰਨ ਤਾਰਨ, 25 ਅਗਸਤ (ਪੋਸਟ ਬਿਊਰੋ)- ਐਸ ਐਸ ਪੀ ਧਰੁਵ ਦਹੀਆ ਦੇ ਨਿਰਦੇਸ਼ਾਂ ਉਤੇ ਥਾਣਾ ਸਿਟੀ ਤਰਨ ਤਾਰਨ ਦੀ ਪੁਲਸ ਨੇ ਨਾਕਾਬੰਦੀ ਦੌਰਾਨ ਅੱਠ ਲੱਖ ਰੁਪਏ ਦੀ ਜਾਅਲੀ ਭਾਰਤੀ ਕਰੰਸੀ ਅਤੇ ਇਕ ਪ੍ਰਿੰਟਰ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਪ੍ਰਾਪਤ ਕੀਤੀ ਹੈ। ਤਰਨ ਤਾਰਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਐਸ ਪੀ (ਡੀ) ਹਰਜੀਤ ਸਿੰਘ ਨੇ ਦੱਸਿਆ ਕਿ ਸੀ ਆਈ ਏ ਸਟਾਫ ਦੇ ਇੰਚਾਰਜ ਇੰਸਪੈਕਟਰ ਰਛਪਾਲ ਸਿੰਘ ਤੇ ਥਾਣਾ ਸਿਟੀ ਤਰਨ ਤਾਰਨ ਦੇ ਐਸ ਆਈ ਬਲਜੀਤ ਕੌਰ ਨੇ ਪੁਲਸ ਪਾਰਟੀ ਸਮੇਤ ਗੁਰਦੁ-ਆਰਾ ਟੱਕਰ ਸਾਹਿਬ ਨੇੜੇ ਨਾਕਾਬੰਦੀ ਕੀਤੀ ਹੋਈ ਸੀ, ਜਿੱਥੇ ਉਨ੍ਹਾਂ ਬਿਨਾਂ ਨੰਬਰ ਤੋਂ ਦੋ ਮੋਟਰ ਸਾਈਕਲਾਂ ਉੱਤੇ ਸਵਾਰ ਹੋ ਕੇ ਆ ਰਹੇ ਚਾਰ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਹਰ ਇਕ ਵਿਅਕਤੀ ਪਾਸੋਂ ਦੋ-ਦੋ ਲੱਖ ਰੁਪਏ ਭਾਰਤੀ ਜਾਅਲੀ ਕਰੰਸੀ ਤੇ ਇਕ ਪ੍ਰਿੰਟਰ ਬਰਾਮਦ ਹੋਇਆ।

# ਪੈਸੇ ਡਬਲ ਕਰਨ ਦੇ ਝਾਂਸੇ ਨਾਲ 100 ਲੋਕਾਂ ਕੋਲੋਂ 4.66 ਕਰੋੜ ਰੁਪਏ ਠੱਗੇ




ਮੋਗਾ, 25 ਅਗਸਤ (ਪੋਸਟ ਬਿਊਰੋ)- ਪਿੰਡ ਦੁੰਨੇਕੇ ਵਿੱਚ ਕੁਝ ਲੋਕਾਂ ਨੇ ਸਰਬ ਐਗਰੋ ਨਾਮਕ ਕੰਪਨੀ ਬਣਾ ਕੇ ਛੇ ਸਾਲ ਵਿੱਚ ਪੈਸੇ ਦੁੱਗਣੇ ਕਰਨ ਦਾ ਝਾਂਸਾ ਦੇ ਕੇ 100 ਤੋਂ ਵੱਧ ਲੋਕਾਂ ਤੋਂ 4.66 ਕਰੋੜ ਰੁਪਏ ਜਮ੍ਹਾ ਕਰਵਾ ਲਏ ਅਤੇ ਬਾਅਦ ਵਿੱਚ ਕੰਪਨੀ ਦੇ ਦਫਤਰ ਨੂੰ ਤਾਲਾ ਲਾ ਕੇ ਫਰਾਰ ਹੋ ਗਏ। ਪੁਲਸ ਨੇ ਇਸ ਸ਼ਿਕਾਇਤ ਦੇ ਲਗਭਗ ਇਕ ਸਾਲ ਬਾਅਦ ਛੇ ਲੋਕਾਂ ਦੇ ਖਿਲਾਫ ਕੇਸ ਦਰਜ ਕੀਤਾ ਤੇ ਹਰਕਤ ਵਿੱਚ ਆਈ ਤਾਂ ਓਦੋਂ ਤੱਕ ਦੋਸ਼ੀਆਂ ਨੂੰ ਸਾਰੇ ਸਬੂਤ ਮਿਟਾਉਣ ਦਾ ਮੌਕਾ ਮਿਲ ਗਿਆ। ਅਜੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋ ਸਕੀ।

ਇਸ ਠੱਗੀ ਦਾ ਸ਼ਿਕਾਰ ਹੋਏ ਖੂਨੀ ਮਸੀਤ ਦੇ ਵਾਸੀ ਅਤੇ ਨੈਸਲੇ ਦੇ ਸਾਬਕਾ ਕਰਮਚਾਰੀਆਂ ਨੇ ਮੁੱਖ ਮੰਤਰੀ ਅਤੇ ਪੰਜਾਬ ਪੁਲਸ ਦੇ ਮੁੱਖ ਤੱਕ ਨੂੰ ਸਾਲ 2018 ਵਿੱਚ ਸ਼ਿਕਾਇਤ ਕੀਤੀ ਸੀ, ਜਿਸ ਦੀ ਜਾਂਚ ਪਿੱਛੋਂ ਛੇ ਜਣਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਇਹ ਦੋਸ਼ ਲਾਇਆ ਗਿਆ ਹੈ ਕਿ ਪਿੰਡ ਦੁੰਨੇਕੇ ਵਿੱਚ ਸਾਲ 2013-14 ਵਿੱਚ ਸਰਬ ਐਗਰੋ ਕੰਪਨੀ ਬਣਾ ਕੇ ਕੁਝ ਲੋਕਾਂ ਨੇ ਐਫ ਡੀ ਆਰ ਵਜੋਂ ਪੈਸਾ ਦੁੱਗਣਾ ਕਰਨ ਦਾ ਲੋਭ ਦੇ ਕੇ ਆਮ ਲੋਕਾਂ ਤੋਂ ਚਾਰ ਕਰੋੜ 66 ਲੱਖ 42 ਹਜ਼ਾਰ 351 ਰੁਪਏ ਦੀ ਠੱਗੀ ਕਰ ਲਈ ਅਤੇ ਕੰਪਨੀ ਦਫਤਰ ਨੂੰ ਤਾਲਾ ਲਾ ਕੇ ਫਰਾਰ ਹੋ ਗਏ।

ਸ਼ਿਕਾਇਤ ਕਰਤਾ ਗੁਰਚਰਨ ਸਿੰਘ (64) ਪੁੱਤਰ ਵੀਰ ਸਿੰਘ ਵਾਸੀ ਖੂਨੀ ਮਸੀਤ ਨੇ ਦੱਸਿਆ ਕਿ ਉਹ ਨੈਸਲੇ ਤੋਂ 30 ਜੂਨ 2015 ਨੂੰ ਰਿਟਾਇਰਡ ਹੋਇਆ ਸੀ। ਇਸ ਮੌਕੇ ਉਸ ਨੂੰ 25 ਲੱਖ 70 ਹਜ਼ਾਰ ਰੁਪਏ ਮਿਲੇ ਸਨ। ਉਸ ਦੀ ਪਛਾਣ ਪਿੰਡ ਢੋਲੇਵਾਲਾ ਦੇ ਨਵਜੀਤ ਸਿੰਘ ਨਾਲ ਹੋਈ, ਜਿਸ ਨੇ ਉਸ ਨੂੰ ਛੇ ਸਾਲ ਵਿੱਚ ਐਫ ਡੀ ਵਜੋਂ ਪੈਸਾ ਦੁੱਗਣਾ ਕਰਨ ਦੀ ਗੱਲ ਕਹੀ ਅਤੇ ਸਰਬ ਐਗਰੋ ਕੰਪਨੀ ਵਿੱਚ ਪੈਸਾ ਜਮ੍ਹਾ ਕਰਾਇਆ ਸੀ। ਗੁਰਚਰਨ ਸਿੰਘ ਨੇ ਕਿਹਾ ਕਿ ਸਰਬ ਐਗਰੋ ਕੰਪਨੀ ਦੇ ਹਿੱਸੇਦਾਰਾਂ ਨੇ ਬਠਿੰਡਾ ਸਮੇਤ ਕਈ ਸ਼ਹਿਰਾਂ ਵਿੱਚ ਆਪਣੀਆਂ ਬਰਾਂਚਾਂ ਖੋਲ੍ਹੀਆਂ ਸਨ। ਜਾਂਚ ਅਧਿਕਾਰੀ ਗੁਰ-ਜੰਦਰ ਸਿੰਘ ਦੇ ਮੁਤਾਬਕ ਅਮਰਜੀਤ ਸਿੰਘ ਢੀਂਗਰਾ ਪੁੱਤਰ ਬਲਵੀਰ ਸਿੰਘ ਵਾਸੀ ਓਮੈਕਸ ਕਾਲੋਨੀ ਬਠਿੰਡਾ, ਰਾਮ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਮਹਿਮਾ ਭਗਵਾਨਾ ਗੋਨੇਆਣਾ ਰੋਡ ਬਠਿੰਡਾ, ਜਿੰਦਪ੍ਰੀਤ ਕੌਰ ਪਤਨੀ ਰਾਮ ਸਿੰਘ ਪਿੰਡ ਮਹਿਮਾ ਭਗਵਾਨਾ ਗੋਨੇਆਣਾ ਰੋਡ ਬਠਿੰਡਾ, ਨਵਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਢੋਲੇਵਾਲਾ ਥਾਣਾ ਧਰਮਕੋਟ, ਲਛਮਣ ਸਿੰਘ, ਕਿਸ਼ਨ ਸਿੰਘ ਪੁੱਤਰ ਪ੍ਰਕਾਸ਼ ਸਿੰਘ ਪਿੰਡ ਮਹਿਮਾ ਭਗਵਾਨਾ ਗੋਨੇਆਣਾ ਰੋਡ ਬਠਿੰਡਾ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਦੋਸ਼ੀਆਂ ਨੂੰ ਜਲਦ ਹੀ ਗ੍ਰਿਫਤਾਰ ਕੀਤਾ ਜਾਵੇਗਾ।



## ਨੋਟਾਂ ਅਤੇ ਸਿੱਕਿਆਂ ਦੇ ਫੀਚਰ ਵਾਰ-ਵਾਰ ਬਦਲਣੇ ਸਹੀ ਨਹੀਂ

ਮੁੰਬਈ, 25 ਅਗਸਤ (ਪੋਸਟ ਬਿਊਰੋ)- ਬਾਂਬੇ ਹਾਈ ਕੋਰਟ ਨੇ ਕਿਹਾ ਹੈ ਕਿ ਕਰੰਸੀ ਨੋਟਾਂ ਅਤੇ ਸਿੱਕਿਆਂ ਦੇ ਆਕਾਰ ਤੇ ਹੋਰ ਫੀਚਰਾਂ ਵਿੱਚ ਵਾਰ-ਵਾਰ ਬਦਲਾਅ ਠੀਕ ਨਹੀਂ। ਇਸ ਨਾਲ ਨਜ਼ਰ ਤੋਂ ਵਾਂਝੇ ਲੋਕਾਂ ਨੂੰ ਪਰੇਸ਼ਾਨੀ ਹੁੰਦੀ ਹੈ, ਕਿਉਂਕਿ ਉਨ੍ਹਾਂ ਨੂੰ ਇਕ ਨੋਟ ਤੇ ਸਿੱਕੇ ਨੂੰ ਸਮਝਣ ਅਤੇ ਉਸ ਦੀ ਪਛਾਣ ਕਰਨ 'ਚ ਕਈ ਸਾਲ ਲੱਗ ਜਾਂਦੇ ਹਨ। ਇਸ ਮਾਮਲੇ 'ਤੇ ਅਗਲੀ ਸੁਣਵਾਈ ਦੋ ਹਫਤਿਆਂ ਬਾਅਦ ਹੋਵੇਗੀ। ਚੀਫ ਜਸਟਿਸ ਪ੍ਰਦੀਪ ਨੰਦਰਾਜੋਗ ਅਤੇ ਜਸਟਿਸ ਭਾਰਤੀ ਡਾਂਗਰੇ ਦੇ ਬੈਂਚ ਨੇ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੂੰ ਇਸ ਤਰ੍ਹਾਂ ਦੇ ਬਦਲਾਅ ਦੇ ਕਾਰਨ ਦੱਸਣ ਨੂੰ ਕਿਹਾ ਹੈ। ਅਦਾਲਤ ਨੇ ਆਰ ਬੀ ਆਈ ਨੂੰ ਦੋ ਹਫਤੇ ਦਾ ਸਮਾਂ ਦਿੱਤਾ ਹੈ।

ਅਦਾਲਤ ਕੱਲ੍ਹ ਨੈਸ਼ਨਲ ਐਸੋਸੀਏਸ਼ਨ ਆਫ ਦਿ ਬਲਾਈਂਡ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਪਟੀਸ਼ਨ 'ਚ ਦਾਅਵਾ ਕੀਤਾ ਗਿਆ ਹੈ ਕਿ ਨਜ਼ਰ ਤੋਂ ਵਾਂਝੇ ਲੋਕਾਂ ਨੂੰ ਨਵੇਂ ਕਰੰਸੀ ਨੋਟ ਤੇ ਸਿੱਕਿਆਂ ਦੀ ਪਛਾਣ ਤੇ ਉਨ੍ਹਾਂ 'ਚ ਫਰਕ ਨੂੰ ਸਮਝਣ 'ਚ ਮੁਸ਼ਕਲ ਆਉਂਦੀ ਹੈ। ਬੈਂਚ ਨੇ ਪਹਿਲੀ ਅਗਸਤ ਨੂੰ ਆਰ ਬੀ ਆਈ ਨੂੰ ਐਫੀਡੇਵਿਟ ਪੇਸ਼ ਕਰਕੇ ਜਵਾਬ ਦੇਣ ਨੂੰ ਕਿਹਾ ਸੀ। ਆਰ ਬੀ ਆਈ ਨੇ ਕੱਲ੍ਹ ਦਿਨੀਂ ਐਫੀਡੇਵਿਟ ਪੇਸ਼ ਕਰਨ ਲਈ ਹੋਰ ਸਮਾਂ ਮੰਗਿਆ, ਉਸ ਦਾ ਕਹਿਣਾ ਸੀ ਕਿ ਉਹ ਹਾਲੇ ਡਾਟਾ ਇਕੱਠਾ ਕਰ ਰਿਹਾ ਹੈ। ਇਸ ਉੱਤੇ ਅਦਾਲਤ ਨੇ ਕਿਹਾ ਕਿ ਅਸੀਂ ਕੋਈ ਡਾਟਾ ਨਹੀਂ ਚਾਹੁੰਦੇ। ਅਸੀਂ ਸਿਰਫ ਏਨਾ ਜਾਣਨਾ ਚਾਹੁੰਦੇ ਹਾਂ ਕਿ ਕਰੰਸੀ ਨੋਟ ਤੇ ਸਿੱਕਿਆਂ ਦੇ ਰੰਗ, ਆਕਾਰ ਤੇ ਹੋਰ ਫੀਚਰ ਬਦਲਣ ਪਿੱਛੇ ਕੀ ਕਾਰਨ ਹੈ। ਇਸ ਮੁੱਦੇ ਨੂੰ ਦਬਾਓ ਨਾ। ਬੈਂਚ ਨੇ ਕਿਹਾ ਕਿ ਨੋਟ ਤੇ ਸਿੱਕਿਆਂ 'ਚ ਬਦਲਾਅ ਕਰਨ ਦਾ ਆਰ ਬੀ ਆਈ ਨੂੰ ਅਧਿਕਾਰ ਹੈ, ਇਸ ਦਾ ਮਤਲਬ ਇਹ ਨਹੀਂ ਕਿ ਉਹ ਬਗੈਰ ਕਿਸੇ ਕਾਰਨ ਦੇ ਬਦਲਾਅ ਕਰੇਗਾ। ਇਹ ਠੀਕ ਨਹੀਂ। ਨੋਟ ਤੇ ਸਿੱਕਿਆਂ ਦੀ ਪਛਾਣ ਅਤੇ ਉਨ੍ਹਾਂ 'ਚ ਫਰਕ ਸਮਝਣ 'ਚ ਨਜ਼ਰ ਤੋਂ ਵਾਂਝੇ ਲੋਕਾਂ ਨੂੰ ਕਈ ਸਾਲ ਲੱਗ ਜਾਂਦੇ ਹਨ ਤੇ ਜਦੋਂ ਉਹ ਸਮਝਦੇ ਹਨ ਉਦੋਂ ਨੋਟ ਤੇ ਸਿੱਕਿਆਂ 'ਚ ਬਦਲਾਅ ਕਰ ਦਿੱਤਾ ਜਾਂਦਾ ਹੈ। ਅਦਾਲਤ ਨੇ ਕਿਹਾ ਕਿ ਆਰ ਬੀ ਆਈ ਇਸ ਲਈ ਐਫੀਡੇਵਿਟ ਪੇਸ਼ ਕਰਨ ਲਈ ਸਮਾਂ ਮੰਗਦ ਹੈ ਕਿਉਂਕਿ ਉਸ ਕੋਲ ਕੋਈ ਦਲੀਲ ਨਹੀਂ ਹੈ।

# ਜੰਮੂ-ਕਸ਼ਮੀਰ ਗਏ ਵਿਰੋਧੀ ਧਿਰ ਦੇ ਆਗੂਆਂ ਨੂੰ ਕਿਸੇ ਨਾਲ ਗੱਲ ਤੱਕ ਨਹੀਂ ਕਰਨ ਦਿੱਤੀ ਗਈ

*** ਪੁਲਿਸ ਨੇ ਹਵਾਈ ਅੱਡੇ ਤੋਂ ਸਾਰੇ ਆਗੂ ਜਬਰਨ ਵਾਪਸ ਭੇਜੇ**



ਸ੍ਰੀਨਗਰ, 25 ਅਗਸਤ, (ਪੋਸਟ ਬਿਊਰੋ)- ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਕਈ ਹੋਰ ਵਿਰੋਧੀ ਪਾਰਟੀਆਂ ਦੇ ਸੀਨੀਅਰ ਆਗੂ ਅੱਜ ਸ਼ਨਿਚਰਵਾਰ ਦੁਪਹਿਰ ਕਸ਼ਮੀਰ ਦਾ ਦੌਰਾ ਕਰਨ ਗਏ ਤਾਂ ਕਿਸੇ ਨੂੰ ਮਿਲਣ ਦਿੱਤੇ ਬਗੈਰ ਉਨ੍ਹਾਂ ਨੂੰ ਵਾਪਸ ਮੋੜ ਦਿੱਤਾ ਗਿਆ। ਇਹ ਆਗੂ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਦੇ ਪ੍ਰਮੁੱਖ ਪ੍ਰਬੰਧ ਹਟਾਏ ਜਾਣ ਤੋਂ ਬਾਅਦ ਦੀ ਸਥਿਤੀ ਦਾ ਜਾਇਜ਼ਾ ਲੈਣ ਗਏ ਹਨ। ਜੰਮੂ-ਕਸ਼ਮੀਰ ਸਰਕਾਰ ਨੇ ਸ਼ੁੱਕਰਵਾਰ ਰਾਤ ਬਿਆਨ ਜਾਰੀ ਕਰ ਕੇ ਇਨ੍ਹਾਂ ਆਗੂਆਂ ਨੂੰ ਹਾਲੇ ਕਸ਼ਮੀਰ ਘਾਟੀ ਦਾ ਦੌਰਾ ਨਾ ਕਰਨ ਲਈ ਕਹਿ ਦਿੱਤਾ ਸੀ, ਕਿਉਂਕਿ ਸਰਕਾਰ ਸਮਝਦੀ ਹੈ ਕਿ ਇਸ ਨਾਲ ਹੌਲੀ-ਹੌਲੀ ਆਮ ਜਨਜੀਵਨ ਬਹਾਲ ਕਰਨ ਵਿੱਚ ਮੁਸ਼ਕਲ ਆਵੇਗੀ।

ਰਾਹੁਲ ਗਾਂਧੀ ਦੀ ਅਗਵਾਈ ਹੇਠ ਅੱਠ ਵਿਰੋਧੀ ਪਾਰਟੀਆਂ ਦੇ ਗਿਆਰਾਂ ਆਗੂ ਜਦੋਂ ਸ੍ਰੀਨਗਰ ਹਵਾਈ ਅੱਡੇ ਪੁੱਜੇ ਤਾਂ ਪ੍ਰਸ਼ਾਸਨ ਨੇ ਸਾਰਿਆਂ ਨੂੰ ਉਥੇ ਰੋਕ ਲਿਆ ਅਤੇ ਇਸ ਵਫਦ ਨੂੰ ਹਵਾਈ ਅੱਡੇ ਤੋਂ ਬਾਹਰ ਨਿਕਲਣ ਦੀ ਮਨਜ਼ੂਰੀ ਨਹੀਂ ਦਿੱਤੀ ਗਈ। ਇਨ੍ਹਾਂ ਆਗੂਆਂ ਨੂੰ ਕਿਸੇ ਨਾਲ ਵੀ ਮਿਲਣ ਨਹੀਂ ਦਿੱਤਾ ਗਿਆ ਅਤੇ ਸਾਰਿਆਂ ਨੂੰ ਏਅਰਪੋਰਟ ਤੋਂ ਹੀ ਵਾਪਸ ਦਿੱਲੀ ਭੇਜ ਦਿੱਤਾ ਗਿਆ, ਜਿਸ ਦੀ ਵਿਰੋਧੀ ਪਾਰਟੀਆਂ ਨੇ ਨਿੰਦਾ ਕੀਤੀ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਕਈ ਹੋਰ ਵਿਰੋਧੀ ਪਾਰਟੀਆਂ ਦੇ ਸੀਨੀਅਰ ਆਗੂ ਅੱਜ ਸ਼ਨਿਚਰਵਾਰ ਕਸ਼ਮੀਰ ਦਾ ਦੌਰਾ ਕਰਨ ਗਏ ਸਨ ਅਤੇ ਉਨ੍ਹਾਂ ਕਿਹਾ ਸੀ ਕਿ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਦੇ ਪ੍ਰਮੱਖ ਪ੍ਰਬੰਧ ਹਟਾਏ ਜਾਣ ਪਿੱਛੋਂ ਦੇ ਉਸ ਰਾਜ ਦੇ ਹਾਲਾਤ ਦਾ ਜਾਇਜ਼ਾ ਲੈਣਗੇ। ਰਾਹੁਲ ਗਾਂਧੀ ਦੇ ਨਾਲ ਕਾਂਗਰਸ ਦੇ ਸੀਨੀਅਰ ਆਗੂ ਗੁਲਾਮ ਨਬੀ ਆਜ਼ਾਦ ਤੇ ਆਨੰਦ ਸ਼ਰਮਾ ਵੀ ਸਨ। ਇਨ੍ਹਾਂ ਆਗੂਆਂ ਦਾ ਦੁਪਹਿਰ ਸਮੇਂ ਸ੍ਰੀਨਗਰ ਪੁੱਜ ਕੇ ਉਥੇ ਦੀ ਸਥਿਤੀ ਦਾ ਜਾਇਜ਼ਾ ਲੈਣ ਦਾ ਪ੍ਰੋਗਰਾਮ ਸੀ। ਇਨ੍ਹਾਂ ਵਿੱਚ ਕਾਂਗਰਸ ਦੇ ਨਾਲ ਸੀ ਪੀ ਆਈ (ਐੱਮ), ਸੀ ਪੀ ਆਈ, ਰਾਸ਼ਟਰੀ ਜਨਤਾ ਦਲ, ਐੱਨ ਸੀ ਪੀ, ਤ੍ਰਿਣਮੂਲ ਕਾਂਗਰਸ ਪਾਰਟੀ ਅਤੇ ਡੀ ਐੱਮ ਕੇ ਪਾਰਟੀ ਦੇ ਆਗੂ ਸ਼ਾਮਲ ਹਨ। ਪ੍ਰਸ਼ਾਸਨ ਨੇ ਕਿਸੇ ਨੂੰ ਵੀ ਸ਼ਹਿਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਤੇ ਇੱਕ ਬਿਆਨ ਰਾਹੀਂ ਇਹ ਕਿਹਾ ਕਿ ਇਨ੍ਹਾਂ ਨੂੰ ਹਾਲੇ ਏਥੇ ਨਹੀਂ ਆਉਣਾ ਚਾਹੀਦਾ, ਕਿਉਂਕਿ ਇਸ ਨਾਲ ਇਸ ਰਾਜ ਵਿੱਚ ਅਮਨ ਬਹਾਲ ਕਰਨ ਦੇ ਯਤਨਾਂ ਵਿੱਚ ਸਰਕਾਰ ਅਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

# ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ-ਅਕਾਲੀ ਗੱਠਜੋੜ ਦੇ ਆਸਾਰ ਖਤਮ



ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦੀ ਹਰਿਆਣਾ ਵਿਧਾਨ ਸਭਾ ਚੋਣਾਂ ਬਾਰੇ ਆਪਸ ਵਿੱਚ ਸਾਂਝ ਪੈਣੀ ਮੁਸ਼ਕਲ ਹੋ ਗਈ ਹੈ। ਭਾਜਪਾ ਨੇ ਆਪਣੇ ਪੱਧਰ ਉਤੇ ਸਾਰੀਆਂ ਨੱਬੇ ਸੀਟਾਂ ਉੱਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ ਅਤੇ ਅਕਾਲੀ ਆਗੂਆਂ ਨੂੰ ਪੁੱਛਿਆ ਤੱਕ ਨਹੀਂ।

ਉੱਚ ਪੱਧਰੀ ਸੂਤਰਾਂ ਮੁਤਾਬਕ ਭਾਜਪਾ ਅਤੇ ਅਕਾਲੀ ਲੀਡਰਸ਼ਿਪ ਦੀ ਹਰਿਆਣਾ ਅਸੈਂਬਲੀ ਚੋਣਾਂ ਮਿਲ ਕੇ ਲੜਨ ਨੂੰ ਬਾਰੇ ਕੋਈ ਮੀਟਿੰਗ ਨਹੀਂ ਹੋਈ। ਹਰਿਆਣਾ ਅਸੈਂਬਲੀ ਦੀ ਮਿਆਦ ਦੋ ਨਵੰਬਰ ਨੂੰ ਖਤਮ ਹੋ ਜਾਵੇਗੀ ਅਤੇ ਚੋਣਾਂ ਦਾ ਐਲਾਨ ਛੇਤੀ ਹੀ ਹੋਣ ਵਾਲਾ ਹੈ। ਸਾਲ 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵੀ ਭਾਜਪਾ ਅਤੇ ਅਕਾਲੀ ਦਲ ਨੇ ਮਿਲ ਕੇ ਨਹੀਂ ਲੜੀਆਂ ਸਨ, ਪਰ ਓਦੋਂ ਭਾਰਤੀ ਜਨਤਾ ਪਾਰਟੀ ਨੇ 47 ਸੀਟਾਂ ਜਿੱਤ ਕੇ ਆਪਣੀ ਸਰਕਾਰ ਬਣਾ ਲਈ ਅਤੇ ਅਕਾਲੀ ਦਲ ਦੀ ਹਮਾਇਤ ਵਾਲੇ ਇੰਡੀਅਨ ਨੈਸ਼ਨਲ ਲੋਕ ਦਲ ਨੂੰ 19 ਸੀਟਾਂ ਮਿਲੀਆਂ ਸਨ ਤੇ ਕਾਂਗਰਸ ਨੂੰ ਕੇਵਲ 15 ਸੀਟਾਂ ਮਿਲ ਸਕੀਆਂ ਸਨ। ਅਕਾਲੀ ਦਲ ਨੂੰ ਦੋ ਅਤੇ ਬਸਪਾ ਨੂੰ ਇੱਕ ਸੀਟ ਮਿਲੀ ਸੀ। ਇਸ ਦੇ ਪਹਿਲਾਂ ਵੀ 2009 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ ਚਾਲੀ ਸੀਟਾਂ ਜਿੱਤ ਕੇ ਸਰਕਾਰ ਬਣਾਈ ਸੀ, ਇੰਡੀਅਨ ਲੋਕ ਦਲ ਨੂੰ 31 ਅਤੇ ਓਦੋਂ ਭਾਜਪਾ ਨੂੰ ਕੇਵਲ ਚਾਰ ਸੀਟਾਂ ਮਿਲੀਆਂ ਸਨ।

ਵਰਨਣ ਯੋਗ ਹੈ ਕਿ ਹਰਿਆਣਾ ਵਿੱਚ 2009 ਦੀਆਂ ਚੋਣਾਂ ਤੱਕ ਕਾਂਗਰਸ ਤੇ ਇੰਡੀਅਨ ਨੈਸ਼ਨਲ ਲੋਕ ਦਲ ਵਿੱਚ ਟੱਕਰ ਰਹੀ ਹੈ, ਪਰ ਪਿਛਲੀਆਂ ਚੋਣਾਂ ਵਿੱਚ ਭਾਜਪਾ ਅੱਗੇ ਲੰਘੀ ਤਾਂ ਮਨੋਹਰ ਲਾਲ ਖੱਟਰ ਮੁੱਖ ਮੰਤਰੀ ਬਣ ਗਏ ਸਨ। ਅਕਾਲੀ ਦਲ ਪਿਛਲੇ ਦਿਨਾਂ ਤੋਂ ਹਰਿਆਣਾ ਵਿੱਚ ਭਾਜਪਾ ਨਾਲ ਚੋਣ ਰਲ ਕੇ ਲੜਨ ਦੀ ਗੱਲ ਕਹਿ ਰਿਹਾ ਹੈ, ਪਰ ਭਾਜਪਾ ਦੇ ਸੀਨੀਅਰ ਨੇਤਾ ਅਤੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਆਪਣੀ ਚੋਣ ਰੈਲੀ ਵਿੱਚ ਅਕਾਲੀ ਦਲ ਦਾ ਨਾਂਅ ਤੱਕ ਨਹੀਂ ਲਿਆ ਅਤੇ 75 ਸੀਟਾਂ ਜਿੱਤਣ ਦਾ ਦਾਅਵਾ ਕਰ ਦਿੱਤਾ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਰੋਡ ਸ਼ੋਅ ਤੋਂ ਵੀ ਅਕਾਲੀ ਦਲ ਨੂੰ ਦੂਰ ਰੱਖਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਭਾਜਪਾ ਦਾ ਵਰਕਰ ਵਰਕਰ ਅਕਾਲੀਆਂ ਵੱਲੋਂ ਭਾਜਪਾ ਦੀ ਆਲੋਚ-ਨਾ ਕਾਰਨ ਹਾਲੇ ਵੀ ਨਾਰਾਜ਼ ਹਨ। ਭਾਜਪਾ ਦੇ ਇੱਕ ਸੀਨੀਅਰ ਨੇਤਾ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ ਉੱਤੇ ਦੱਸਿਆ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਅਕਾਲੀ ਦਲ ਨਾਲ ਰਲ ਕੇ ਨਹੀਂ ਲੜੀਆਂ ਜਾਣਗੀਆਂ ਤੇ ਇਹ ਪੰਜਾਬ ਦੀਆਂ 2022 ਦੀਆਂ ਅਸੈਂਬਲੀ ਚੋਣਾਂ ਲਈ ਵੀ ਇੱਕ ਸੰਕੇਤ ਹੋਵੇਗਾ।


ਦੂਜੇ ਪਾਸੇ ਅਕਾਲੀ ਦਲ ਦੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਹਰਿਆਣਾ ਚੋਣਾਂ ਲਈ ਸੀਨੀਅਰ ਨੇਤਾ ਬਲਵਿੰਦਰ ਸਿੰਘ ਭੂੰਦੜ ਨੂੰ ਇੰਚਾਰਜ ਲਾਇਆ ਗਿਆ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਸੱਦੀ ਮੀਟਿੰਗ ਵੇਲੇ ਹੀ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਰਲ ਕੇ ਲੜਨ ਦੀ ਗੱਲ ਹੋ ਰਹੀ ਸੀ।

## ਕੇਂਦਰੀ ਸਕੀਮਾਂ ਨਾਲ ਕਸ਼ਮੀਰ ਵਿੱਚ ਭਰੋਸਾ ਬਣਾਉਣ ਦੇ ਯਤਨ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਸੰਭਾਲਣ ਦੇ ਨਾਲ ਸਰਕਾਰ ਨੇ ਕੇਂਦਰ ਸਰਕਾਰ ਨੇ ਇਸ ਦੇ ਵਿਕਾਸ 'ਤੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ ਅਤੇ ਉਨ੍ਹਾਂ ਸਕੀਮਾਂ ਦੀ ਪਛਾਣ ਕਰ ਰਹੀ ਹੈ, ਜਿਨ੍ਹਾਂ ਦੇ ਨਤੀਜੇ ਛੇਤੀ ਦਿਖਾਈ ਦੇ ਸਕਦੇ ਹਨ।

ਕੇਂਦਰੀ ਗ੍ਰਿਹ ਮੰਤਰਾਲੇ ਨੇ ਸਾਰੇ ਮੰਤਰਾਲਿਆਂ ਨੂੰ ਉਨ੍ਹਾਂ ਸਭ ਸਕੀਮਾਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਰਾਜ ਵਿੱਚ ਤੇਜ਼ੀ ਨਾਲ ਲਾਗੂ ਕਰਨ ਦੀਆਂ ਸੰਭਾਵਨਾਵਾਂ ਲੱਭਣ ਨੂੰ ਕਿਹਾ ਹੈ, ਜਿਨ੍ਹਾਂ ਦੇ ਸਿੱਟੇ ਛੇਤੀ ਨਿਕਲ ਸਕਣ। ਜੰਮੂ-ਕਸ਼ਮੀਰ ਦੇ ਵਿੱਚ ਧਾਰਾ 370 ਦੀ ਸਮਾਪਤੀ ਤੋਂ ਬਾਅਦ ਦੀਆਂ ਹਾਲਤਾਂ ਬਾਰ ਕੇਂਦਰ ਸਰਕਾਰ ਲਗਾਤਾਰ ਸੋਚਾਂ ਵਿੱਚ ਹੈ। ਬੀਤੇ ਹਫਤੇ ਏਦਾਂ ਦੀ ਇੱਕ ਬੈਠਕ 'ਚ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕੇਂਦਰ ਸਰਕਾਰ ਦੇ ਸਾਰੇ ਮੰਤਰੀਆਂ ਦੀ ਬੈਠਕ ਕਰ ਕੇ ਕਸ਼ਮੀਰ ਦੇ ਵਿਕਾਸ ਵਿੱਚ ਸਾਰਿਆਂ ਦੀ ਹਿੱਸੇਦਾਰੀ ਉੱਤੇ ਜ਼ੋਰ ਦਿੱਤਾ। ਸੂਤਰਾਂ ਮੁਤਾਬਕ ਅਮਿਤ ਸ਼ਾਹ ਨੇ ਸਾਰੇ ਮੰਤਰੀਆਂ ਨੂੰ ਸਕੀਮਾਂ ਪਛਾਣ ਕਰ ਕੇ ਉਨ੍ਹਾਂ ਨੂੰ ਸੂਬੇ ਵਿੱਚ ਲਾਗੂ ਕਰਨ ਦੀ ਦੀ ਤਿਆਰੀ ਲਈ ਕਿਹਾ ਹੈ। ਜਿਹੜੇ ਮੰਤਰੀ ਬੈਠਕ ਵਿੱਚ ਸ਼ਾਮਲ ਨਹੀਂ ਹੋ ਸਕੇ, ਉਨ੍ਹਾਂ ਨੂੰ ਬਾਅਦ ਵਿੱਚ ਇੱਕ ਹੋਰ ਸੀਨੀਅਰ ਕੇਂਦਰੀ ਮੰਤਰੀ ਨੇ ਬ੍ਰੀਫਿੰਗ ਕੀਤੀ ਹੈ। ਜਾਣਕਾਰ ਸੂਤਰਾਂ ਦੇ ਮੁਤਾਬਕ ਜੰਮੂ-ਕਸ਼ਮੀਰ ਤੇ ਖਾਸ ਤੌਰ ਉੱਤੇ ਕਸ਼ਮੀਰ ਵਾਦੀ ਵਿੱਚ ਜਿਨ੍ਹਾਂ ਕੇਂਦਰੀ ਮੰਤਰਾਲਿਆਂ ਦੀ ਭੂਮਿਕਾ ਨੂੰ ਅਹਿਮ ਮੰਨਿਆ ਜਾਂਦਾ ਹੈ, ਉਨ੍ਹਾਂ ਵਿੱਚ ਪੈਟਰੋਲੀਅਮ, ਘੱਟ ਗਿਣਤੀ ਮਾਮਲੇ ਅਤੇ ਮਨੁੱਖੀ ਵਸੀਲਿਆਂ ਦਾ ਮੰਤਰਾਲੇ ਸ਼ਾਮਲ ਹਨ। ਪੈਟਰੋਲੀਅਮ ਮੰਤਰਾਲੇ ਦੀ ਉਜਵਲਾ ਯੋਜਨਾ ਦੇ ਬਾਕੀ ਦੇਸ਼ ਵਿੱਚ ਸਫਲ ਅਮਲ ਨਾਲ ਸਰਕਾਰ ਕਾਫੀ ਉਤਸ਼ਾਹਤ ਹੈ। ਇਸ ਲਈ ਮੰਤਰਾਲੇ ਨੂੰ ਇਸ ਯੋਜਨਾ ਨੂੰ ਵਾਦੀ ਵਿੱਚ ਤੇਜ਼ੀ ਨਾਲ ਲਾਗੂ ਕਰਾਉਣ ਦੀਆਂ ਸੰਭਾਵਨਾਵਾਂ ਲੱਭਣ ਲਈ ਕਿਹਾ ਗਿਆ ਹੈ। ਸੂਤਰ ਦੱਸਦੇ ਹਨ ਕਿ ਇਸੇ ਤਰ੍ਹਾਂ ਘੱਟ ਗਿਣਤੀ ਮਾਮਲਿਆਂ ਨੂੰ ਦਿੱਤੇ ਜਾਣ ਵਾਲੇ ਸਕਾਲਰਸ਼ਿਪ ਵਰਗੀਆਂ ਯੋਜਨਾਵਾਂ 'ਤੇ ਧਿਆਨ ਦੇ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਪ੍ਰਕਿਰਿਆ ਵਿੱਚ ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਦੀ ਭੂਮਿਕਾ ਨੂੰ ਵੀ ਅਹਿਮ ਮੰਨਿਆ ਗਿਆ ਹੈ।

## ਪੱਤਰਕਾਰੀ ਦੇ ਨਾਂਅ ਉੱਤੇ ਵਸੂਲੀ ਕਰਨ ਵਾਲੇ ਚਾਰ ਠੱਗ ਕਾਬੂ, ਇੱਕ ਫਰਾਰ



ਨੋਇਡਾ, 25 ਅਗਸਤ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਵੈਬ ਪੋਰਟਲ ਅਤੇ ਸੋਸ਼ਲ ਮੀਡੀਆ ਉੱਤੇ ਅਧਿਕਾਰੀਆਂ ਦੇ ਖਿਲਾਫ ਝੂਠੀਆਂ ਖਬਰਾਂ ਪੇਸ਼ ਕਰਨ ਦੇ ਦੋਸ਼ ਵਿੱਚ ਚਾਰ ਜਾਅਲੀ ਪੱਤਰਕਾਰ ਕੱਲ੍ਹ ਫੜੇ ਗਏ ਅਤੇ ਇੱਕ ਫਰਾਰ ਹੈ। ਦੋਸ਼ੀ ਸੁਸ਼ੀਲ ਪੰਡਿਤ ਤੇ ਉਦਿਤ ਗੋਇਲ ਨੂੰ ਨੋਇਡਾ, ਚੰਦਨ ਰਾਏ ਨੂੰ ਗਾਜ਼ੀਆਬਾਦ ਅਤੇ ਨਿਤੀਸ਼ ਪਾਂਡੇ ਨੂੰ ਲਖਨਊ ਤੋਂ ਫੜ ਕੇ ਗੌਤਮਬੁੱਧ ਨਗਰ ਦੇ ਜ਼ਿਲ੍ਹੇ ਵਿੱਚ ਪੰਜ ਦਿਨਾ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ। ਐੱਸ ਐੱਸ ਪੀ ਵੈਭਵ ਕ੍ਰਿਸ਼ਨ ਨੇ ਫਰਾਰ ਹੋ ਗਏ ਪੰਜਵੇਂ ਦੋਸ਼ੀ ਰਮਨ ਠਾਕੁਰ ਉੱਤੇ 25 ਹਜ਼ਾਰ ਰੁਪਏ ਇਨਾਮ ਐਲਾਨ ਕੀਤਾ ਹੈ, ਜਿਸ ਉੱਤੇ ਗੈਂਗ ਬਣਾ ਕੇ ਪੱਤਰਕਾਰੀ ਦੇ ਨਾਂਅ ਉੱਤੇ ਅਧਿਕਾਰੀਆਂ ਨੂੰ ਬਲੈਕਮੇਲ ਰਾਹੀਂ ਵਸੂਲੀ ਕਰਨ ਦਾ ਦੋਸ਼ ਹੈ। ਸਾਰੇ ਦੋਸ਼ੀਆਂ ਉੱਤੇ ਗੈਂਗਸਟਰ ਐਕਟ ਹੇਠ ਕਾਰਵਾਈ ਕੀਤੀ ਗਈ ਹੈ।

ਜ਼ਿਲ੍ਹਾ ਮੈਜਿਸਟਰੇਟ ਬੀ ਐੱਨ ਸਿੰਘ ਨੇ ਦੱਸਿਆ ਕਿ ਸੁਸ਼ੀਲ ਪੰਡਿਤ ਇਸ ਗੈਂਗ ਦਾ ਮੁਖੀਆ ਹੈ। 30 ਜਨਵਰੀ 2019 ਨੂੰ ਸੁਸ਼ੀਲ ਦੇ ਨਾਲ ਰਮਨ, ਉਦਿਤ ਅਤੇ ਨੋਇਡਾ ਕੋਤਵਾਲੀ ਸੈਕਟਰ 20 ਦੇ ਓਦੋਂ ਦੇ ਇੰਚਾਰਜ ਮਨੋਜ ਪੰਤ ਨੂੰ ਵਸੂਲੀ ਕਰਨ ਦੇ ਦੋਸ਼ ਵਿੱਚ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ ਤਾਂ ਇਨ੍ਹਾਂ ਕੋਲੋਂ ਅੱਠ ਲੱਖ ਰੁਪਏ ਮਿਲੇ ਸਨ। ਕੁਝ ਦਿਨ ਪਹਿਲਾਂ ਕੋਰਟ ਨੇ ਇਨ੍ਹਾਂ ਨੂੰ ਸ਼ਰਤੀਆ ਜ਼ਮਾਨਤ 'ਤੇ ਛੱਡਿਆ ਸੀ। ਇਸ ਮੁਕੱਦਮੇ ਵਿੱਚ ਪੁਲਸ ਨੇ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਸੁਸ਼ੀਲ ਨੇ 21 ਅਗਸਤ ਨੂੰ ਨਿਊਜ਼ ਪੋਰਟਲ ਉੱਤੇ ਐੱਸ ਐੱਸ ਪੀ ਵੈਭਵ ਕ੍ਰਿਸ਼ਨ ਉੱਤੇ ਵਿਸ਼ੇਸ਼ ਜਾਤੀ ਦੇ ਲੋਕਾਂ ਨੂੰ ਕੋਤਵਾਲੀ ਦਾ ਮੁਖੀ ਬਣਾਉਣ ਦਾ ਦੋਸ਼ ਲਾ ਕੇ ਖਬਰ ਪੇਸ਼ ਕੀਤੀ ਸੀ ਤੇ ਦੋਸ਼ੀਆਂ ਨੇ ਆਪਣੇ ਖਿਲਾਫ ਕੇਸ ਦੀ ਪੈਰਵੀ ਕਰਨ ਵਾਲੇ ਅਧਿਕਾਰੀਆਂ ਨੂੰ ਬਲੈਕਮੇਲ ਕਰਨ ਦੇ ਇਰਾਦੇ ਨਾਲ ਵੈਬ ਪੋਰਟਲ, ਵਾਟਸਐਪ, ਫੇਸਬੁਕ ਆਦਿ ਉੱਤੇ ਇਹ ਝੂਠੀ ਖਬਰ ਪੇਸ਼ ਕੀਤੀ ਸੀ। ਬੀਤੀ ਰਾਤ ਸੁਸ਼ੀਲ ਦੀ ਗ੍ਰਿਫਤਰੀ ਦੌਰਾਨ ਰਾਜ ਜਨਮ ਭੂਮੀ ਦੇ ਪੈਰੋਕਾਰ ਮਹੰਤ ਧਰਮਦਾਸ ਵੀ ਕਾਰ ਵਿੱਚ ਮੌਜੂਦ ਸਨ। ਉਸ ਦੌਰਾਨ ਰਿਕਾਰਡ ਕੀਤਾ ਗਿਆ ਮਹੰਤ ਦਾ ਵੀਡੀਓ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹੋਇਆ ਹੈ, ਜਿਸ ਵਿੱਚ ਉਨ੍ਹਾਂ ਨੇ ਪੁਲਸ ਕਾਰਵਾਈ ਉੱਤੇ ਨਾਰਾਜ਼ਗੀ ਪ੍ਰਗਟਾਈ ਹੈ। ਐੱਸ ਐੱਸ ਪੀ ਨੇ ਸੁਸ਼ੀਲ ਪੰਡਿਤ ਦੀ ਗ੍ਰਿਫਤਾਰੀ ਦੌਰਾਨ ਮਹੰਤ ਦੇ ਕਾਰ ਵਿੱਚ ਮੌਜੂਦ ਹੋਣ ਦੀ ਗੱਲ ਮੰਨੀ ਹੈ, ਪਰ ਬਾਅਦ ਵਿੱਚ ਮਹੰਤ ਨੂੰ ਸਨਮਾਨ ਨਾਲ ਛੱਡ ਦਿੱਤਾ ਗਿਆ। ਦੋਸ਼ੀਆਂ ਕੋਲੋਂ ਫਾਰਚੂਨਰ, ਆਈ-20 ਅਤੇ ਇਨੋਵਾ ਕਾਰਾਂ ਮਿਲੀਆਂ ਹਨ।

## ਬਿਹਾਰ ਦਾ ਇੰਜੀਨੀਅਰ ਤਿੰਨ ਵਿਭਾਗਾਂ ਤੋਂ ਤਨਖਾਹ ਲੈਂਦਾ ਰਿਹਾ

ਕਿਸ਼ਨਗੰਜ, 25 ਅਗਸਤ (ਪੋਸਟ ਬਿਊਰੋ)- ਇੱਕ ਇੰਜੀਨੀਅਰ ਤੀਹ ਸਾਲ ਬਿਹਾਰ ਸਰਕਾਰ ਦੇ ਦੋ ਵਿਭਾਗਾਂ ਵਿੱਚ ਇਕੱਠੇ ਤਿੰਨ ਨੌਕਰੀਆਂ ਕਰ ਕੇ ਤਨਖਾਹ ਅਤੇ ਭੱਤੇ ਲੈਂਦਾ ਰਿਹਾ। ਤਿੰਨੇ ਪੋਸਟਿੰਗਾਂ ਵੱਖ-ਵੱਖ ਥਾਈਂ ਸਨ। ਬਿਹਾਰ ਵਿੱਚ ਲਾਗੂ ਕੀਤੇ ਗਏ ਨਵੇਂ ਕੰਪ੍ਰੇਹੈਂਸਿਵ ਫਾਈਨੈਂਸ਼ੀਅਲ ਮੈਨੇਜਮੈਂਟ ਸਿਸਟਮ (ਸੀ ਐੱਫ ਐੱਮ ਐੱਸ) ਨੇ ਇਹ ਗੜਬੜ ਫੜੀ ਤਾਂ ਅਧਿਕਾਰੀਆਂ ਦੇ ਹੋਸ਼ ਉਡ ਗਏ। ਇੱਕ ਆਦਮੀ ਦੋ ਵਿਭਾਗਾਂ ਦੀ ਤਿੰਨ ਥਾਈਂ ਡਿਊਟੀ ਕਰਦਾ ਰਿਹਾ, ਇਹ ਹੈਰਾਨੀ ਦਾ ਵਿਸ਼ਾ ਹੈ। ਗੜਬੜ ਫੜੀ ਜਾਣ ਪਿੱਛੋਂ ਇੰਜੀਨੀਅਰ ਸੁਰੇਸ਼ ਰਾਮ ਉੱਤੇ ਕੇਸ ਦਰਜ ਕੀਤਾ ਗਿਆ ਹੈ। ਬਿਲਡਿੰਗ ਉਸਾਰੀ ਵਿਭਾਗ ਦੇ ਡਿਪਟੀ ਸੈਕਟਰੀ ਚੰਦਰਸ਼ੇਖਰ ਪ੍ਰਸਾਦ ਸਿੰਘ ਨੇ ਉਸਾਰੀ ਡਵੀਜ਼ਨ, ਕਿਸ਼ਨਗੰਜ ਦੇ ਕਾਰਜ ਪਾਲਕ ਇੰਜੀਨੀਅਰ ਨੂੰ ਪੱਤਰ ਭੇਜ ਕੇ ਸ਼ਿਕਾਇਤ ਦਰਜ ਕਰਨ ਅਤੇ ਤਨਖਾਹ ਰੋਕਣ ਦਾ ਹੁਕਮ ਦਿੱਤਾ ਤਾਂ ਗੱਲ ਨਿਕਲੀ। ਇਸ ਵਿਭਾਗ ਦੀ ਡਵੀਜ਼ਨ ਕਿਸ਼ਨਗੰਜ ਵਿੱਚ ਕੰਮ ਕਰਦੇ ਸਹਾਇਕ ਇੰਜੀਨੀਅਰ ਸੁਰੇਸ਼ ਰਾਮ ਉਤੇ ਵਾਟਰ ਰੀਸੋਰਸਿਜ਼ ਅਤੇ ਬਿਲਡਿੰਗ ਉਸਾਰੀ ਡਵੀਜ਼ਨ, ਦੋਵਾਂ ਵਿਭਾਗਾਂ ਵਿੱਚ ਤਿੰਨ ਅਹੁਦਿਆਂ ਉਤੇ ਕੰਮ ਕਰਨ ਤੇ ਤਨਖਾਹ ਲੈਣ ਦਾ ਦੋਸ਼ ਹੈ।

### ਸਰਨਾ ਭਰਾਵਾਂ ਦਾ ਦਾਅਵਾ

## ‘ਨਾਨਕ ਸ਼ਾਹ ਫਕੀਰ’ ਫਿਲਮ ਉੱਤੇ ਪਾਬੰਦੀ ਸੌਦਾ ਸਿਰੇ ਨਾ ਚੜ੍ਹਨ ਕਰ ਕੇ ਲਾਈ ਗਈ ਸੀ



ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਵਿਵਾਦਤ ਫਿਲਮ ਨਾਨਕ ਸ਼ਾਹ ਫਕੀਰ ਬਣਾਉਣ ਕਰ ਕੇ ਅਕਾਲ ਤਖਤ ਸਾਹਿਬ ਵੱਲੋਂ ਇਸ ਦੇ ਨਿਰਮਾਤਾ ਹਰਿੰ-ਦਰ ਸਿੰਘ ਸਿੱਕਾ ਨੂੰ ਪੰਥ ਤੋਂ ਛੇਕ ਦਿੱਤਾ ਗਿਆ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਦਾਅਵਾ ਕੀਤਾ ਹੈ ਕਿ ਫਿਲਮ ਬਾਰੇ ਬਾਦਲਾਂ ਦਾ ਸੌਦਾ ਸਿਰੇ ਨਾ ਚੜ੍ਹਨ ਕਰ ਕੇ ਇਸ ਉੱਤੇ ਪਾਬੰਦੀ ਲਾਈ ਗਈ ਸੀ। ਸਰਨਾ ਭਰਾਵਾਂ ਨੇ ਮੰਗ ਕੀਤੀ ਹੈ ਕਿ ਬਾਦਲਾਂ ਨੂੰ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਦੇ ਸਾਲ ਵਿੱਚ ਸਿੱਖ ਪੰਥ ਸਾਹਮਣੇ ਆਪਣੇ ਗੁਨਾਹਾਂ ਦਾ ਇਕਬਾਲ ਕਰਨਾ ਚਾਹੀਦਾ ਹੈ ਕਿ ਪਹਿਲਾਂ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ ਉੱਤੇ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਫਿਲਮ ਨੂੰ ਪ੍ਰਵਾਨਗੀ ਕਿਉਂ ਦਿੱਤੀ ਅਤੇ ਫਿਰ ਕਿਉਂ ਪਾਬੰਦੀ ਲਾਈ ਗਈ ਸੀ?

ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੱਲ੍ਹ ਇਥੇ ਸਰਨਾ ਭਰਾਵਾਂ ਨੇ ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤੇ ਅਕਾਲ ਤਖਤ ਦੇ ਜਥੇਦਾਰ ਵੱਲੋਂ ਹਰਿੰਦਰ ਸਿੰਘ ਸਿੱਕਾ ਨੂੰ ਫਿਲਮ ਬਣਾਉਣ ਦੀ ਪ੍ਰਵਾਨਗੀ ਬਾਰੇ ਜਾਰੀ ਕੀਤੀਆਂ ਅੰਗਰੇਜ਼ੀ ਚਿੱਠੀਆਂ ਵਿਖਾ ਕੇ ਦਾਅਵਾ ਕੀਤਾ ਕਿ ਇਹ ਪਹਿਲਾ ਮੌਕਾ ਹੈ, ਜਦੋਂ ਧਾਰਮਿਕ ਫਿਲਮ ਦੇ ਮੁੱਦੇ ਬਾਰੇ ਅਕਾਲ ਤਖਤ ਦੇ ਉਦੋਂ ਦੇ ਜਥੇਦਾਰ ਗਿਆਨ ਗੁਰਬਚਨ ਸਿੰਘ ਵੱਲੋਂ ਵਿਵਾਦਤ ਫਿਲਮ ਦੀ ਪ੍ਰਵਾਨਗੀ ਲਈ ਨਿਰਮਾਤਾ ਨੂੰ 22 ਜਨਵਰੀ 2015 ਨੂੰ ਅੰਗਰੇਜ਼ੀ ਚਿੱਠੀ ਜਾਰੀ ਕੀਤੀ ਗਈ ਤੇ ਸ਼੍ਰੋਮਣੀ ਕਮੇਟੀ ਨੇ ਵੀ 24 ਫਰਵਰੀ 2016 ਨੂੰ ਇਸੇ ਤਰ੍ਹਾਂ ਦੀ ਅੰਗਰੇਜ਼ੀ ਚਿੱਠੀ ਦਿੱਤੀ ਸੀ, ਜਿਸ ਦੀ ਸ਼ਬਦਾਵਲੀ ਬਾਦਲ ਦੇ ਇਸ਼ਾਰੇ 'ਤੇ ਘੜੀ ਗਈ ਸੀ, ਪਰ ਜਦੋਂ ਸੌਦਾ ਸਿਰੇ ਨਾ ਚੜ੍ਹਿਆ ਤਾਂ 13 ਅਪਰੈਲ 2018 ਨੂੰ ਪਰਦਾ ਖੁੱਲ੍ਹਣ ਤੋਂ ਪਹਿਲਾਂ ਫਿਲਮ 'ਤੇ ਪਾਬੰਦੀ ਲਵਾ ਦਿੱਤੀ ਸੀ।

ਸਰਨਾ ਭਰਾਵਾਂ ਨੇ ਕਿਹਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਇਸ ਫਿਲਮ ਬਾਰੇ ਪੂਰੀ ਸੱਚਾਈ ਤੋਂ ਪਰਦਾ ਚੁੱਕਣਾ ਚਾਹੀਦਾ ਤੇ ਬਾਲੀਵੁੱਡ ਨੂੰ ਟਵੀਟਾਂ ਰਾਹੀਂ ਨਸੀਹਤਾਂ ਦੇਣ ਦੀ ਥਾਂ ਕਮੇਟੀ ਦੇ ਘਾਟੇ ਵਿੱਚ ਜਾਂਦੇ ਸਕੂਲਾਂ ਦੀ ਹਾਲਤ ਸੁਧਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਬਾਦਲ ਸਰਕਾਰ ਵੇਲੇ ਹਰਿੰਦਰ ਸਿੰਘ ਸਿੱਕਾ ਨਾਲ ਨਵੇਂ ਚੰਡੀਗੜ੍ਹ ਦੀ ਜ਼ਮੀਨ ਵਿੱਚ ਪੈਸਾ ਨਾ ਲਾਉਣ ਦਾ ਸੌਦਾ ਸਿਰੇ ਨਾ ਚੜ੍ਹਿਆ ਤਾਂ ਉਸ ਦੀ ਫਿਲਮ 'ਤੇ ਜਿਨ੍ਹਾਂ ਨੇ ਪ੍ਰਵਾਨਗੀ ਦਿੱਤੀ ਸੀ, ਉਨ੍ਹਾਂ ਤੋਂ ਪਾਬੰਦੀ ਲਵਾ ਦਿੱਤੀ।

## ਪੱਛਮੀ ਬੰਗਾਲ ਦੇ ਮੰਦਰ ਵਿੱਚ ਭਾਜੜ ਕਾਰਨ ਤਿੰਨ ਮੌਤਾਂ



ਕੋਲਕਾਤਾ, 25 ਅਗਸਤ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਉਤਰੀ 24 ਪਰਗਨਾ ਜ਼ਿਲੇ ਦੇ ਮੰਦਰ 'ਚ ਕੱਲ੍ਹ ਭਾਜੜ ਮਚਣ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਤੇ 25 ਤੋਂ ਵੱਧ ਵਿਅਕਤੀ ਜ਼ਖਮੀ ਹੋ ਗਏ। ਇਹ ਘਟਨਾ ਇਥੋਂ 50 ਕਿਲੋਮੀਟਰ ਦੂਰ ਕਚੂਆ ਦੇ ਲੋਕਨਾਥ ਮੰਦਰ ਵਿੱਚ ਵਾਪਰੀ, ਜਿਥੇ ਲੱਖਾਂ ਦੀ ਗਿਣਤੀ 'ਚ ਲੋਕ 18ਵੀਂ ਸਦੀ ਦੇ ਬੰਗਾਲੀ ਸੰਤ ਲੋਕਨਾਥ ਬ੍ਰਹਮਚਾਰੀ ਦਾ ਜਨਮ ਦਿਹਾੜਾ ਮਨਾਉਣ ਲਈ ਇਕੱਠੇ ਹੋਏ ਸਨ।

ਇਸ ਸੰਬੰਧ ਵਿੱਚ ਪੱਛਮੀ ਬੰਗਾਲ ਦੀ ਮੁਖ ਮੰਤਰੀ ਮਮਤਾ ਬੈਨਰਜੀ ਨੇ ਦੱਸਿਆ ਕਿ ‘ਕਚੂਆ ਲੋਕਨਾਥ ਮੰਦਰ ਵਿੱਚ ਇਸ ਸਾਲ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਸਨ। ਤੜਕੇ ਤੇਜ਼ ਮੀਂਹ ਸ਼ੁਰੂ ਹੋ ਗਿਆ ਅਤੇ ਲੋਕ ਬਚਣ ਲਈ ਆਰਜ਼ੀ ਟੈਂਟਾਂ ਹੇਠ ਜਾ ਕੇ ਖੜੇ ਹੋ ਗਏ। ਮੀਂਹ ਤੇਜ਼ ਹੋਣ ਕਾਰਨ ਟੈਂਟ ਡਿੱਗ ਪਏ। ਇਹ ਜਗ੍ਹਾ ਬਹੁਤ ਤੰਗ ਸੀ ਅਤੇ ਕੁਝ ਲੋਕ ਮੰਦਰ ਪਿਛਲੇ ਤਲਾਅ ਵਿੱਚ ਜਾ ਡਿੱਗੇ। ਇਸੇ ਦੌਰਾਨ ਭਾਜੜ ਮੱਚ ਗਈ, ਜਿਸ ਕਾਰਨ ਇਹ ਘਟਨਾ ਵਾਪਰੀ ਹੈ।' ਉਨ੍ਹਾਂ ਕਿਹਾ ਕਿ ਸੀਨੀਅਰ ਮੰਤਰੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਭੇਜਿਆ ਗਿਆ ਹੈ ਅਤੇ ਉਹ ਖੁਦ ਨਿੱਜੀ ਤੌਰ 'ਤੇ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ।’ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬਸ਼ੀਰਹਾਟ ਥਾਣੇ ਦੇ ਖੇਤਰ ਵਿਚਲੇ ਇਸ ਮੰਦਰ ਵਿੱਚ ਪਹੁੰਚੇ ਕੁਝ ਤੀਰਥ ਯਾਤਰੀ ਚਿੱਕੜ ਕਾਰਨ ਤਿਲਕ ਗਏ। ਪੁਲਸ ਨੇ ਉਨ੍ਹਾਂ ਨੂੰ ਬਚਾਇਆ ਤੇ ਸਿਹਤ ਕੇਂਦਰ ਲਿਜਾਇਆ ਗਿਆ। ਅਧਿਕਾਰੀ ਨੇ ਦੱਸਿਆ ਕਿ ਸਥਿਤੀ 'ਤੇ ਤੁਰੰਤ ਕਾਬੂ ਪਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕਈ ਜ਼ਖਮੀਆਂ ਨੂੰ ਕੋਲਕਾਤਾ ਦੇ ਹਸਪਤਾਲ ਭੇਜਿਆ ਗਿਆ, ਜਿਨ੍ਹਾਂ 'ਚੋਂ ਤਿੰਨ ਦੀ ਮੌਤ ਹੋ ਗਈ।

# ਵਾਡਾ ਨੇ ਭਾਰਤ ਦੀ ਡੋਪ ਟੈਸਟ ਲੈਬਾਰਟਰੀ ਨੂੰ ਸਸਪੈਂਡ ਕੀਤਾ




ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਭਾਰਤ ਦੇ ਡੋਪਿੰਗ ਰੋਕੂ ਪ੍ਰੋਗਰਾਮ ਨੂੰ ਝਟਕਾ ਦਿੰਦੇ ਹੋਏ ਵਿਸ਼ਵ ਡੋਪਿੰਗ ਰੋਕੂ ਏਜੰਸੀ (ਵਾਡਾ) ਨੇ ਭਾਰਤ ਦੀ ਕੌਮੀ ਡੋਪ ਟੈਸਟ ਲੈਬੋਰਟਰੀ (ਐਨ ਡੀ ਟੀ ਐਲ) ਨੂੰ ਛੇ ਮਹੀਨੇ ਲਈ ਸਸਪੈਂਡ ਕਰ ਦਿੱਤਾ ਹੈ। ਇਸ ਲੈਬੋਰਟਰੀ ਨੂੰ 2008 ਵਿੱਚ ਵਾਡਾ ਤੋਂ ਮਾਨਤਾ ਮਿਲੀ ਸੀ। ਅੱਗੇ ਤੋਂ ਇਥੇ ਪੂਰੇ ਨਮੂਨਿਆਂ ਦੀ ਜਾਂਚ ਨਹੀਂ ਹੋ ਸਕੇਗੀ ਅਤੇ ਇਹ ਸਸਪੈਨਸ਼ਨ 20 ਅਗਸਤ ਤੋਂ ਮੰਨੀ ਜਾਵੇਗੀ। ਟੋਕੀਓ ਉਲੰਪਿਕ ਵਿੱਚ ਇਕ ਸਾਲ ਤੋਂ ਘੱਟ ਸਮਾਂ ਬਾਕੀ ਹੈ ਅਤੇ ਇਹ ਫੈਸਲਾ ਭਾਰਤ ਲਈ ਨਿਰਾਸ਼ਾ ਜਨਕ ਹੈ। ਨਾਡਾ ਖੂਨ ਤੇ ਪਿਸ਼ਾਬ ਦੇ ਨਮੂਨੇ ਲੈ ਸਕਦੀ ਹੈ, ਪਰ ਉਸ ਨੂੰ ਭਾਰਤ ਤੋਂ ਬਾਹਰ ਵਾਡਾ ਦੀ ਮਾਨਤਾ ਪ੍ਰਾਪਤ ਲੈਬੋਰਟਰੀ ਤੋਂ ਜਾਂਚ ਕਰਵਾਉਣੀ ਹੋਵੇਗੀ।

ਇਸ ਸੰਬੰਧ ਵਿੱਚ ਵਾਡਾ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਵਾਡਾ ਦੇ ਦੌਰੇ ਵੇਲੇ ਲੈਬੋਰਟਰੀ ਨੂੰ ਅੰਤਰਰਾਸ਼ਟਰੀ ਨਿਯਮਾਂ (ਆਈ ਐਸ ਐਲ) ਦੇ ਮੁਤਾਬਕ ਨਹੀਂ ਪਾਇਆ ਗਿਆ ਅਤੇ ਉਸੇ ਕਾਰਨ ਇਸ ਨੂੰ ਸਸਪੈਂਡ ਕਰਨ ਦਾ ਫੈਸਲਾ ਲਿਆ ਗਿਆ ਹੈ। ਵਾਡਾ ਨੇ ਜਾਂਚ ਵੇਖਿਆ ਕਿ ਐਨ ਡੀ ਟੀ ਐਲ ਦਾ ਨਮੂਨਿਆਂ ਦੀ ਜਾਂਚ ਦਾ ਤਰੀਕਾ ਸਹੀ ਨਹੀਂ। ਐਨ ਡੀ ਟੀ ਐਲ ਇਸ ਸਸਪੈਨਸ਼ਨ ਦੇ ਖਿਲਾਫ ਅਗਲੇ 21 ਦਿਨ ਵਿੱਚ ਲੁਸਾਨੇ ਵਿੱਚ ਸਾਲਸੀ ਖੇਡ ਅਦਾਲਤ ਨੂੰ ਅਪੀਲ ਕਰ ਸਕਦੀ ਹੈ। ਭਾਰਤੀ ਉਲੰਪਿਕ ਐਸੋਸੀਏਸ਼ਨ ਨੇ ਕਿਹਾ ਕਿ ਭਾਰਤ ਦੂਸਰੇ ਦੇਸ਼ਾਂ (ਆਮ ਤੌਰ ਉਤੇ ਥਾਈਲੈਂਡ ਦੇ ਬੈਂਕਾਕ ਵਾਲਾ ਵਾਡਾ ਲੈਬ) ਵਿੱਚ ਨਮੂਨੇ ਭੇਜਣ ਦਾ ਵਾਧੂ ਖਰਚ ਨਹੀਂ ਕਰ ਸਕਦਾ। ਇਸ ਤਰ੍ਹਾਂ ਸ਼ੱਕ ਹੈ ਕਿ ਲਾਗਤ ਵਧਾਉਣ ਨਾਲ ਨਮੂਨਿਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਵੇਗੀ, ਜਿਸ ਨਾਲ ਡੋਪਿੰਗ ਰੋਕੂ ਪ੍ਰੋਗਰਾਮ ਨੂੰ ਝਟਕਾ ਲੱਗੇਗਾ।

ਆਈ ਓ ਏ ਦੇ ਮੁਖੀ ਨਰਿੰਦਰ ਬੱਤਰਾ ਨੇ ਕਿਹਾ ਕਿ ਇਹ ਭਾਰਤ ਵਿੱਚ ਉਲੰਪਿਕ ਅੰਦੋਲਨ ਲਈ ਵੱਡਾ ਝਟਕਾ ਹੈ ਜਦੋਂ ਕਿ ਉਲੰਪਿਕ 11 ਮਹੀਨੇ ਦੂਰ ਹੈ। ਭਾਰਤੀ ਉਲੰਪਿਕ ਐਸੋਸੀਏਸ਼ਨ ਵਾਧੂ ਲਾਗਤ ਝੱਲਣ ਦੀ ਸਥਿਤੀ ਵਿੱਚ ਨਹੀਂ ਹੈ ਅਤੇ ਨਾਡਾ ਦੀਆਂ ਗਲਤੀਆਂ ਦਾ ਖਮਿਆਜ਼ਾ ਅਸੀਂ ਕਿਉਂ ਭੁਗਤੀਏ। ਬੱਤਰਾ ਨੇ ਕਿਹਾ ਕਿ ਵਾਡਾ ਦੇ ਵਾਰ-ਵਾਰ ਸੂਚਿਤ ਕਰਨ ਦੇ ਬਾਵਜੂਦ ਨਾਡਾ ਹੱਥ ਉੱਤੇ ਹੱਥ ਧਰ ਕੇ ਬੈਠਾ ਰਿਹਾ ਸੀ।

ਵਾਡਾ ਨੇ ਕਿਹਾ ਹੈ ਕਿ ਉਸ ਦੇ ਪ੍ਰੋਗਸ਼ਾਲਾ ਮਾਹਰਾਂ ਦੇ ਗਰੁੱਪ ਨੇ ਇਸ ਸਾਲ ਮਈ ਵਿੱਚ ਵਾਡਾ ਤੋਂ ਮਾਨਤਾ ਪ੍ਰਾਪਤ ਲੈਬਾਰਟਰੀਆਂ ਦੇ ਖਿਲਾਫ ਕਾਰਵਾਈ ਸ਼ੁਰੂ ਕੀਤੀ ਸੀ। ਵਾਡਾ ਨੇ ਕਿਹਾ ਕਿ ਇਹ ਪ੍ਰਕਿਰਿਆ ਲੱਗਭਗ ਪੂਰੀ ਹੋ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 20 ਅਗਸਤ 2019 ਤੋਂ ਸਸਪੈਨਸ਼ਨ ਹੇਠ ਐਨ ਡੀ ਟੀ ਐਲ ਡੋਪਿੰਗ ਰੋਕੂ ਕਾਰਵਾਈ ਨਹੀਂ ਕਰ ਸਕਦਾ, ਜਿਸ ਵਿੱਚ ਪਿਸ਼ਾਬ ਅਤੇ ਖੂਨ ਦੇ ਨਮੂਨਿਆਂ ਦੀ ਜਾਂਚ ਸ਼ਾਮਲ ਹੈ।



# ਉਤਰੀ ਕੋਰੀਆ ਵਲੋਂ ਫਿਰ ਮਿਜ਼ਾਈਲ ਪ੍ਰੀਖਣ ਕੀਤਾ ਗਿਆ



ਸਿਓਲ, 25 ਅਗਸਤ (ਪੋਸਟ ਬਿਊਰੋ)- ਲਗਾਤਾਰ ਉਕਸਾਉਣ ਵਾਲੇ ਕਦਮ ਉਠਾ ਰਹੇ ਉੱਤਰੀ ਕੋਰੀਆ ਨੇ ਕੱਲ੍ਹ ਘੱਟ ਦੂਰੀ ਤੱਕ ਮਾਰ ਕਰਨ ਵਾਲੀਆਂ ਦੋ ਬੈਲਿਸਟਿਕ ਮਿਜ਼ਾਈਲਾਂ ਦਾ ਤਜਰਬਾ ਕੀਤਾ। ਮਸਾਂ ਇੱਕ ਮਹੀਨੇ ਵਿੱਚ ਇਸ ਤਰ੍ਹਾਂ ਦਾ ਇਹ ਸੱਤਵਾਂ ਤਜਰਬਾ ਦੱਸਿਆ ਜਾ ਰਿਹਾ ਹੈ। ਉਸ ਨੇ ਇਹ ਤਜਰਬਾ ਓਦੋਂ ਕੀਤਾ, ਜਦੋਂ ਦੋ ਦਿਨ ਪਹਿਲਾਂ ਹੀ ਦੱਖਣੀ ਕੋਰੀਆ ਨੇ ਜਾਪਾਨ ਨਾਲ ਕੀਤੇ ਗਏ ਫੌਜੀ ਖੁਫੀਆ ਜਾਣਕਾਰੀ ਦੇ ਤਬਾਦਲੇ ਦੇ ਸਮਝੌਤੇ ਤੋਂ ਵੱਖ ਹੋਣ ਦਾ ਐਲਾਨ ਕੀਤਾ ਸੀ। ਇਸ ਸਮਝੌਤੇ ਹੇਠ ਅਮਰੀਕਾ ਦੇ ਇਹ ਦੋਵੇਂ ਸਹਿਯੋਗੀ ਦੇਸ਼ ਉੱਤਰੀ ਕੋਰੀਆ ਦੇ ਮਿਜ਼ਾਈਲ ਪ੍ਰੀਖਣ ਦੀ ਜਾਣਕਾਰੀ ਇੱਕ ਦੂਜੇ ਨਾਲ ਸਾਂਝੀ ਕਰਦੇ ਰਹਿੰਦੇ ਸਨ।

ਦੱਖਣੀ ਕੋਰੀਆ ਦੇ ਫੌਜ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਉੱਤਰੀ ਕੋਰੀਆ ਦੇ ਪੂਰਬੀ ਤੱਟ ਸੋਨਡੋਕ ਕੋਲ ਸਵੇਰ ਵੇਲੇਂ ਦੋ ਮਿਜ਼ਾਈਲਾਂ ਸਮੁੰਦਰ ਵਿੱਚ ਦਾਗੀਆਂ ਗਈਆਂ ਸਨ। ਉਹ 380 ਕਿਲੋਮੀਟਰ ਦੂਰ ਤੱਕ ਗਈਆਂ। ਉੱਤਰੀ ਕੋਰੀਆ ਨੇ ਜੁਲਾਈ ਦੇ ਅੰਤ ਤੋਂ ਸੱਤਵੀਂ ਵਾਰ ਘੱਟ ਦੂਰੀ ਤੱਕ ਮਾਰ ਵਾਲੀ ਬੈਲਿਸਟਿਕ ਮਿਜ਼ਾਈਲ ਜਾਂ ਦੂਜੇ ਹਥਿਆਰਾਂ ਦਾ ਪ੍ਰੀਖਣ ਕੀਤਾ ਹੈ। ਜਾਪਾਨ ਨੇ ਕਿਹਾ ਹੈ ਕਿ ਮਿਜ਼ਾਈਲਾਂ ਉਸ ਦੇ ਜਲ ਖੇਤਰ ਤੋਂ ਬਾਹਰ ਡਿੱਗੀਆਂ। ਇਸ ਨਾਲ ਜਾਪਾਨ ਦੀ ਸੁਰੱਖਿਆ ਨੂੰ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਪਾਇਆ ਗਿਆ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਅਤੇ ਕਿਮ ਜੋਂਗ ਉਨ ਦੀ ਤੀਜੀ ਮੁਲਾਕਾਤ ਬੀਤੀ ਤੀਹ ਜੂਨ ਨੂੰ ਕੋਰਿਆਈ ਸਰਹੱਦ ਉੱਤੇ ਹੋਈ ਸੀ। ਇਸ ਦੌਰਾਨ ਦੋਵੇਂ ਨੇਤਾਵਾਂ ਵਿੱਚ ਐਟਮੀ ਗੱਲਬਾਤ ਫਿਰ ਸ਼ੁਰੂ ਕਰਨ 'ਤੇ ਸਹਿਮਤੀ ਬਣੀ ਸੀ, ਪਰ ਫਿਰ ਉੱਤਰੀ ਕੋਰੀਆ ਨੇ ਬੀਤੀ 25 ਜੁਲਾਈ ਨੂੰ ਪਹਿਲਾਂ ਮਿਜ਼ਾਈਲ ਪ੍ਰੀਖਣ ਕੀਤਾ ਸੀ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉੱਤਰੀ ਕੋਰੀਆ ਦੇ ਮਿਜ਼ਾਈਲ ਪ੍ਰੀਖਣਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ। ਉਨ੍ਹਾਂ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਕਿਹਾ, ਪ੍ਰੀਖਣਾਂ ਨਾਲ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨਾਲ ਮੇਰੇ ਸੰਬੰਧਾਂ ਵਿੱਚ ਕੋਈ ਦਿੱਕਤ ਨਹੀਂ ਆਵੇਗੀ। ਉਨ੍ਹਾਂ ਨੂੰ ਮਿਜ਼ਾਈਲ ਪ੍ਰੀਖਣ ਪਸੰਦ ਹਨ, ਅਸੀਂ ਘੱਟ ਦੂਰੀ ਤੱਕ ਮਾਰ ਵਾਲੀਆਂ ਮਿਜ਼ਾਈਲਾਂ ਤੋਂ ਨਹੀਂ ਰੋਕਿਆ। ਕਈ ਦੇਸ਼ ਇਨ੍ਹਾਂ ਮਿਜ਼ਾਈਲਾਂ ਦਾ ਪ੍ਰੀਖਣ ਕਰਦੇ ਹਨ। ਅਮਰੀਕਾ ਨੇ ਵੀ ਅਜਿਹਾ ਇੱਕ ਪ੍ਰੀਖਣ ਕੀਤਾ ਸੀ।

# ਹਾਂਗਕਾਂਗ ਵਿੱਚ ਫਿਰ ਪੈਟਰੋਲ ਬੰਬ ਤੇ ਅੱਥਰੂ ਗੈਸ ਦੇ ਗੋਲੇ ਚੱਲੇ

### * ਚੀਨ ਨੇ ਬ੍ਰਿਟਿਸ਼ ਦੂਤਘਰ ਦਾ ਮੁਲਾਜ਼ਮ ਛੱਡਿਆ

ਹਾਂਗਕਾਂਗ, 25 ਅਗਸਤ (ਪੋਸਟ ਬਿਊਰੋ)- ਹਾਂਗਕਾਂਗ ਵਿੱਚ ਪੁਲਸ ਤੇ ਮੁਜ਼ਾਹਰਾਕਾਰੀਆਂ ਵਿਚਾਲੇ ਕੱਲ੍ਹ ਵੀ ਟੱਕਰ ਜਾਰੀ ਰਹੀ ਅਤੇ ਭੰਨਤੋੜ ਤੇ ਸੜਕ ਜਾਮ ਕਰ ਰਹੇ ਲੋਕਾਂ 'ਤੇ ਕਾਬੂ ਪਾਉਣ ਲਈ ਪੁਲਸ ਨੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਛੱਡੀ ਹੈ। ਲੋਕਾਂ ਨੇ ਜਵਾਬ ਵਿੱਚ ਪਥਰਾਅ ਕੀਤਾ ਤੇ ਪੈਟਰੋਲ ਬੰਬ ਸੁੱਟੇ।

ਇਸ ਦੌਰਾਨ ਚੀਨ ਦੀ ਪੁਲਸ ਨੇ ਸ਼ੇਨਝੇਨ ਤੋਂ ਗ੍ਰਿਫਤਾਰ ਕੀਤੇ ਬ੍ਰਿਟਿਸ਼ ਵਪਾਰ ਕੌਂਸਲੇਟ ਦਾ ਮੁਲਾਜ਼ਮ ਸਾਈਮਨ ਚੇਂਗ ਛੱਡ ਦਿੱਤਾ ਹੈ। ਚੇਂਗ ਨੂੰ ਵੇਸਵਾਪੁਣੇ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ 15 ਦਿਨਾਂ ਲਈ ਗ੍ਰਿਫਤਾਰ ਕੀਤਾ ਗਿਆ ਸੀ। ਲੋਕਾਂ ਅਤੇ ਪੁਲਸ ਵਿੱਚ ਟਕਰਾਅ ਦੀ ਸਥਿਤੀ ਮੋਲੋਟੋਵ ਇਲਾਕੇ ਵਿੱਚ ਉਦੋਂ ਪੈਦਾ ਹੋਈ, ਜਦੋਂ ਸੜਕ ਕੰਢੇ ਲੱਗੇ ਸਮਾਰਟਫੋਨ ਵੀ ਲੋਕਾਂ ਨੇ ਤੋੜਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਸਮਾਰਟ ਲੈਂਪ ਪੋਸਟ ਉੱਤੇ ਸਰਵਿਲਾਂਸ ਕੈਮਰੇ ਲੱਗੇ ਹੋਏ ਹਨ ਜਿਨ੍ਹਾਂ ਨਾਲ ਪੁਲਸ ਨੂੰ ਅੰਦੋਲਨਕਾਰੀਆਂ ਦੀਆਂ ਸਰਗਰਮੀਆਂ ਦੀ ਜਾਣਕਾਰੀ ਮਿਲਦੀ ਹੈ। ਇਸੇ ਦੌਰਾਨ ਕੁਝ ਲੋਕ ਸੜਕ ਜਾਮ ਕਰ ਰਹੇ ਸਨ ਤਾਂ ਪੁਲਸ ਨੇ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਹੋਏ ਟਕਰਾਅ ਤੋਂ ਬਾਅਦ ਪੁਲਸ ਨੂੰ ਅੱਥਰੂ ਗੈਸ ਛੱਡਣੀ ਪੀ। ਬੀਤੇ ਦਿਨ ਹਾਂਗਕਾਂਗ ਦੇ ਕਈ ਪ੍ਰਮੁੱਖ ਸਥਾਨਾਂ ਦੀਆਂ ਦੀਵਾਰਾਂ 'ਤੇ ਸਪਰੇਅ ਪੇਂਟ ਨਾਲ ਲਿਖਿਆ ਹੋਇਆ ਵੇਖਿਆ ਗਿਆ: ਸਾਨੂੰ ਲੋਕਤੰਤਰ ਦਿਓ ਜਾਂ ਸਾਨੂੰ ਮੌਤ ਦਿਓ। ਸਰਕਾਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁਜ਼ਾਹਰਾਕਾਰੀ ਹਰ ਨਾਗਰਿਕ ਦੀ ਸੁਰੱਖਿਆ ਲਈ ਗੰਭੀਰ ਖਤਰਾ ਪੈਦਾ ਕਰ ਰਹੇ ਹਨ।



# ਐਫ ਬੀ ਆਈ ਵੱਲੋਂ ਰੋਮਾਂਸ ਘੋਟਾਲੇ ਦਾ ਖੁਲਾਸਾ, ਵਿਆਹ ਬਹਾਨੇ 322 ਕਰੋੜ ਦੀ ਠੱਗੀ

ਲਾਸ ਏਂਜਲਸ, 25 ਅਗਸਤ (ਪੋਸਟ ਬਿਊਰੋ)- ਅਮਰੀਕਾ ਦੀ ਜਾਂਚ ਏਜੰਸੀ ਐਫ ਬੀ ਆਈ ਦੇ ਕੋਲ ਇਕ ਅਨੋਖਾ ਆਨਲਾਈਨ ਰੋਮਾਂਸ ਦਾ ਘੋਟਾਲਾ ਸਾਹਮਣੇ ਆਇਆ ਹੈ। ਇਸ ਵਿੱਚ ਅਜਿਹੇ ਉਮਰ ਦਰਾਜ ਲੋਕਾਂ ਨੂੰ ਸ਼ਿਕਾਰ ਬਣਾਇਆ ਗਿ, ਜਿਹੜੇ ਤਲਾਕ ਸ਼ੁਦਾ ਜਾਂ ਇਕੱਲੇ ਹੋਣ ਕਾਰਨ ਸਾਥੀ ਦੀ ਭਾਲ ਵਿੱਚ ਸਨ।



ਇਸ ਠੱਗੀ ਦੀ ਸ਼ੁਰੂਆਤ 10 ਮਹੀਨੇ ਪਹਿਲਾਂ ਸੰਸਾਰ ਪੱਧਰ 'ਤੇ ਚੱਲਦੇ ਸੋਸ਼ਲ ਨੈਟਵਰਕ ਡਿਜ਼ੀਟਲ ਪੇਨਪਾਲਸ ਦੇ ਨਾਲ ਹੋਈ ਸੀ। ਇਸ ਪਲੇਟਫਾਰਮ ਉਤੇ ਸੀਰੀਆ ਵਿੱਚ ਤੈਨਾਤ ਅਮਰੀਕੀ ਫੌਜ ਦੇ ਇਕ ਕੈਪਟਨ ਦਾ ਮੇਲ ਉਸ ਤੋਂ ਉਮਰ ਵਿੱਚ ਵੱਡੀ ਜਾਪਾਨੀ ਮਹਿਲਾ ਦੇ ਕੋਲ ਪੁੱਜਾ। ਦੋਸਤੀ ਕਰਨ ਦੀ ਇਸ ਪੇਸ਼ਕਸ਼ ਨੂੰ ਜਾਪਾਨੀ ਮਹਿਲਾ ਨੇ ਸਵੀਕਾਰ ਕਰ ਲਿਆ। ਇਸ ਦੇ ਬਾਅਦ ਦੋਵਾਂ ਵਿੱਚ ਈਮੇਲ ਦੇ ਜ਼ਰੀਏ ਨੇੜਤਾ ਵਧਣ ਲੱਗੀ। ਫਿਰ ਕੈਪਟਨ ਨੇ ਮਹਿਲਾ ਤੋਂ ਇਹ ਕਹਿ ਕੇ ਪੈਸਾ ਮੰਗਿਆ ਕਿ ਹਮਲੇ ਕਾਰਨ ਗੰਭੀਰ ਜ਼ਖਮੀ ਹੈ, ਪਰ ਉਸ ਦੇ ਹੱਥ ਇਕ ਹੀਰਿਆਂ ਦਾ ਬੈਗ ਲੱਗਾ ਹੈ। ਉਹ ਸਿਹਤਮੰਦ ਹੋਣ ਦੇ ਬਾਅਦ ਇਨ੍ਹਾਂ ਹੀਰਿਆਂ ਨੂੰ ਵੇਚ ਕੇ ਉਸ ਦਾ ਕਰਜ਼ ਚੁੱਕਾ ਦੇਵੇਗਾ। ਮਹਿਲਾ ਨੂੰ ਕੈਪਟਨ 'ਤੇ ਭਰੋਸਾ ਹੋ ਗਿਆ ਸੀ। ਇਸ ਲਈ ਜਦ ਵੀ ਕੈਪਟਨ ਨੇ ਪੈਸੇ ਮੰਗੇ, ਉਹ ਪੈਸੇ ਟਰਾਂਸਫਰ ਕਰਦੀ ਗਈ। ਉਸ ਨੇ ਕੈਪਟਨ ਨੂੰ 33 ਤੋਂ ਵੱਧ ਟਰਾਂਜ਼ੈਕਸ਼ਨ ਵਿੱਚ ਕਰੀਬ 1.4 ਕਰੋੜ ਰੁਪਏ ਭੇਜੇ। ਇਸ ਰਕਮ ਨਾਲ ਮਹਿਲਾ ਬੈਂਕਾਂ ਦੀ ਕਰਜ਼ਦਾਰ ਹੋ ਗਈ। ਪੈਸੇ ਦੇਣ ਪਿੱਛੋਂ ਜਦ ਉਸ ਨੇ ਈਮੇਲ ਉੱਤੇ ਹੀਰੇ ਦੇ ਬਾਰੇ ਜਾਣਕਾਰੀ ਮੰਗੀ ਤਾਂ ਹੈਰਾਨ ਰਹਿ ਗਈ। ਜਿਸ ਅਕਾਊਂਟ 'ਤੇ ਉਹ ਮੇਲ ਭੇਜ ਰਹੀ ਸੀ, ਉਥੇ ਨਾ ਅਮਰੀਕੀ ਫੌਜ ਦਾ ਕੈਪਟਨ ਟੇਰੀ ਸੀ, ਨਾ ਹੀਰਿਆਂ ਵਾਲਾ ਬੈਗ। ਮਹਿਲਾ ਅੰਤਰਰਾਸ਼ਟਰੀ ਪੱਧਰ 'ਤੇ ਨਾਈਜ਼ੀਰੀਆ ਨਾਲ ਸੰਚਾਲਿਤ ਸਾਈਬਰ ਠੱਗ ਦੇ ਚੁੰਗਲ ਵਿੱਚ ਫਸ ਗਈ ਸੀ।

# ਜੰਗਲ ਬਚਾਉਣ ਦਾ ਸੰਦੇਸ਼ ਦੇਣ ਦੇ ਲਈ 800 ਕਿਲੋਮੀਟਰ ਇੱਕ ਬੰਦਾ ਉਲਟੇ ਕਦਮ ਚੱਲਿਆ

ਜਕਾਰਤਾ, 25 ਅਗਸਤ (ਪੋਸਟ ਬਿਊਰੋ)- ਇੰਡੋਨੇਸ਼ੀਆ ਦੇ ਇੱਕ ਵਿਅਕਤੀ ਨੇ ਵਾਤਾਵਰਣ ਸੁਰੱਖਿਆ ਦਾ ਸੰਦੇਸ਼ ਦੇਣ ਲਈ ਪੂਰਬੀ ਜਾਵਾ ਦੇ ਆਪਣੇ ਪਿੰਡ ਤੋਂ ਰਾਜਧਾਨੀ ਜਾਕਰਤਾ ਤੱਕ ਲਗਭਗ 800 ਕਿਲੋਮੀਟਰ ਦੂਰੀ ਉਲਟੇ ਕਦਮ ਚੱਲ ਕੇ ਪੂਰੀ ਕੀਤੀ, ਜਿਸ ਤੋਂ ਹਰ ਕੋਈ ਪ੍ਰਭਾਵਤ ਹੋਇਆ ਹੈ।

ਮੇਦੀ ਬਸਤੋਨੀ (43) ਅਸਲ ਵਿੱਚ ਜੰਗਲਾਂ ਦੀ ਕਟਾਈ ਰੋਕਣ ਲਈ ਜਾਗਰੂਕਤਾ ਲਿਆਉਣ ਅਤੇ ਆਪਣੇ ਰਾਜ ਵਿੱਚ ਇੱਕ ਜੰਗਲ ਨੂੰ ਬਚਾਉਣ ਲਈ ਸਰਕਾਰ ਦੀ ਮਦਦ ਚਾਹੁੰਦੇ ਸਨ। ਇਸ ਕੰਮ ਲਈ ਉਨ੍ਹਾਂ ਨੇ ਅਨੋਖਾ ਤਰੀਕਾ ਲੱਭ ਕੇ ਭਰੋਸਾ ਨਾ ਕਰ ਸਕਣ ਵਾਲੀ ਯਾਤਰਾ ਕੀਤੀ। ਬਸਤੋਨੀ ਦੇ ਯਾਤਰਾ ਪੂਰੀ ਕਰਦੇ ਹੀ ਉਸ ਨੂੰ ਦੇਖਣ ਲਈ ਉਤਸੁਕ ਲੋਕਾਂ ਦੀ ਭੀੜ ਇਕੱਠੀ ਹੋ ਗਈ। ਇਸ ਵਿੱਚ ਸਵੈਸੇਵਕ ਇੰਡੋਨੇਸ਼ੀਅਨ ਐਸਕਾਰਟਿੰਗ ਐਂਬੂਲੈਂਸ ਦੇ ਮੈਂਬਰ ਵੀ ਸ਼ਾਮਲ ਸਨ, ਜਿਨ੍ਹਾਂ ਨੇ ਇਸ ਯਾਤਰਾ ਦੌਰਾਨ ਉਸ ਦੀ ਮਦਦ ਕੀਤੀ। ਚਾਰ ਬੱਚਿਆਂ ਦੇ ਪਿਤਾ ਬਸਤੋਨੀ ਨੂੰ ਇਸ ਕਠਿਨ ਪੈਦਲ ਯਾਤਰਾ ਵਿੱਚ ਇੱਕ ਮਹੀਨੇ ਦੇ ਸਮਾਂ ਲੱਗ ਗਿਆ, ਜਿਸ ਦੀ ਸਮਾਪਤੀ ਉੱਤੇ ਉਹ ਖੁਸ਼ ਦਿਖਾਈ ਦਿੱਤੇ।

ਬਾਸਤੋਨੀ ਨੇ ਦੱਸਿਆ ਕਿ ਉਨ੍ਹਾਂ ਨੇ ਨਸ਼ਟ ਹੋਏ ਜੰਗਲਾਂ ਨੂੰ ਫਿਰ ਆਬਾਦ ਕਰਨ ਲਈ ਜਕਾਰਤਾ ਵਿੱਚ ਸਰਕਾਰ ਨੂੰ ਅਪੀਲ ਕੀਤੀ ਸੀ, ਪਰ ਸਰਕਾਰ ਨੇ ਇਸ 'ਤੇ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਉਸ ਦੀ ਯਾਤਰਾ ਤੋਂ ਉਨ੍ਹਾਂ ਨੂੰ ਆਸ ਹੈ ਕਿ ਲੋਕ ਇਸ ਬਾਰੇ ਜਾਗਰੂਕ ਹੋਣਗੇ ਅਤੇ ਉਨ੍ਹਾਂ ਨੂੰ ਇਸ 'ਚ ਸਹਿਯੋਗ ਲਈ ਪ੍ਰੇਰਿਤ ਕੀਤਾ ਜਾ ਸਕੇਗਾ।

# ਥਾਈਲੈਂਡ ਦੇ ਹੋਟਲ ਵਿੱਚ ਇੰਗਲੈਂਡ ਦੇ ਸਿੱਖ ਦਾ ਕਤਲ



ਲੰਡਨ, 25 ਅਗਸਤ (ਪੋਸਟ ਬਿਊਰੋ)- ਸਾਊਥਾਲ, ਬ੍ਰਿਟੇਨ ਦੇ ਸਿੱਖ ਨੌਜਵਾਨ ਦੀ ਥਾਈਲੈਂਡ ਦੇ ਹੋਟਲ ਵਿੱਚ ਸ਼ਰਾਬੀ ਹੋਏ ਨਾਰਵੇ ਦੇ ਵਿਅਕਤੀ ਹੱਥੋਂ ਹੱਤਿਆ ਹੋਣ ਦੀ ਖਬਰ ਮਿਲੀ ਹੈ।

ਪਤਾ ਲੱਗਾ ਹੈ ਕਿ ਥਾਈਲੈਂਡ ਦੇ ਪੰਜ ਤਾਰਾ ਸੇਂਟਾਰਾ ਗ੍ਰੈਂਡ ਹੋਟਲ ਵਿੱਚ ਅੰਮ੍ਰਿਤਪਾਲ ਸਿੰਘ ਬਜਾਜ (34), ਇੱਕ ਬ੍ਰਿਟਿਸ਼ ਸਿੱਖ, ਦਾ ਨਾਰਵੇ ਦੇ ਸ਼ਰਾਬੀ ਵਿਅਕਤੀ ਨਾਲ ਝਗੜਾ ਹੋ ਗਿਆ ਤੇ ਦੋਸ਼ੀ ਨੇ ਬਜਾਜ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਬੀ ਬੀ ਸੀ ਮੁਤਾਬਕ ਅੰਮ੍ਰਿਤਪਾਲ ਸਿੰਘ ਬਜਾਜ ਆਪਣੀ ਪਤਨੀ ਬੰਦਨਾ ਕੌਰ ਅਤੇ ਦੋ ਸਾਲਾ ਬੇਟੇ ਨਾਲ ਓਥੇ ਛੁੱਟੀਆਂ ਮਨਾਉਣ ਗਿਆ ਸੀ ਅਤੇ ਉਹ ਹੋਟਲ ਸੇਂਟਾਰਾ ਗ੍ਰੈਂਡ ਵਿੱਚ ਰੁਕੇ ਸਨ, ਜਿੱਥੇ ਉਨ੍ਹਾਂ ਦਾ 53 ਸਾਲਾ ਰੋਜ਼ਰ ਬੁੱਲਮੋਨ ਨਾਂਅ ਦੇ ਵਿਅਕਤੀ ਨਾਲ ਝਗੜਾ ਹੋ ਗਿਆ। ਬੰਦਨਾ ਕੌਰ ਨੇ ਦੱਸਿਆ ਕਿ ਬੁੱਧਵਾਰ ਨੂੰ ਬਜਾਜ ਨੇ ਉੱਚੀ-ਉੱਚੀ ਰੌਲਾ ਪਾ ਰਹੇ ਬੁੱਲਮੈਨ ਨੂੰ ਰੌਲਾ ਘੱਟ ਕਰਨ ਲਈ ਕਿਹਾ ਸੀ, ਕਿਉਂਕਿ ਉਸ ਦੀ ਪਤਨੀ ਤੇ ਬੇਟਾ ਸੌਣ ਦੀ ਕੋਸ਼ਿਸ਼ ਕਰ ਰਹੇ ਸਨ। ਏਨੇ ਨੂੰ ਦੋਸ਼ੀ ਉਨ੍ਹਾਂ ਦੇ ਕਮਰੇ ਵਿੱਚ ਬਿਨਾਂ ਕੱਪੜਿਆਂ ਦੇ ਦਾਖਲ ਹੋ ਗਿਆ ਤੇ ਉਸ ਦੇ ਪਤੀ ਨਾਲ ਝਗੜ ਪਿਆ। ਬੰਦਨਾ ਨੇ ਕਿਹਾ ਕਿ ਮੇਰੇ ਪਤੀ ਨੇ ਉਸ ਦਾ ਰਸਤਾ ਰੋਕਿਆ ਅਤੇ ਉਸ ਨੂੰ ਮੇਰੇ ਅਤੇ ਮੇਰੇ ਬੇਟੇ ਵੱਲ ਵਧਣ ਤੋਂ ਰੋਕ ਦਿੱਤਾ। ਦੋਸ਼ੀ ਨੇ ਅੰਮ੍ਰਿਤਪਾਲ 'ਤੇ ਹਮਲਾ ਕਰ ਦਿੱਤਾ ਤਾਂ ਅੰਮ੍ਰਿਤਪਾਲ ਨੇ ਆਪਣੀ ਪਤਨੀ ਅਤੇ ਬੇਟੇ ਨੂੰ ਕਮਰੇ 'ਚੋਂ ਭੱਜਣ ਲਈ ਕਿਹਾ ਤਾਂ ਕਿ ਉਹ ਸੁਰੱਖਿਅਤ ਰਹਿ ਸਕਣ। ਬੰਦਨਾ ਨੇ ਕਿਹਾ ਕਿ ਉਸ ਦੇ ਪਤੀ ਨੇ ਆਪਣੀ ਪਤਨੀ ਤੇ ਬੱਚੇ ਨੂੰ ਬਚਾਉਣ ਲਈ ਆਪਣੀ ਜਾਨ ਦੇ ਦਿੱਤੀ ਹੈ। ਬੰਦਨਾ ਆਪਣੇ ਬੇਟੇ ਵੀਰ ਸਿੰਘ ਨੂੰ ਲੈ ਕੇ ਕਮਰੇ 'ਚੋਂ ਮਦਦ ਲਈ ਭੱਜੀ। ਉਸ ਨੇ ਹੋਟਲ ਦੀ ਰਿਸੈਪਸ਼ਨ ਉੱਤੇ ਮਦਦ ਲਈ ਕਿਹਾ। ਘਟਨਾ ਤੋਂ ਬਾਅਦ ਅੰਮ੍ਰਿਤਪਾਲ ਨੂੰ ਹਸਪਤਾਲ ਲਿਜ-ਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਬੰਦਨਾ ਨੇ ਦੱਸਿਆ ਕਿ ਉਸ ਦੇ ਕੰਨਾਂ 'ਚ ਅਜੇ ਵੀ ਕਾਤਲ ਦੀਆਂ ਚੀਕਾਂ ਗੂੰਜ ਰਹੀਆਂ ਹਨ। ਇਸ ਘਟਨਾ ਦੇ ਬਾਅਦ ਬ੍ਰਿਟਿਸ਼ ਅਧਿਕਾਰੀਆਂ ਨੇ ਬਜਾਜ ਪਰਵਾਰ ਨਾਲ ਸੰਪਰਕ ਕੀਤਾ ਤੇ ਇਸ ਘਟਨਾ ਦੀ ਜਾਣਕਾਰੀ ਲਈ। ਥਾਈਲੈਂਡ ਦੀਆਂ ਮੀਡੀਆ ਰਿਪੋਰਟਾਂ 'ਚ ਦੱਸਿਆ ਗਿਆ ਹੈ ਕਿ ਨਾਰਵੇ ਦੇ ਵਿਦੇਸ਼ ਮੰਤਰਾਲੇ ਨੇ ਵੀ ਇਹ ਪੁਸ਼ਟੀ ਕੀਤੀ ਹੈ ਕਿ ਇੱਕ ਨਾਰਵੇ ਦਾ ਵਿਅਕਤੀ ਥਾਈਲੈਂਡ 'ਚ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਨੂੰ ਸਲਾਹਕਾਰ ਦਿੱਤਾ ਜਾ ਰਿਹਾ ਹੈ। ਸਾਊਥਾਲ ਦੇ ਸਿੱਖ ਭਾਈਚਾਰੇ ਨੂੰ ਇਸ ਘਟਨਾ ਨਾਲ ਗਹਿਰਾ ਸਦਮਾ ਲੱਗਾ ਹੈ।

# ਭਾਰਤ ਅਤੇ ਫਰਾਂਸ ਵਿਚਾਲੇ ਚਾਰ ਸਮਝੌਤੇ ਸਹੀ-ਬੱਧ ਕੀਤੇ ਗਏ

ਪੈਰਿਸ, 25 ਅਗਸਤ (ਪੋਸਟ ਬਿਊਰੋ)- ਫਰਾਂਸ ਦੌਰੇ ਉੱਤੇ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਰਾਂਸ ਦੇ ਪ੍ਰਧਾਨ ਮੰਤਰੀ ਐਡਵਰਡ ਚਾਰਲਸ ਫਿਲਿਪ ਨਾਲ ਮੁਲਾਕਾਤ ਕੀਤੀ ਤੇ ਰਣਨੀਤੀ ਭਾਈਵਾਲੀ ਨੂੰ ਵਧਾਉਣ ਲਈ ਦੁਵੱਲੇ ਤੇ ਸਾਂਝੇ ਹਿੱਤਾਂ ਵਾਲੇ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ।



ਦੋਵਾਂ ਵਿਚਾਲੇ ਗੱਲਬਾਤ ਪਿੱਛੋਂ ਵਫਦ ਪੱਧਰੀ ਗੱਲਬਾਤ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਚਾਰ ਸਮਝੌਤੇ ਸਹੀਬੱਧ ਕੀਤੇ ਗਏ। ਬਾਅਦ ਵਿੱਚ ਜਾਰੀ ਸਾਂਝੇ ਬਿਆਨ 'ਚ ਕਿਹਾ ਗਿਆ ਕਿ ਦੋਵਾਂ ਨੇਤਾਵਾਂ ਨੇ ਅੱਤਵਾਦ ਦੇ ਸਾਰੇ ਰੂਪਾਂ ਦੀ ਕਰੜੀ ਨਿੰਦਾ ਕੀਤੀ ਤੇ ਇਸ ਖਿਲਾਫ ਸਾਂਝੇ ਤੌਰ 'ਤੇ ਲੜਨ ਦਾ ਅਹਿਦ ਕੀਤਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਨੇ ਕਿਹਾ ਕਿ 2019 ਦੀਆਂ ਲੋਕ ਸਭਾ ਚੋਣਾਂ 'ਚ ਮਿਲਿਆ ਸਪੱਸ਼ਟ ਬਹੁਮਤ ਨਾ ਸਿਰਫ ਸਰਕਾਰ ਲਈ, ਸਗੋਂ ਨਵੇਂ ਭਾਰਤ ਦੇ ਨਿਰਮਾਣ ਲਈ ਜ਼ਰੂਰੀ ਸੀ, ਜਿਸ ਵਿੱਚ ਵਪਾਰ, ਕਾਰੋਬਾਰ ਤੇ ਰਹਿਣ ਦੀ ਆਜ਼ਾਦੀ ਦੇਣਾ ਵਚਨਬੱਧਤਾ ਹੈ। ਯੂਨੈਸਕੋ ਹੈਡਕੁਆਰਟਰ ਵਿਖੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨਵੇਂ ਭਾਰਤ 'ਚ ਭ੍ਰਿਸ਼ਟਾਚਾਰ, ਲੋਕਾਂ ਦਾ ਪੈਸਾ ਲੁੱਟਣ ਵਾਲਿਆਂ ਤੇ ਭਾਈ ਭਤੀਜਾਵਾਦ ਖਿਲਾਫ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਜੰਮੂ ਕਸ਼ਮੀਰ ਦਾ ਵਿਸ਼ੇਸ਼ ਸੂਬੇ ਦਾ ਰੁਤਬਾ ਖਤਮ ਕਰਨ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਰਤ 'ਚ ਆਰਜ਼ੀ ਵਿਵਸਥਾ ਦੀ ਕੋਈ ਗੁੰਜ਼ਾਇਸ਼ ਨਹੀਂ ਰਹੀ। ਉਨ੍ਹਾਂ ਕਿਹਾ ਕਿ ਤੁਸੀਂ ਵੇਖਿਆ ਕਿ ਮਹਾਤਮਾ ਗਾਂਧੀ, ਗੌਤਮ ਬੁੱਧ, ਰਾਮ, ਕ੍ਰਿਸ਼ਨ ਅਤੇ 125 ਕਰੋੜ ਲੋਕਾਂ ਦੀ ਧਰਤੀ ਤੋਂ ਆਰਜ਼ੀ ਵਿਵਸਥਾ ਨੂੰ ਸਮਾਪਤ ਕਰਨ ਵਿੱਚ 70 ਸਾਲ ਲੱਗ ਗਏ। ਇਸ ਮੌਕੇ ਤਿੰਨ ਤਲਾਕ ਬਾਰੇ ਉਨ੍ਹਾਂ ਕਿਹਾ ਕਿ ਨਵੇਂ ਭਾਰਤ 'ਚ ਮੁਸਲਿਮ ਔਰਤਾਂ ਨਾਲ ਅਨਿਆਂ ਨਹੀਂ ਕੀਤਾ ਜਾ ਸਕਦਾ, ਇਸ ਲਈ ਅਸੀਂ ਤਿੰਨ ਤਲਾਕ ਦੀ ਪ੍ਰਥਾ ਨੂੰ ਖਤਮ ਕਰ ਦਿੱਤਾ ਹੈ।


Honesty, Reliability, Commitment

SELL FOR MORE BUY FOR LESS

- 1 yr Home Warranty
- We Help to get mortgage
- Free valuation & Lowest Commission
- Special for First Time Home Buyer

OPEN HOUSE UNTIL SOLD

HIGHER STANDARDS FIVE STAR CERTIFIED TEAM

Silvercity

B. 905.913.8500

HIRA RANDHWA
Broker
416.319.0551

BHUPENDRA DHILLON
Sales Representative
647-896-1877

Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

MICHELIN · HANKOOK · Continental · ROADLUX · BFGoodrich · AEOLUS · COMPASAL · Chevron · Delo

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum - On Special Sale! Made in U.S

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
Spring Sale

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਪੀ ਚਿਦੰਬਰਮ 26 ਅਗਸਤ ਨੂੰ ਸੁਪਰੀਮ ਕੋਰਟ ਦੀ ਸੁਣਵਾਈ ਤੱਕ ਰਿਮਾਂਡ ਉਤੇ ਰਹਿਣਗੇ

## * ਸੁਪਰੀਮ ਕੋਰਟ ਵਿੱਚ ਚਿਦੰਬਰਮ ਵੱਲੋਂ ਨਵੀਂ ਅਰਜ਼ੀ ਪੇਸ਼



ਨਵੀਂ ਦਿੱਲੀ, 25 ਅਗਸਤ, (ਪੋਸਟ ਬਿਊਰੋ)- ਕਾਂਗਰਸ ਆਗੂ ਅਤੇ ਭਾਰਤ ਦੇ ਸਾਬਕਾ ਖਜ਼ਾਨਾ ਮੰਤਰੀ ਪੀ. ਚਿਦੰਬਰਮ ਦੀ ਜ਼ਮਾਨਤ ਪਟੀਸ਼ਨ ਉੱਤੇ ਸੁਪਰੀਮ ਕੋਰਟ ਅਗਲੀ ਸੁਣਵਾਈ 26 ਅਗਸਤ ਨੂੰ ਕਰੇਗੀ। ਚਿਦੰਬਰਮ ਨੇ ਪਟੀਸ਼ਨ ਵਿੱਚ ਆਈ ਐੱਨ ਐੱਕਸ ਮੀਡੀਆ ਕੇਸ ਵਿੱਚ ਆਪਣੀ ਪੇਸ਼ਗੀ ਜ਼ਮਾਨਤ ਰੱਦ ਕਰਨ ਬਾਰੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਰਿਮਾਂਡ ਮਿਲਣ ਤੋਂ ਬਾਅਦ ਸੀ ਬੀ ਆਈ ਚਿਦੰਬਰਮ ਤੋਂ ਪੁੱਛਗਿੱਛ ਵਿੱਚ ਜੁਟੀ ਹੋਈ ਹੈ।

ਵਰਨਣ ਯੋਗ ਹੈ ਕਿ ਪਿਛਲੇ ਬੁੱਧਵਾਰ ਨੂੰ ਹਾਈ ਕੋਰਟ ਤੋਂ ਜ਼ਮਾਨਤ ਪਟੀਸ਼ਨ ਰੱਦ ਹੋਣ ਪਿੱਛੋਂ ਕਪਿਲ ਸਿੱਬਲ ਦੀ ਅਗਵਾਈ ਵਿੱਚ ਚਿਦੰਬਰਮ ਦੇ ਵਕੀਲਾਂ ਦੀ ਇੱਕ ਟੀਮ ਨੇ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਸੀ। ਆਈ ਐੱਨ ਐਕਸ ਮੀਡੀਆ ਕੇਸ ਵਿੱਚ ਫਸੇ ਹੋਏ ਸਾਬਕਾ ਖਜ਼ਾਨਾ ਅਤੇ ਗ੍ਰਹਿ ਮੰਤਰੀ ਪੀ ਚਿਦੰਬਰਮ ਨੂੰ ਵੀਰਵਾਰ ਨੂੰ ਰਾਊਜ਼ ਐਵੇਨਿਊ ਦੀ ਵਿਸ਼ੇਸ਼ ਅਦਾਲਤ ਨੇ 26 ਅਗਸਤ ਤਕ ਸੀ ਬੀ ਆਈ ਦੀ ਰਿਮਾਂਡ ਉੱਤੇ ਭੇਜ ਦਿੱਤਾ ਸੀ। ਸੀ ਬੀ ਆਈ ਨੇ ਬੁੱਧਵਾਰ ਦੀ ਰਾਤ ਨੂੰ ਹੀ ਚਿਦੰਬਰਮ ਨੂੰ ਗ੍ਰਿਫ਼ਤਾਰ ਕਰਨ ਪਿੱਛੋਂ ਭਾਰੀ ਸੁਰੱਖਿਆ ਹੇਠ ਜਸਟਿਸ ਅਜੈ ਕੁਮਾਰ ਕੁਹਾਰ ਵਿੱਚ ਪੇਸ਼ ਕੀਤਾ ਸੀ ਅਤੇ ਰਿਮਾਂਡ ਲੈ ਲਿਆ ਸੀ, ਜਿਸ ਦੇ ਬਾਅਦ ਪੁੱਛਗਿੱਛ ਜਾਰੀ ਹੈ।

ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਨੇ ਆਈ ਐੱਨ ਐਕਸ ਮੀਡੀਆ ਭ੍ਰਿਸ਼ਟਾਚਾਰ ਕੇਸ ਵਿੱਚ ਆਪਣੇ ਖਿਲਾਫ ਜਾਰੀ ਗ੍ਰਿਫਤਾਰੀ ਵਾਰੰਟ ਤੇ 26 ਅਗਸਤ ਤਕ ਸੀ ਬੀ ਆਈ ਹਿਰਾਸਤ ਵਿੱਚ ਭੇਜਣ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਅੱਜ ਸ਼ੁੱਕਰਵਾਰ ਸੁਪਰੀਮ ਕੋਰਟ ਵਿੱਚ ਨਵੀਂ ਅਰਜ਼ੀ ਪੇਸ਼ ਕੀਤੀ ਹੈ। ਇਸ ਅਰਜ਼ੀ ਵਿੱਚ ਚਿਦੰਬਰਮ ਨੇ ਹੇਠਲੀ ਅਦਲਾਤ ਦੇ ਆਦੇਸ਼ ਵਿਰੁੱਧ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਏ ਬਗੈਰ ਸੁਪਰੀਮ ਕੋਰਟ ਵਿੱਚ ਜਾਣ ਨੂੰ ਇਹ ਕਹਿ ਕੇ ਸਹੀ ਦੱਸਿਆ ਕਿ ਪਟੀਸ਼ਨਰ ਦੀ ਗ੍ਰਿਫਤਾਰੀ ਉਨ੍ਹਾਂ ਦੇ ਵਿਰੁੱਧ 20 ਅਗਸਤ 2019 ਦੇ ਹਾਈ ਕੋਰਟ ਦੇ ਫੈਸਲੇ ਦਾ ਨਤੀਜਾ ਹੈ, ਜਿਸ ਵਿੱਚ ਉਸ ਦੀ ਅਗਾਊਂ ਜ਼ਮਾਨਤ ਰੱਦ ਕਰ ਦਿੱਤੀ ਗਈ ਤੇ ਇਸ ਕੇਸ ਦੇ ਗੁਣ-ਦੋਸ਼ ਬਾਰੇ ਟਿਪਣੀਆਂ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਅਰਜ਼ੀ ਉਨ੍ਹਾਂ ਦੀ ਆਜ਼ਾਦੀ ਨਾਲ ਜੁੜੀ ਹੈ, ਜੋ ਗੈਰ ਕਾਨੂੰਨੀ ਤਰੀਕੇ ਨਾਲ ਖਰਾਬ ਕੀਤੀ ਗਈ ਹੈ। ਅਰਜ਼ੀ ਮੁਤਾਬਕ ਇਹ ਅਜਿਹਾ ਮਾਮਲਾ ਹੈ, ਜਿਥੇ 21 ਅਗਸਤ ਨੂੰ ਜਾਰੀ ਗੈਰ ਜ਼ਮਾਨਤੀ ਵਾਰੰਟ ਉੱਤੇ ਪਟੀਸ਼ਨਰ ਦੀ ਗ੍ਰਿਫਤਾਰੀ ਪੂਰੀ ਤਰ੍ਹਾਂ ਕਾਨੂੰਨੀ ਦਾਇਰੇ ਤੋਂ ਬਾਹਰ ਹੈ।

# ਜੈਰਾਮ ਰਮੇਸ਼ ਦੇ ਬਾਅਦ ਸਿੰਘਵੀ ਅਤੇ ਥਰੂਰ ਵੀ ਮੋਦੀ ਦੇ ਹੱਕ 'ਚ ਬੋਲਣ ਲੱਗ ਪਏ



ਅਭਿਸ਼ੇਕ ਸਿੰਘਵੀ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਕਾਂਗਰਸ ਆਗੂਆਂ ਅਭਿਸ਼ੇਕ ਸਿੰਘਵੀ ਅਤੇ ਸ਼ਸ਼ੀ ਥਰੂਰ ਨੇ ਕੱਲ੍ਹ ਆਪਣੀ ਪਾਰਟੀ ਦੇ ਆਗੂ ਜੈਰਾਮ ਰਮੇਸ਼ ਵੱਲੋਂ ਬੀਤੇ ਦਿਨ ਕੀਤੀਆਂ ਟਿੱਪਣੀਆਂ ਦਾ ਸਮਰਥਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਨੂੰ ਖਲਨਾਇਕ ਕਹਿਣਾ ਗਲਤ ਹੈ ਅਤੇ ਸਹੀ ਕੰਮਾਂ ਲਈ ਉਨ੍ਹਾਂ ਦੀ ਸ਼ਲਾਘਾ ਕਰਨੀ ਬਣਦੀ ਹੈ।

ਸਿੰਘਵੀ ਨੇ ਕਿਹਾ ਕਿ ਮੋਦੀ ਦੇ ਕੰਮਾਂ ਬਾਰੇ ਮੁੱਦਿਆਂ ਦੇ ਆਧਾਰ 'ਤੇ ਰਾਏ ਬਣਾਉਣੀ ਚਾਹੀਦੀ ਹੈ, ਸ਼ਖਸੀਅਤ ਦੇ ਆਧਾਰ ਉੱਤੇ ਨਹੀਂ। ਸ਼ਸ਼ੀ ਥਰੂਰ ਨੇ ਕਿਹਾ ਕਿ ਸਹੀ ਕੰਮਾਂ ਲਈ ਪ੍ਰਧਾਨ ਮੰਤਰੀ ਦੀ ਸ਼ਲਾਘਾ ਕਰਨ ਨਾਲ ਵਿਰੋਧੀ ਧਿਰ ਦੀ ਆਲੋਚਨਾ ਨੂੰ ਬਲ ਮਿਲੇਗਾ। ਸਿੰਘਵੀ ਨੇ ਟਵੀਟ ਕੀਤਾ, 'ਮੈਂ ਹਮੇਸ਼ਾ ਕਹਿੰਦਾ ਹਾਂ ਕਿ ਮੋਦੀ ਨੂੰ ਖਲਨਾਇਕ ਬਣਾਉਣਾ ਗਲਤ ਹੈ। ਉਹ ਦੇਸ਼ ਦੇ ਪ੍ਰਧਾਨ ਮੰਤਰੀ ਹਨ ਅਤੇ ਉਨ੍ਹਾਂ ਦੀ ਨਿੰਦਾ ਕਰਕੇ ਅਸਲ ਵਿੱਚ ਵਿਰੋਧੀ ਧਿਰ ਉਨ੍ਹਾਂ ਦੀ ਮਦਦ ਹੀ ਕਰਦੀ ਹੈ। ਕੰਮ ਹਮੇਸ਼ਾ ਚੰਗੇ, ਬੁਰੇ ਜਾਂ ਵਿਲੱਖਣ ਹੁੰਦੇ ਹਨ, ਇਸ ਲਈ ਮੁੱਦਿਆਂ ਦੇ ਆਧਾਰ 'ਤੇ ਰਾਇ ਬਣਨੀ ਚਾਹੀਦੀ ਹੈ, ਸ਼ਖਸੀਅਤ ਦੇ ਆਧਾਰ 'ਤੇ ਨਹੀਂ। ਇਹ ਸਾਫ ਹੈ ਕਿ ਉਜਵਲਾ ਸਕੀਮ ਉਨ੍ਹਾਂ ਵੱਲੋਂ ਕੀਤੇ ਚੰਗੇ ਕੰਮਾਂ ਵਿੱਚੋਂ ਇਕ ਹੈ।'

ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਕਿਹਾ, 'ਜਿਵੇਂ ਤੁਹਾਨੂੰ ਪਤਾ ਹੈ ਕਿ ਮੈਂ ਪਿਛਲੇ ਛੇ ਸਾਲਾਂ ਤੋਂ ਕਹਿ ਰਿਹਾ ਹਾਂ ਕਿ ਜਦੋਂ ਵੀ ਨਰਿੰਦਰ ਮੋਦੀ ਕੁਝ ਚੰਗਾ ਕਹਿੰਦੇ ਜਾਂ ਚੰਗਾ ਕੰਮ ਕਰਦੇ ਹਨ ਤਾਂ ਉਨ੍ਹਾਂ ਦੀ ਸ਼ਲਾਘਾ ਹੋਣੀ ਚਾਹੀਦੀ ਹੈ ਕਿਉਂਕਿ ਅਜਿਹਾ ਕਰਨ ਨਾਲ ਜਦੋਂ ਉਹ ਗਲਤੀ ਕਰਦੇ ਹਨ ਤਾਂ ਸਾਡੇ ਵੱਲੋਂ ਕੀਤੀ ਜਾਂਦੀ ਉਨ੍ਹਾਂ ਦੀ ਆਲੋਚਨਾ ਸਹੀ ਲੱਗੇਗੀ।'

ਵਰਨਣ ਯੋਗ ਹੈ ਕਿ ਬੀਤੇ ਦਿਨ ਸਾਬਕਾ ਕੇਂਦਰੀ ਮੰਤਰੀ ਜੈਰਾਮ ਰਮੇਸ਼ ਨੇ ਕਿਹਾ ਸੀ ਕਿ ਨਰਿੰਦਰ ਮੋਦੀ ਸਰਕਾਰ ਦਾ ਮਾਡਲ 'ਪੂਰੀ ਤਰ੍ਹਾਂ ਨਾਕਾਰਾਤਮਕ ਕਹਾਣੀ' ਨਹੀਂ ਅਤੇ ਉਨ੍ਹਾਂ ਵੱਲੋਂ ਕੀਤੇ ਕੰਮਾਂ ਦੀ ਮਹੱਤਤਾ ਨੂੰ ਸਵੀਕਾਰ ਨਾ ਕਰਨ ਅਤੇ ਉਨ੍ਹਾਂ ਨੂੰ ਹਰ ਸਮੇਂ ਖਲਨਾਇਕ ਵਾਂਗ ਪੇਸ਼ ਕਰਨ ਨਾਲ ਸਾਨੂੰ ਕੁਝ ਵੀ ਪ੍ਰਾਪਤ ਨਹੀਂ ਹੋਣਾ।' ਉਨ੍ਹਾਂ ਪ੍ਰਧਾਨ ਮੰਤਰੀ ਉਜਵਲ ਯੋਜਨਾ ਦੀ ਸਫਲਤਾ ਦੀ ਮਿਸਾਲ ਦਿੱਤੀ ਸੀ। ਰਮੇਸ਼ ਦੇ ਬਿਆਨ ਦੇ ਵਿਰੋਧ ਵਿੱਚ ਕਾਂਗਰਸ ਦੇ ਸਾਬਕਾ ਕੇਂਦਰੀ ਮੰਤਰੀ ਕੇ ਕੇ ਤਿਵਾੜੀ ਨੇ ਆਖਿਆ ਕਿ ਕਾਂਗਰਸ ਦੇ ਕੁਝ ਆਗੂਆਂ ਵੱਲੋਂ ਅਜਿਹੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਜੋ ਪਾਰਟੀ ਦੇ ਹਿੱਤ ਵਿੱਚ ਨਹੀਂ ਹਨ।

# ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਸਮੇਤ ਦੋ ਤਸਕਰ ਕਾਬੂ

ਤਰਨ ਤਾਰਨ, 25 ਅਗਸਤ (ਪੋਸਟ ਬਿਊਰੋ)- ਤਰਨ ਤਾਰਨ ਪੁਲਸ ਨੇ ਕੱਲ੍ਹ ਦੋ ਲੋੜੀਂਦੇ ਏ ਸ਼੍ਰੇਣੀ ਦੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ, ਜਿਸ ਵਿੱਚ ਅਕਾਲੀ-ਭਾਜਪਾ ਸਰਕਾਰ ਦੌਰਾਨ ਅਟਾਰੀ ਤੋਂ ਮਾਰਕੀਟ ਕਮੇਟੀ ਦਾ ਇੱਕ ਸਾਬਕਾ ਚੇਅਰਮੈਨ ਅਤੇ ਅਕਾਲੀ ਆਗੂ ਵੀ ਸ਼ਾਮਲ ਹੈ। ਐੱਸ ਐੱਸ ਪੀ ਤਰਨ ਤਾਰਨ ਧਰੁਵ ਦਹੀਆ ਦੇ ਮੁਤਾਬਕ ਜਸਬੀਰ ਸਿੰਘ ਸਾਲ 2007-2012 ਤੱਕ ਮਾਰਕੀਟ ਕਮੇਟੀ ਅਟਾਰੀ ਦਾ ਚੇਅਰਮੈਨ ਸੀ ਅਤੇ ਸਾਬਕਾ ਮੰਤਰੀ ਤੇ ਅਟਾਰੀ ਤੋਂ ਅਕਾਲੀ ਵਿਧਾਇਕ ਗੁਲਜ਼ਾਰ ਸਿੰਘ ਰਣੀਕੇ ਦਾ ਨਜ਼ਦੀਕੀ ਸੀ। ਉਨ੍ਹਾਂ ਦੱਸਿਆ ਕਿ ਦੋਸ਼ੀ ਵਿਰੁੱਧ ਕੁੱਲ 9 ਕੇਸ ਪਹਿਲਾਂ ਪੈਂਡਿੰਗ ਹਨ ਅਤੇ ਉਸ ਦੀ ਗ੍ਰਿਫਤਾਰੀ ਲੋੜੀਂਦੀ ਸੀ। ਐੱਸ ਐੱਸ ਪੀ ਨੇ ਦੱਸਿਆ ਕਿ ਜਸਬੀਰ ਸਿੰਘ ਉਰਫ ਜੱਸੀ ਪੁੱਤਰ ਚੰਨਣ ਸਿੰਘ ਵਾਸੀ ਚੀਮਾ ਕਲਾਂ ਨੂੰ ਐੱਸ ਐੱਚ ਓ ਪ੍ਰਭਜੀਤ ਸਿੰਘ ਨੇ ਫੜਿਆ ਹੈ।

# ਬਾਬਰੀ ਮਸਜਿਦ ਕੇਸ ਵਿਚ ਵਿਸ਼ੇਸ਼ ਜੱਜ ਦਾ ਕਾਰਜਕਾਲ ਵਧਾਉਣ ਉੱਤੇ ਯੂ ਪੀ ਸਰਕਾਰ ਦੋ ਹਫਤੇ ਵਿੱਚ ਹੁਕਮ ਜਾਰੀ ਕਰੇ: ਕੋਰਟ



ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸਾਲ 1992 ਦੇ ਬਾਬਰੀ ਮਸਜਿਦ ਢਾਉਣ ਦੇ ਕੇਸ ਦੀ ਸੁਣਵਾਈ ਲਖਨਊ ਵਿੱਚ ਕਰ ਰਹੇ ਵਿਸ਼ੇਸ਼ ਜੱਜ ਦਾ ਕਾਰਜਕਾਲ ਵਧਾਉਣ ਬਾਰੇ ਉਤਰ ਪ੍ਰਦੇਸ਼ ਸਰਕਾਰ ਨੂੰ ਦੋ ਹਫਤੇ ਵਿੱਚ ਹੁਕਮ ਜਾਰੀ ਕਰਨ ਲਈ ਕਿਹਾ ਹੈ। ਇਸ ਮਾਮਲੇ ਵਿੱਚ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਓਮਾ ਭਾਰਤੀ ਸਮੇਤ ਕਈ ਆਗੂ ਦੋਸ਼ੀ ਹਨ।

ਜਸਟਿਸ ਆਰ ਐਫ ਨਰੀਮਨ ਅਤੇ ਜਸਟਿਸ ਸੂਰਿਆ ਕਾਂਤ ਦੀ ਬੈਂਚ ਨੇ ਕਿਹਾ ਕਿ ਇਸ ਕੇਸ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜ ਨੇ 27 ਜੁਲਾਈ ਨੂੰ ਇਕ ਨਵਾਂ ਖਤ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਆਪਣੇ ਲਈ ਸੁਰੱਖਿਆ ਦਿੱਤੇ ਜਾਣ ਸਣੇ ਪੰਜ ਅਪੀਲਾਂ ਕੀਤੀਆਂ ਹਨ। ਬੈਂਚ ਨੇ ਸੂਬੇ ਵੱਲੋਂ ਪੇਸ਼ ਸੀਨੀਅਰ ਵਕੀਲ ਐਸ਼ਵਰਿਆ ਭਾਟੀ ਨੂੰ ਇਨ੍ਹਾਂ ਸਾਰੀਆਂ ਪੰਜ ਅਪੀਲਾਂ ਉੱਤੇ ਦੋ ਹਫਤਿਆਂ ਦੇ ਅੰਦਰ ਵਿਚਾਰ ਕਰਨ ਦਾ ਨਿਰਦੇਸ਼ ਦਿੱਤਾ ਅਤੇ ਕਿਹਾ ਕਿ ਇਹ ਅਪੀਲਾਂ ਤਰਕ ਸੰਗਤ ਪ੍ਰਤੀਤ ਹੁੰਦੀਆਂ ਹਨ। ਕੋਰਟ ਨੇ 19 ਜੁਲਾਈ ਨੂੰ ਵਿਸ਼ੇਸ਼ ਜੱਜ ਦਾ ਕਾਰਜਕਾਲ ਇਸ ਕੇਸ ਦੀ ਸੁਣਵਾਈ ਪੂਰੀ ਹੋਣ ਅਤੇ ਫੈਸਲਾ ਸੁਣਾਏ ਜਾਣ ਤੱਕ ਵਧਾ ਦਿੱਤਾ ਸੀ। ਅੱਗੋਂ ਸੂਬਾ ਸਰਕਾਰ ਨੂੰ ਇਸ ਸਬੰਧੀ ਹੁਕਮ ਜਾਰੀ ਕਰਨਾ ਹੋਵੇਗਾ ਜੋ ਉਨ੍ਹਾਂ ਅਜੇ ਤੱਕ ਨਹੀਂ ਕੀਤਾ। ਵਿਸ਼ੇਸ਼ ਜੱਜ ਨੂੰ ਕੋਰਟ ਨੇ ਕਿਹਾ ਹੈ ਕਿ ਉਹ ਨੌਂ ਮਹੀਨਿਆਂ ਵਿੱਚ ਇਸ ਮਾਮਲੇ ਸਬੰਧੀ ਫੈਸਲਾ ਸੁਣਾਉਣ। ਕੋਰਟ ਨੇ ਸਪੱਸ਼ਟ ਕੀਤਾ ਕਿ 30 ਸਤੰਬਰ ਨੂੰ ਸੇਵਾਮੁਕਤ ਹੋ ਰਹੇ ਵਿਸ਼ੇਸ਼ ਜੱਜ ਦਾ ਕਾਰਜਕਾਲ ਸਿਰਫ ਇਸ ਮਾਮਲੇ ਦੀ ਸੁਣਵਾਈ ਕਰਨ ਅਤੇ ਫੈਸਲਾ ਸੁਣਾਏ ਜਾਣ ਲਈ ਹੈ। ਸੇਵਾਮੁਕਤੀ ਤੋਂ ਬਾਅਦ ਵੀ ਉਹ ਇਲਾਹਾਬਾਦ ਹਾਈ ਕੋਰਟ ਦੇ ਪ੍ਰਸ਼ਾਸਨਿਕ ਕੰਟਰੋਲ 'ਚ ਬਣੇ ਰਹਿਣਗੇ।

# ਅਭੀ ਵਰਮਾ ਕਤਲ ਕਾਂਡ ਵਿਚ ਜੱਸੇ ਤੇ ਵਿੱਕੀ ਦੀ ਫਾਂਸੀ ਤੋੜਨ ਤੋਂ ਹਾਈ ਕੋਰਟ ਵੱਲੋਂ ਨਾਂਹ

ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ)- ਹੁਸ਼ਿਆਰਪੁਰ ਦੇ ਬਹੁ-ਚਰਚਿਤ ਅਭੀ ਵਰਮਾ ਕਤਲ ਕਾਂਡ ਦੇ ਦੋ ਦੋਸ਼ੀਆਂ ਜਸਬੀਰ ਸਿੰਘ ਜੱਸਾ ਤੇ ਵਿਕਰਮ ਸਿੰਘ ਵਿੱਕੀ ਦਾ ਫਾਂਸੀ ਦੀ ਸਜ਼ਾ ਤੋਂ ਬਚਾਅ ਨਹੀਂ ਹੋ ਸਕਿਆ।

ਵਰਨਣ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਉਨ੍ਹਾਂ ਦੀ ਸਜ਼ਾ ਘੱਟ ਕਰਨ ਦੀ ਅਪੀਲ ਰੱਦ ਕਰ ਦਿੱਤੀ ਤਾਂ ਦੋਵਾਂ ਮੁਲਜ਼ਮਾਂ ਵੱਲੋਂ ਦਾਇਰ ਕੀਤੀ ਅਪੀਲ ਨੂੰ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੀ ਅਦਾਲਤ ਨੇ ਵੀ ਰੱਦ ਕਰ ਦਿੱਤਾ ਹੈ। ਫਾਂਸੀ ਲੱਗਣ ਵਿੱਚ ਹੋਈ ਦੇਰ ਦਾ ਲਾਭ ਦੇਣ ਤੋਂ ਇਨਕਾਰ ਕਰਦੇ ਹੋਏ ਹਾਈ ਕੋਰਟ ਨੇ ਜਸਬੀਰ ਜੱਸੇ ਅਤੇ ਵਿੱਕੀ ਦੀ ਸਜ਼ਾ ਘਟਾਉਣ ਦੀ ਪਟੀਸ਼ਨ ਰੱਦ ਕੀਤੀ ਹੈ। ਇਸ ਤੋਂ ਪਹਿਲਾਂ ਜਸਟਿਸ ਜਤਿੰਦਰ ਚੌਹਾਨ ਨੇ ਸਪੱਸ਼ਟ ਕੀਤਾ ਸੀ ਕਿ ਨਿਆਂ ਪਾਲਿਕਾ ਲਈ ਕਿਸੇ ਦੋਸ਼ੀ ਦੀ ਤਰਸ ਦੀ ਪਟੀਸ਼ਨ ਉਤੇ ਫੈਸਲਾ ਲੈਣ ਲਈ ਦੀ ਨਿਰਧਾਰਤ ਸਮਾਂ ਨਹੀਂ ਹੈ ਤੇ ਨਾ ਕੋਈ ਅਜਿਹਾ ਫਾਰਮੂਲਾ ਹੈ, ਜਿਸ ਨਾਲ ਇਹ ਤੈਅ ਕੀਤਾ ਜਾ ਸਕੇ ਕਿ ਕਿੰਨੇ ਸਮੇਂ ਤੱਕ ਫਾਂਸੀ ਲਾਉਣ ਨੂੰ ਦੇਰ ਸਮਝਿਆ ਜਾਵੇ। ਪਟਿਆਲਾ ਜੇਲ੍ਹ ਵਿੱਚ ਬੰਦ ਜੱਸੇ ਤੇ ਵਿੱਕੀ ਨੇ ਆਪਣੀ ਅਰਜ਼ੀ ਵਿੱਚ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਸੀ।

# ਲੜਾਈ ਛੁਡਾਉਣ ਗਿਆ ਸਾਬਕਾ ਸਰਪੰਚ ਦਾ ਪੁੱਤ ਮਾਰ ਛੱਡਿਆ



ਫਾਜ਼ਿਲਕਾ, 25 ਅਗਸਤ (ਪੋਸਟ ਬਿਊਰੋ)- ਪਿੰਡ ਬਨਵਾਲਾ ਹਨਵੰਤਾ ਦੇ ਸੇਮ ਨਾਲੇ ਦੇ ਪੁਲ 'ਤੇ ਝਗੜੇ ਦੌਰਾਨ ਬਚਾਅ ਕਰਨ ਆਏ ਪਿੰਡ ਬੇਗਾਂ ਵਾਲੀ ਦੇ ਸਾਬਕਾ ਸਰਪੰਚ ਦੇ ਪੁੱਤਰ ਸੰਦੀਪ ਕੁਮਾਰ ਦਾ ਕਤਲ ਹੋ ਗਿਆ।

ਮ੍ਰਿਤਕ ਸੰਦੀਪ ਕੁਮਾਰ (28) ਦੇ ਪਰਵਾਰ ਨੇ ਦੱਸਿਆ ਕਿ ਸੰਦੀਪ ਕੁਮਾਰ ਵਿਆਹਿਆ ਹੋਇਆ ਸੀ ਅਤੇ ਕਿਸੇ ਕੰਮ ਲਈ ਪਿੰਡੋਂ ਸ਼ਹਿਰ ਨੂੰ ਜਾ ਰਿਹਾ ਸੀ। ਰਸਤੇ 'ਚ ਪਿੰਡ ਬਨਵਾਲਾ ਹਨਵੰਤਾ ਦੇ ਸੇਮ ਨਾਲੇ ਦੇ ਪੁਲ 'ਤੇ ਉਸ ਨੇ ਆਪਣੇ ਪਿੰਡ ਦੇ ਦੋ ਨੌਜਵਾਨਾਂ ਦਾ ਪਿੰਡ ਰਾਮਪੁਰਾ ਦੇ ਨੌਜਵਾਨਾਂ ਨਾਲ ਝਗੜਾ ਹੁੰਦਾ ਵੇਖਿਆ ਤਾਂ ਬਚਾਅ ਕਰਨ ਦੀ ਕੋਸ਼ਿਸ਼ ਕੀਤੀ, ਪਰ ਝਗੜੇ ਦੌਰਾਨ ਸੰਦੀਪ ਕੁਮਾਰ ਨੂੰ ਗੰਭੀਰ ਸੱਟਾਂ ਲੱਗੀਆਂ, ਜਿਸ ਕਰਾਨ ਉਸ ਦੀ ਮੌਤ ਹੋ ਗਈ।

ਥਾਣਾ ਸਦਰ ਦੇ ਅਧਿਕਾਰੀ ਜਸਵੰਤ ਸਿੰਘ ਨੇ ਦੱਸਿਆ ਕਿ ਸੰਦੀਪ ਕੁਮਾਰ ਦੇ ਦੋਸਤ ਲੇਖ ਰਾਜ ਪਿੰਡ ਬੇਗਾਂ ਵਾਲੀ ਦਾ ਪ੍ਰਿਅੰਕਾ ਰਾਣੀ ਨਾਲ ਪ੍ਰੇਮ ਪ੍ਰਸੰਗ ਚਲਦਾ ਸੀ। ਕੱਲ੍ਹ ਸ਼ਾਮ ਲੜਕੀ ਦੇ ਰਿਸ਼ਤੇਦਾਰ ਲੇਖ ਰਾਜ ਨਾਲ ਝਗੜ ਰਹੇ ਸਨ। ਇਸ ਦੌਰਾਨ ਸੰਦੀਪ ਤੇ ਉਸ ਦਾ ਭਰਾ ਕੁਲਦੀਪ ਝਗੜਾ ਹੁੰਦੇ ਵੇਖ ਕੇ ਰੁਕੇ ਤਾਂ ਝਗੜੇ ਦੌਰਾਨ ਨੌਜਵਾਨਾਂ ਨੇ ਕਿਰਚ ਨਾਲ ਵਾਰ ਕੀਤਾ, ਜੋ ਸੰਦੀਪ ਸਿੰਘ ਦੀ ਛਾਤੀ ਉੱਤੇ ਲੱਗਿਆ ਤੇ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੋਂ ਫਰੀਦਕੋਟ ਰੈਫਰ ਕੀਤਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਸ ਨੇ ਗੌਤਮ, ਰਾਕੇਸ਼, ਮਨਪ੍ਰੀਤ ਸਿੰਘ ਅਤੇ 8-10 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ ਅਤੇ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।





Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ।
ਸੰਪਰਕ ਕਰੋ: 416-358-9294 । 204-510-1423

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜ਼ਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ਼੍ਰ, ਉਮਰ 36 ਸਾਲ, 5'-7", Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ।
ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

## ਲੜਕੇ ਦੀ ਲੋੜ

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3", ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ।
ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252


**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**ਫੋਨਾਂ ਦੇ ਸਸਤੇ ਪਲਾਨ ਗਾਰੰਟਿਡ**
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

ਹਰਜੀਤ ਧਨੋਆ
416.230.4000 • 647.409.1092
www.STARLANEPAINTING.com

# ਗੁਰਦੁਆਰਾ ਗੁਰੂ ਰਵਿਦਾਸ ਨੂੰ ਢਾਹੁਣ ਦੇ ਮਾਮਲੇ ਨੇ ਫੜੀ ਹੋਰ ਗਰਮੀਂ, ਦੂਜੇ ਦਿਨ ਪੰਜਾਬ ਭਰ ਤੋਂ ਸੰਗਤ ਜੁੜੀ

### ਬਸਪਾ 30 ਅਗਸਤ ਤੋਂ ਲੜੇਗੀ ਆਰ ਪਾਰ ਦੀ ਲੜਾਈ : ਡਾ: ਗੜ੍ਹੀ
### ਸਰਕਾਰ ਅਤੇ ਗਲਾਡਾ ਦੇ ਫੈਸਲੇ ਨੂੰ ਮੂੰਹ ਦੀ ਖਾਣੀ ਪਵੇਗੀ : ਸੰਤ ਸਮਾਜ



ਲੁਧਿਆਣਾ 25 ਅਗਸਤ (ਗਿਆਨ ਸਿੰਘ) ਜਮਾਲਪੁਰ ਦੇ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਢਾਹੁਣ ਦੇ ਮਾਮਲੇ ਨੇ ਹੋਰ ਗਰਮੀ ਫੜ੍ਹ ਲਈ ਹੈ। ਜਿਥੇ ਕੱਲ ਪੰਜਾਬ ਭਰ ਤੋਂ ਵੱਖ ਵੱਖ ਦਲਿਤ ਤੇ ਧਾਰਮਿਕ ਜੱਥੇਬੰਦੀਆਂ ਦੇ ਆਗੂ ਗੁਰਦੁਆਰਾ ਸਾਹਿਬ ਪਹੁੰਚੇ ਸਨ ਉਥੇ ਅੱਜ ਦੂਜੇ ਦਿਨ ਵੀ ਪੰਜਾਬ ਭਰ ਤੋਂ ਵੱਖ ਵੱਖ ਜੱਥੇਬੰਦੀਆਂ ਦੇ ਆਗੂ, ਸੰਤ ਸਮਾਜ ਦੇ ਆਗੂ ਅਤੇ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ: ਜਸਵੀਰ ਸਿੰਘ ਗੜ੍ਹੀ ਵੀ ਪੂਰੀ ਟੀਮ ਨਾਲ ਪਹੁੰਚੇ। ਉਨ੍ਹਾਂ ਸਾਰੇ ਮਾਮਲੇ ਲਈ ਪੰਜਾਬ ਸਰਕਾਰ ਨੂੰ ਦੋਸ਼ੀ ਆਖ ਉਸਦੇ ਨਾਲ ਆਰ ਪਾਰ ਦੀ ਲੜਾਈ ਲੜ੍ਹਨ ਦਾ ਐਲਾਨ ਤੱਕ ਕਰ ਦਿੱਤਾ। ਉਨ੍ਹਾਂ ਅਪਣੇ ਭਾਸਣ ਰਾਹੀਂ ਅਤੇ ਮੀਡੀਆ ਦੇ ਰੂਬਰੂ ਹੋ ਕੇ ਸਾਫ ਕਰ ਦਿੱਤਾ ਕਿ ਅੱਜ ਐਤਵਾਰ ਦੀ ਛੁੱਟੀ ਹੋਣ ਤੇ ਵੀ ਗਲਾਡਾ ਦੇ ਕਰਮਚਾਰੀ ਦੁਕਾਨਦਾਰਾਂ ਨੂੰ ਦੁਕਾਨਾ ਢਾਹੁਣ ਦਾ ਆਖਰੀ ਨੋਟਿਸ ਦੇ ਕੇ 29 ਅਗਸਤ ਤੱਕ ਦਾ ਜੋ ਸਮਾਂ ਦੇ ਕੇ ਗਏ ਹਨ ਬਸਪਾ ਉਸਦਾ ਵਿਰੋਧ ਕਰਦੀ ਹੋਈ ਸਰਕਾਰ ਅਤੇ ਗਲਾਡਾ ਤੋਂ ਇਸਨੂੰ ਵਾਪਸ ਲੈਣ ਦੀ ਮੰਗ ਕਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀ ਮੰਗ ਵੱਲ 29 ਅਗਸਤ ਤੱਕ ਧਿਆਨ ਨਾ ਦਿੱਤਾ ਤਾਂ 30 ਅਗਸਤ ਤੋਂ ਬਸਪਾ ਸਰਕਾਰ ਅਤੇ ਗਲਾਡਾ ਨਾਲ ਸਿੱਧਮ ਸਿੱਧੀ ਲੜਾਈ ਲੜ੍ਹੇਗੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਕਾਨੂੰਨੀ ਲੜਾਈ ਵੱਲ ਹੀ ਧਿਆਨ ਦੇਵੇਗੀ ਜਦਕਿ ਬਸਪਾ ਸੜਕੀ ਲੜਾਈ ਨੂੰ ਅਪਣੇ ਹੱਥ ਲੈਣ ਦਾ ਐਲਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਲੀ ਦੇ ਤੁਗਲਕਾਬਾਦ ਮੰਦਰ ਨੂੰ ਢਾਹੇ ਜਾਣ ਤੋਂ ਬਾਅਦ ਦੇਸ਼ ਭਰ ਵਿੱਚ ਪੈਦਾ ਹੋਏ ਹਾਲਾਤਾਂ ਤੋਂ ਸਬਕ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਭਾਵੇਂ ਸਾਡੇ ਤੋਂ ਦੂਰ ਸੀ ਫੇਰ ਵੀ ਲੱਖਾਂ ਦੀ ਗਿਣਤੀ ਵਿੱਚ ਸੰਗਤ ਮਿਥੇ ਸਮੇਂ ਤੇ ਉਥੇ ਪਹੁੰਚੀ। ਮੁੱਖ ਮੰਤਰੀ ਸਾਬ੍ਹ ਏਹ ਅੰਦਾਜਾ ਲਗਾ ਕੇ ਚੱਲਣ ਕਿ ਜੇਕਰ ਲੁਧਿਆਣਾ 'ਚ ਅਜਿਹਾ ਕੀਤਾ ਗਿਆ ਤਾਂ ਸੰਗਤ ਦੀ ਗਿਣਤੀ ਕਿੰਨੀ ਹੋਵੇਗੀ ਜਿਸ ਦਾ ਸਾਹਮਣਾ ਕਰਨਾ ਸਰਕਾਰ ਅਤੇ ਪ੍ਰਸ਼ਾਸਨ ਦੇ ਵੱਸ ਦੀ ਗੱਲ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਕੈਪਟਨ ਵਿੱਚ ਆਰ ਆਰ ਐਸ ਦੀ ਰੂਹ ਪ੍ਰਵੇਸ਼ ਕਰ ਚੁੱਕੀ ਅਤੇ ਉਹ ਆਰ ਆਰ ਐਸ ਦੇ ਲੁੱਕਵੇਂ ਅਜੰਡੇ ਤੇ ਕੰਮ ਕਰ ਰਿਹਾ ਹੈ ਜਿਸਨੂੰ ਬਸਪਾ ਕਿਸੇ ਵੀ ਕੀਮਤ ਤੇ ਹੋਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਬਸਪਾ ਦੀ ਲੜਾਈ ਹੁਣ ਕੇਵਲ ਇਸ ਗੁਰਦੁਆਰਾ ਸਾਹਿਬ ਨੂੰ ਢਾਹੁਣ ਤੋਂ ਬਚਾਉਣ ਦੀ ਹੀ ਨਹੀਂ ਬਲਕਿ ਇਸਦੀ ਮਾਲਕੀਅਤ ਲੈਣ ਦੀ ਹੈ ਜੋ ਅਸੀ ਲੈ ਕੇ ਰਹਾਂਗੇ। ਉਨ੍ਹਾਂ ਕਾਂਗਰਸ ਦੇ ਦਲਿਤ ਮੰਤਰੀਆਂ, ਵਿਧਾਇਕਾਂ ਅਤੇ ਉਨ੍ਹਾਂ ਆਗੂਆਂ ਨੂੰ ਵੀ ਕਟਿਹਰੇ ਵਿੱਚ ਖੜ੍ਹਾ ਕੀਤਾ ਜੋ ਪਿਛਲੇ ਦਿਨੀਂ ਦਿੱਲੀ ਦੇ ਤੁਗਲਕਾਵਾਦ ਮੰਦਰ ਨੂੰ ਬਚਾਉਣ ਲਈ ਸੰਘਰਸ਼ ਦੀਆਂ ਗੱਲਾਂ ਤਾਂ ਕਰਦੇ ਸਨ ਪਰ ਉਨ੍ਹਾਂ ਦੀ ਅਪਣੀ ਕੈਪਟਨ ਸਰਕਾਰ ਉਨ੍ਹਾਂ ਦਾ ਦਹਾਕਿਆਂ ਪਹਿਲਾਂ ਗੁਰਦੁਆਰਾ ਸਾਹਿਬ ਢਾਹੁਣ ਲਈ ਨੋਟਿਸ ਜਾਰੀ ਕਰ ਚੁੱਕੀ ਹੈ। ਇਸ ਮੌਕੇ ਹਾਜਰ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਤ ਸਮਾਜ ਦੇ ਪ੍ਰਧਾਨ ਨਿਰਮਲ ਦਾਸ ਜੋੜੇ ਅਤੇ ਹੋਰਨਾਂ ਸੰਤਾਂ ਨੇ ਪੰਜਾਬ ਸਰਕਾਰ ਦੀ ਤੁਲਨਾ ਗਿੱਦੜ ਨਾਲ ਕਰਦਿਆਂ ਕਿਹਾ ਕਿ ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਨੂੰ ਭੱਜਦਾ ਹੈ। ਕੈਪਟਨ ਸਰਕਾਰ ਦਾ ਦਲਿਤਾਂ ਨਾਲ ਆਢੇ ਲੈਣਾ ਇਸਦੇ ਅੰਤ ਨੂੰ ਸਾਬਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਕਾਨੂੰਨੀ ਲੜਾਈ ਲੜ੍ਹਨ ਦੇ ਨਾਲ ਨਾਲ ਸੰਘਰਸ਼ ਨੂੰ ਵੀ ਹਰ ਪ੍ਰਕਾਰ ਦਾ ਸਹਿਯੋਗ ਦੇਵਾਂਗੇ। ਇਸ ਮੌਕੇ ਐਡਵੋਕੇਟ ਹਰਪ੍ਰੀਤ ਸਿੰਘ ਜਮਾਲਪੁਰ, ਪ੍ਰਧਾਨ ਮਨਜੀਤ ਸਿੰਘ, ਗੁਰਮੇਲ ਸਿੰਘ ਜੀਕੇ, ਗੁਰਮੇਲ ਸਿੰਘ ਸੰਧੂ, ਪ੍ਰਧਾਨ ਬਸਪਾ ਪ੍ਰਗਣ ਬਿਲਗਾ ਅਤੇ ਨਿਰਮਲ ਸਿੰਘ ਸਾਇਆ, ਸੰਤੋਖ ਕੁਮਾਰੀ, ਲਾਭ ਸਿੰਘ ਭਾਮੀਆਂ, ਰਾਮਲੋਕ, ਰਾਮਾਨੰਦ, ਬਲਦੇਵ ਸਿੰਘ ਕੂੰਮ, ਕਮਲਜੀਤ ਕੌਰ ਅਟਵਾਲ ਅਤੇ ਹੋਰ ਹਾਜਰ ਸਨ।

# ਪਾਕਿ ਨੂੰ ਸਭ ਤੋਂ ਵੱਡਾ ਝਟਕਾ: ਐੱਫ ਏ ਟੀ ਐੱਫ ਨੇ ਅੱਤਵਾਦੀ ਫੰਡਿੰਗ ਵਾਲੀ ਸੂਚੀ ਵਿੱਚ ਸ਼ਾਮਲ ਕਰ ਦਿੱਤਾ

ਨਵੀਂ ਦਿੱਲੀ, 25 ਅਗਸਤ, (ਪੋਸਟ ਬਿਊਰੋ)- ਪਾਕਿਸਤਾਨ ਨੂੰ ਅੱਜ ਆਰਥਿਕਤਾ ਦੇ ਪੱਖੋਂ ਹਾਲੇ ਤਕ ਦਾ ਸਭ ਤੋਂ ਵੱਡਾ ਝਟਕਾ ਲੱਗ ਗਿਆ। ਅੱਤਵਾਦੀ ਫੰਡਿੰਗ ਉੱਤੇ ਨਜ਼ਰ ਰੱਖਣ ਵਾਲੀ ਐੱਫ ਏ ਟੀ ਐੱਫ(ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ) ਨੇ ਉਸ ਨੂੰ ਅੱਜ ਅੱਤਵਾਦੀ ਫੰਡਿੰਗ ਸੂਚੀ ਵਿਚ ਸ਼ਾਮਲ ਕਰ ਦਿੱਤਾ ਹੈ।



ਐੱਫ ਏ ਟੀ ਐੱਫ ਦੀ ਰੀਜਨਲ ਯੂਨਿਟ ਏਸ਼ੀਆ ਪੈਸੀਫਿਕ ਗਰੁੱਪ (ਏ ਪੀ ਜੀ) ਨੇ ਅੱਜ ਸ਼ੁੱਕਰਵਾਰ ਅੱਤਵਾਦੀ ਟੋਲਿਆਂ ਨੂੰ ਪੈਸਾ ਹਾਸਲ ਕਰਾਉਣ ਉੱਤੇ ਲਗਾਮ ਲਾਉਣ ਵਿੱਚ ਨਾਕਾਮ ਰਹਿਣ ਵਾਲੇ ਪਾਕਿਸਤਾਨ ਨੂੰ ਅਗਲੀ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਹੈ, ਜਿਹੜਾ ਹਾਲੇ ਤੱਕ ਸ਼ੱਕ ਦੀ ਸੂਚੀ ਵਿੱਚ ਸੀ, ਪਰ ਐੱਫ ਏ ਟੀ ਐੱਫ ਵਾਲੀ ਬਲੈਕ ਲਿਸਟ ਵਿੱਚ ਨਹੀਂ ਸੀ।ਏਪੀਜੀ ਦੇ ਫ਼ੈਸਲੇ ਨਾਲ ਪਾਕਿਸਤਾਨ ਉੱਤੇ ਮਾਰੂ ਅਸਰ ਪੈ ਸਕਦਾ ਹੈ। ਅਕਤੂਬਰ ਵਿੱਚ ਹੋ ਰਹੀ ਆਪਣੀ ਅਗਲੀ ਬੈਠਕ ਵਿੱਚਐੱਫ ਏ ਟੀ ਐੱਫ ਪਾਕਿਸਤਾਨਬਾਰੇ ਅਗਲਾ ਫ਼ੈਸਲਾ ਲਵੇਗਾ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿਐੱਫ ਏ ਟੀ ਐੱਫ ਦੇ ਏਸ਼ੀਆ ਪੈਸੀਫਿਕ ਗਰੁੱਪ ਨੇ ਦੇਖਿਆ ਕਿ ਅੱਤਵਾਦੀਆਂ ਦੀ ਫੰਡਿੰਗ ਤੇ ਮਨੀ ਲਾਂਡਰਿੰਗ ਦੇ 40 ਸਟੈਂਡਰਡਜ਼ਵਿੱਚੋਂਪਾਕਿਸਤਾਨ ਨੇ 32 ਉੱਤੇ ਪਾਲਣਾ ਨਹੀਂ ਕੀਤੀ, ਜਿਸ ਕਾਰਨ ਉਸ ਦੇ ਖ਼ਿਲਾਫ਼ ਇਹ ਕਾਰਵਾਈ ਹੋਈ ਹੈ।ਮੰਨਿਆ ਗਿਆ ਹੈ ਕਿ ਪਾਕਿਸਤਾਨ ਅੱਤਵਾਦੀਆਂ ਨੂੰ ਫੰਡਿੰਗ ਦੇ ਪੱਖੋਂਐੱਫ ਏ ਟੀ ਐੱਫ ਨੂੰ ਗੁਮਰਾਹ ਕਰਦਾ ਤੇ ਠੋਸ ਕਾਰਵਾਈ ਦੀ ਥਾਂ ਦਿਖਾਵੇ ਲਈ ਅੱਤਵਾਦੀਆਂ ਤੇ ਅੱਤਵਾਦੀ ਗਰੁੱਪਾਂਦੇ ਖ਼ਿਲਾਫ਼ ਜਾਅਲੀਅਤੇ ਕਮਜ਼ੋਰ ਕੇਸ ਬਣਾ ਰਿਹਾ ਹੈ। ਅਮਰੀਕਾ ਨੇ ਵੀ ਪਾਕਿਸਤਾਨ ਨੂੰ ਅੱਤਵਾਦੀ ਟੋਲਿਆਂ ਦੇ ਖ਼ਿਲਾਫ਼ ਠੋਸ ਕਾਰਾਵਾਈ ਦੀ ਨਸੀਹਤ ਦਿੱਤੀ ਸੀ। ਏਪੀਜੀ ਦੇ ਤਾਜ਼ਾ ਐਕਸ਼ਨ ਨਾਲ ਪਾਕਿਸਤਾਨੀ ਆਰਥਿਕਤਾ ਉੱਤੇ ਸੰਕਟ ਦੇ ਬੱਦਲ ਗਾੜ੍ਹੇ ਹੋਣ ਲੱਗੇ ਹਨ। ਐੱਫ ਏ ਟੀ ਐੱਫਵੱਲੋਂ ਅਗਲੀ ਮੀਟਿੰਗ ਵਿੱਚ ਏਪੀਜੀ ਦੇ ਫ਼ੈਸਲੇ ਉੱਤੇ ਮੋਹਰ ਲੱਗ ਗਈ ਤਾਂ ਪਾਕਿ-ਸਤਾਨ ਦੀ ਆਰਥਿਕਤਾ ਨੀਵਾਣਾਂ ਵੱਲ ਚਲੀ ਜਾਵੇਗੀ ਅਤੇ ਦੂਸਰੇ ਦੇਸ਼ ਤੇ ਅੰਤਰਰਾਸ਼ਟਰੀ ਸੰਸਥਾਵਾਂ ਉਸ ਨੂੰ ਕਰਜ਼ਾ ਦੇਣਾ ਬੰਦ ਕਰ ਦੇਣਗੀਆਂ। ਹਾਲੇ ਕੁਝ ਦਿਨ ਪਹਿਲਾਂ ਇਸਲਾਮਾ-ਬਾਦ ਵਿੱਚ ਅੰਤਰਰਾਸ਼ਟਰੀ ਕਰੰਸੀਫੰਡ (ਆਈ ਐੱਮ ਐੱਫ) ਦੀ ਪ੍ਰਤੀਨਿਧਟੇਰੀਜ਼ਾ ਸਾਂਚੇਜ ਨੇ ਕਿਹਾ ਸੀ ਕਿ ਜੇ ਪਾਕਿਸਤਾਨ ਅੱਤਵਾਦੀਆਂ ਦੀ ਫੰਡਿੰਗ ਵਾਲੀ ਲਿਸਟ ਤੋਂ ਬਾਹਰ ਨਹੀਂ ਨਿਕਲਦਾ ਤਾਂ ਉਸ ਦਾ ਮਨਜ਼ੂਰ ਹੋਇਆ ਕਰਜ਼ਾ ਵੀ ਖ਼ਤਰੇ ਵਿੱਚ ਪੈ ਜਾਵੇਗਾ।

# ਵਿੱਤ ਮੰਤਰੀ ਵੱਲੋਂ ਸਫਾਈਆਂ: ਭਾਰਤ ਦੀ ਆਰਥਿਕਤਾ ਚੀਨ, ਅਮਰੀਕਾ, ਯੂਰਪ ਤੋਂ ਵੀ ਬਿਹਤਰ

ਨਵੀਂ ਦਿੱਲੀ, 25 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਣ ਨੇ ਕਿਹਾ ਹੈ ਕਿ ਸਾਡੇ ਦੇਸ਼ ਵਿੱਚ ਕੋਈ ਆਰਥਕ ਮੰਦੀ ਨਹੀਂ,ਸੰਸਾਰ ਪੱਧਰ ਉੱਤੇਮੰਗ ਦੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਚੀਨ, ਅਮਰੀਕਾ ਅਤੇ ਯੂਰਪੀ ਦੇਸ਼ਾਂ ਦੇ ਮੁਕਾਬਲੇ ਭਾਰਤ ਦੀ ਆਰਥਿਕਤਾ ਵਧੀਆ ਹਾਲਤ ਵਿਚ ਹੈ। ਉਨ੍ਹਾਂ ਆਰਥਿਕਤਾ ਨੂੰ ਹੋਰ ਗਤੀ ਦੇਣ ਲਈ ਪੱਤਰਕਾਰ ਸੰਮੇਲਨ ਵਿਚ ਖੜੇ ਪੈਰ ਕਈ ਐਲਾਨ ਵੀ ਕਰ ਦਿੱਤੇ।

ਖਜ਼ਾਨਾ ਮੰਤਰੀ ਬੀਬੀਨਿਰਮਲਾ ਸੀਤਾਰਮਣ ਨੇ ਕਿਹਾ ਕਿ ਅਗਲੇ ਦਿਨਾਂ ਵਿਚ ਮਕਾਨ, ਵਾਹਨ ਅਤੇ ਦੂਜੇ ਕਰਜ਼ੇ ਵੀ ਭਾਰਤ ਦੇ ਬੈਂਕਾਂ ਵੱਲੋਂ ਸਸਤੇ ਕੀਤੇ ਜਾਣਗੇ ਤੇ ਰਿਜ਼ਰਵ ਬੈਂਕ ਵੱਲੋਂ ਰੈਪੋ ਦਰ ਵਿਚ ਕੀਤੀ ਗਈ ਕਟੌਤੀ ਦਾ ਲਾਭ ਵੀ ਬੈਂਕ ਆਪਣੇ ਕਰਜ਼ਦਾਰਾਂ ਨੂੰ ਹਾਸਲ ਕਰਵਾਉਣਗੇ, ਜਿਸ ਲਈ ਬੈਂਕ ਅਪਣੀ ਵਿਆਜ ਦਰ ਘੱਟ ਕਰਨਗੇ। ਉਨ੍ਹਾ ਕਿਹਾ ਕਿ ਸਰਕਾਰ ਨੇ ਬੈਂਕਾਂ ਵਿਚ ਨਕਦੀ ਦੇ ਵਾਧੇ ਵਾਸਤੇ ਵੀ ਕਈ ਉਪਾਅ ਕੀਤੇ ਹਨ।


Barber ਦੀ ਲੋੜ For Men Haircut

Airport ਤੇ Sandalwood ਦੇ ਏਰੀਏ 'ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



GABRIEL EXCAVATING & GRADING LTD.
ਮਾਰਖਮ ਵਿੱਚ ਮਕੈਨਿਕ ਦੀ ਲੋੜ
- Full Time Heavy Equipment Mechanic (310T Preferred)
- Exp. with CAT equipment & Mack Trucks
- Company truck supplied

ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482



ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0



Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6



GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner



V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ



AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



RESIDENTIAL - COMMERCIAL
PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

## 'ਅੰਗਰੇਜ਼ੀ ਮੀਡੀਅਮ' ਦੇ ਸੀਕਵਲ ਵਿੱਚ ਕਰੀਨਾ ਦਾ ਰੋਲ ਵਧਿਆ



ਕਰੀਨਾ ਕਪੂਰ ਖਾਨ ਇਨ੍ਹੀਂ ਦਿਨੀਂ ਆਪਣੀ ਅਗਲੀ ਫਿਲਮ 'ਅੰਗਰੇਜ਼ੀ ਮੀਡੀਅਮ' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ, ਜੋ ਇਰਫਾਨ ਖਾਨ ਅਤੇ ਸਬਾ ਕਮਰ ਦੀ ਹਿੱਟ ਫਿਲਮ 'ਹਿੰਦੀ ਮੀਡੀਅਮ' ਦਾ ਸੀਕਵਲ ਹੈ। ਇਸ ਵਿੱਚ ਉਹ ਅੰਗਰੇਜ਼ ਪੁਲਸ ਵਾਲੀ ਦੀ ਭੂਮਿਕਾ ਵਿੱਚ ਨਜ਼ਰ ਆਉਣ ਵਾਲੀ ਹੈ। ਖਬਰ ਹੈ ਕਿ ਫਿਲਮ ਦੇ ਨਿਰਦੇਸ਼ਕ ਹੋਮੀ ਅਦਜਾਨੀਆ ਅਤੇ ਨਿਰਮਾਤਾ ਦਿਨੇਸ਼ ਵਿਜਾਨ ਨੇ ਫਿਲਮ ਵਿੱਚ ਬੇਬੋ ਦੇ ਰੋਲ ਨੂੰ ਹੋਰ ਵੱਡਾ ਕਰਨ ਦਾ ਫੈਸਲਾ ਕੀਤਾ ਹੈ।

ਫਿਲਮ ਨਾਲ ਜੁੜੇ ਇੱਕ ਸੂਤਰ ਅਨੁਸਾਰ ਫਿਲਮ ਵਿੱਚ ਪੂਰਵੀ ਜੈਨ ਨੂੰ ਇਰਫਾਨ ਖਾਨ ਦੀ ਪਤਨੀ ਦੇ ਰੋਲ ਵਿੱਚ ਲਿਆ ਗਿਆ ਹੈ। ਫਿਲਮ ਦੀ ਪਹਿਲੀ ਕੜੀ 'ਹਿੰਦੀ ਮੀਡੀਅਮ' ਵਿੱਚ ਉਹ ਰੋਲ ਪਾਕਿਸਤਾਨੀ ਮੂਲ ਦੀ ਅਭਿਨੇਤਰੀ ਸਬਾ ਕਮਰ ਨੇ ਨਿਭਾਇਆ ਸੀ। ਪਹਿਲੀ ਫਿਲਮ ਵਿੱਚ ਸਬਾ ਦਾ ਰੋਲ ਬਹੁਤ ਮਹੱਤਵ ਪੂਰਨ ਤੇ ਵੱਡਾ ਸੀ, ਪਰ ਪੂਰਵੀ ਦੇ ਇੱਕ ਸਥਾਪਤ ਸਟਾਰ ਨਾ ਹੋਣ ਕਾਰਨ ਇਹ ਤੈਅ ਕੀਤਾ ਗਿਆ ਕਿ ਫਿਲਮ ਵਿੱਚ ਬ੍ਰਿਟਿਸ਼ ਪੁਲਸ ਵਾਲੀ ਦੇ ਰੋਲ ਨੂੰ ਖਾਸ ਵੱਡਾ ਕੀਤਾ ਜਾਵੇ। ਮਰਦ ਪੁਲਸ ਦੀ ਥਾਂ ਨਿਰਮਾਤਾ ਮਹਿਲਾ ਪੁਲਸ ਚਾਹੁੰਦੇ ਸਨ, ਜਿਸ ਦਾ ਰੋਲ ਵੱਧ ਮਜਬੂਤ ਹੋਵੇ। ਸੂਤਰ ਨੇ ਖੁਲਾਸਾ ਕੀਤਾ ਕਿ ਇਸ ਰੋਲ ਨੂੰ ਫਿਰ ਲਿਖਿਆ ਗਿਆ, ਜਦੋਂ ਨਿਰਮਾਤਾਵਾਂ ਨੂੰ ਪਤਾ ਲੱਗਾ ਕਿ ਉਹ ਇਸ ਕਿਰਦਾਰ ਨੂੰ ਨਿਭਾਉਣ ਲਈ ਕਰੀਨਾ ਨੂੰ ਸਾਈਨ ਕਰ ਸਕਦੇ ਹਨ। ਫਿਲਮ ਵਿੱਚ ਇਰਫਾਨ ਅਤੇ ਪੂਰਵੀ ਦੀ ਬੇਟੀ ਦਾ ਕਿਰਦਾਰ ਨਿਭਾ ਰਹੀ ਰਾਧਿਕਾ ਮਦਾਨ ਦਾ ਵੀ ਕਿਰਦਾਰ ਵੱਡਾ ਹੈ ਕਿਉਂਕਿ ਫਿਲਮ ਦੀ ਕਹਾਣੀ ਉਸ ਦੀ ਪੜ੍ਹਾਈ 'ਤੇ ਹੀ ਆਧਾਰਤ ਹੈ।

## 'ਜ਼ੋਂਬੀ' ਫਿਲਮ ਵਿੱਚ ਬਿਜ਼ੀ ਹੁਮਾ ਕੁਰੈਸ਼ੀ



ਬੀਤੇ ਦਿਨੀਂ 'ਲੀਲਾ' ਨਾਲ ਵੈੱਬ ਸੀਰੀਜ਼ ਦੇ ਫੀਲਡ ਵਿੱਚ ਸਫਲ ਡੈਬਿਊ ਕਰਨ ਵਾਲੀ ਹੁਮਾ ਕੁਰੈਸ਼ੀ ਛੇਤੀ ਹੀ ਇੱਕ ਹਾਲੀਵੁੱਡ ਫਿਲਮ 'ਆਰਮੀ ਆਫ ਦਿ ਡੈੱਡ' ਵਿੱਚ ਨਜ਼ਰ ਆਏਗੀ। ਇਹ ਇੱਕ 'ਜ਼ੋਂਬੀ' (ਜ਼ਿੰਦਾ ਮੁਰਦਿਆਂ ਵਾਲੀ ਹਾਰਰ) ਫਿਲਮ ਹੈ, ਜਿਸ ਦੀ ਸ਼ੂਟਿੰਗ ਲਈ ਉਹ ਕੁਝ ਸਮੇਂ ਤੋਂ ਅਮਰੀਕਾ ਵਿੱਚ ਹੈ। ਫਿਲਮ ਵਿੱਚ ਬਿਜ਼ੀ ਹੋਣ ਕਾਰਨ ਉਸ ਨੂੰ ਆਪਣਾ 32ਵਾਂ ਜਨਮ ਦਿਨ ਵੀ ਪਰਵਾਰ ਤੋਂ ਦੂਰ ਅਮਰੀਕਾ ਵਿੱਚ ਮਨਾਉਣਾ ਪਿਆ।

ਇਸ ਬਾਰੇ ਹੁਮਾ ਨੇ ਕਿਹਾ, "ਇਹ ਪਹਿਲੀ ਵਾਰ ਹੈ ਕਿ ਮੈਂ ਆਪਣੇ ਜਨਮ ਦਿਨ ਮੌਕੇ ਆਪਣੇ ਪਰਵਾਰ ਤੋਂ ਦੂਰ ਸੀ। ਸਾਡੀ ਹਮੇਸ਼ਾ ਤੋਂ ਕੋਸ਼ਿਸ਼ ਰਹੀ ਹੈ ਕਿ ਜਨਮ ਦਿਨ ਅਤੇ ਹੋਰ ਖਾਸ ਦਿਨਾਂ 'ਤੇ ਅਸੀਂ ਇਕੱਠੇ ਰਹੀਏ। ਮੈਂ ਉਨ੍ਹਾਂ ਨੂੰ ਬਹੁਤ ਮਿਸ ਕੀਤਾ। ਮੇਰਾ ਭਰਾ ਸਾਕਿਬ ਇੰਗਲੈਂਡ ਵਿੱਚ ਫਿਲਮ '83' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ। ਫਿਰ ਵੀ ਮੈਂ ਆਪਣੇ 'ਵਰਕਿੰਗ ਬਰਥਡੇ' ਤੋਂ ਖੁਸ਼ ਹਾਂ।" ਆਮ ਤੌਰ 'ਤੇ ਉਹ ਆਪਣਾ ਜਨਮ ਦਿਨ ਧੂਮਧਾਮ ਨਾਲ ਮਨਾਉਣਾ ਪਸੰਦ ਕਰਦੀ ਹੈ। ਉਸ ਨੇ ਕਿਹਾ, "ਬੇਸ਼ੱਕ ਮੇਰੇ ਲਈ ਇਹ ਖਾਸ ਦਿਨ ਹੁੰਦਾ ਹੈ। ਮੈਨੂੰ ਹਮੇਸ਼ਾ ਆਪਣੇ ਪਰਵਾਰ ਤੇ ਦੋਸਤਾਂ ਦੇ ਨੇੜੇ ਰਹਿਣਾ ਪਸੰਦ ਹੈ। ਆਮ ਤੌਰ 'ਤੇ ਅਸੀਂ ਪਾਰਟੀ ਕਰਦੇ ਹਾਂ। ਇਸ ਦਿਨ ਮੈਨੂੰ ਉਨ੍ਹਾਂ ਲੋਕਾਂ ਨਾਲ ਮਿਲਣਾ ਵੀ ਪਸੰਦ ਹੈ, ਜਿਨ੍ਹਾਂ ਨਾਲ ਮੈਂ ਸਾਲ ਭਰ ਕੰਮ ਕੀਤਾ ਹੋਵੇ। ਬਰਥਡੇ ਵਿਸ਼ ਦੇ ਮੈਸੇਜ, ਗਿਫਟਸ ਅਤੇ ਫੁੱਲ ਮਿਲਣ 'ਤੇ ਬੜਾ ਚੰਗਾ ਲੱਗਦਾ ਹੈ।"

## 'ਕੁਛ ਕੁਛ ਹੋਤਾ ਹੈ' ਦੀ ਰੀਮੇਕ ਵਿੱਚ ਹੋਣਗੇ ਰਣਵੀਰ, ਆਲੀਆ ਅਤੇ ਜਾਹਨਵੀ







ਕਰਣ ਜੌਹਰ ਆਪਣੀ ਸੁਪਰਹਿੱਟ ਫਿਲਮ 'ਕੁਛ ਕੁਛ ਹੋਤਾ ਹੈ' ਦੀ ਰੀਮੇਕ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਹੇ ਹਨ। ਇਸ ਵਿੱਚ ਉਹ ਰਣਵੀਰ ਸਿੰਘ, ਆਲੀਆ ਭੱਟ ਅਤੇ ਜਾਹਨਵੀ ਕਪੂਰ ਨੂੰ ਮੁੱਖ ਭੂਮਿਕਾਵਾਂ ਵਿੱਚ ਲੈਣਾ ਚਾਹੁੰਦੇ ਹਨ। ਕਰਣ ਨੇ ਕਿਹਾ, "ਮੇਰੀ ਇੱਛਾ ਹੈ ਕਿ ਰਾਹੁਲ ਦੇ ਰੋਲ ਵਿੱਚ ਰਣਵੀਰ ਦਿਸੇ। ਉਨ੍ਹਾਂ ਕੋਲ ਸ਼ਾਹਰੁਖ ਵਰਗੀ ਅਭਿਨੈ ਸਮਰੱਥਾ ਹੈ। ਆਲੀਆ ਭੱਟ ਅੰਜਲੀ ਦਾ ਕਿਰਦਾਰ ਕਰੇ, ਉਸ ਕੋਲ ਸਾਹਸ ਹੈ ਅਤੇ ਜਾਹਨਵੀ ਕਪੂਰ ਟੀਨਾ ਦਾ ਕਿਰਦਾਰ ਨਿਭੇ, ਕਿਉਂਕਿ ਉਸ ਕੋਲ ਸੰਤੁਲਨ ਹੈ। ਕਰਣ ਨੇ ਇਹ ਗੱਲ ਇੰਡੀਅਨ ਫਿਲਮ ਫੈਸਟੀਵਲ ਆਫ ਮੈਲਬਰਨ ਵਿੱਚ ਕਹੀ।

ਗੌਰ ਤਲਬ ਹੈ ਕਿ 1998 ਵਿੱਚ ਰਿਲੀਜ਼ ਹੋਈ ਫਿਲਮ 'ਕੁਛ ਕੁਛ ਹੋਤਾ ਹੈ' ਵਿੱਚ ਤਿੰਨ ਦੋਸਤਾਂ ਰਾਹੁਲ, ਟੀਨਾ ਅਤੇ ਅੰਜਲੀ ਦੀ ਕਹਾਣੀ ਸੀ। ਕਰਣ ਨੇ ਦੱਸਿਆ, ਜਦ ਮੈਂ ਸ਼ਾਹਰੁਖ ਨੂੰ ਮਿਲਣ ਗਿਆ ਤਾਂ ਮੇਰੇ ਕੋਲ ਸਕ੍ਰਿਪਟ ਨਹੀਂ ਸੀ, ਪਰ ਇੱਕ ਸੀਨ ਮੇਰੇ ਦਿਮਾਗ ਵਿੱਚ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਤੁਹਾਨੂੰ ਸੀਨ ਪਸੰਦ ਆਏ ਤਾਂ ਤੁਹਾਨੂੰ ਪੂਰੀ ਕਹਾਣੀ ਸੁਣਾਵਾਂਗਾ, ਜਦੋਂ ਕਿ ਪੂਰਾ ਝੂਠ ਸੀ। ਫਿਲਮ ਲਈ ਤੱਬੂ, ਉਰਮਿਲਾ ਤੇ ਐਸ਼ਵਰਿਆ ਨੇ ਮੇਰਾ ਪ੍ਰਸਤਾਵ ਠੁਕਰਾ ਦਿੱਤਾ ਸੀ।

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

## ਤਾਪਸੀ ਨੂੰ ਨਹੀਂ ਸਤਾਉਂਦੀ ਵਧਦੀ ਉਮਰ ਦੀ ਚਿੰਤਾ



ਤਾਪਸੀ ਪਨੂੰ ਦੀ ਪਛਾਣ ਲੀਕ ਤੋਂ ਹਟ ਕੇ ਫਿਲਮਾਂ ਕਰਨ ਦੀ ਬਣ ਚੁੱਕੀ ਹੈ। ਉਹ ਜਿੰਨੀ ਬਹਾਦਰੀ ਨਾਲ ਆਪਣੇ ਕਿਰਦਾਰਾਂ ਦੀ ਚੋਣ ਕਰਦੀ ਹੈ, ਓਨੀ ਹੀ ਬੇਬਾਕੀ ਨਾਲ ਉਹ ਆਪਣੀ ਗੱਲ ਰੱਖਣ ਲਈ ਮਸ਼ਹੂਰ ਹੈ। ਪਿੱਛੇ ਜਿਹੇ ਉਸ ਨੇ ਆਪਣਾ 32ਵਾਂ ਜਨਮ ਦਿਨ ਮਨਾਇਆ ਅਤੇ ਕਿਹਾ ਕਿ ਉਸ ਨੂੰ ਕਦੇ ਆਪਣੀ ਉਮਰ ਲੁਕਾਉਣ ਦੀ ਲੋੜ ਮਹਿਸੂਸ ਨਹੀਂ ਹੋਈ। ਉਸ ਨੇ ਕਿਹਾ, "ਕੁਝ ਲੋਕ ਆਪਣੀ ਉਮਰ ਲੁਕਾਉਂਦੇ ਹਨ, ਕਿਉਂਕਿ ਲੋਕ ਕਹਿਣਗੇ ਕਿ ਬੁੱਢੀ ਹੋ ਗਈ ਹੈ, ਪਰ ਇੱਕ ਐਕਟਰ ਦੇ ਤੌਰ ਉੱਤੇ ਮੈਨੂੰ ਫਰਕ ਨਹੀਂ ਪੈਂਦਾ ਕਿ ਮੇਰੀ ਉਮਰ 32 ਹੈ ਜਾਂ 42, ਜਦੋਂ ਕਿ ਮੈਂ 25 ਸਾਲ ਦੀ ਉਮਰ ਵਾਲੇ ਕਿਰਦਾਰ ਨਿਭਾ ਰਹੀ ਹਾਂ।"

ਫਿਲਮ 'ਮਿਸ਼ਨ ਮੰਗਲ' ਬਾਰੇ ਗੱਲ ਕਰਦੇ ਹੋਏ ਉਸ ਨੇ ਕਿਹਾ, "ਮੈਨੂੰ ਪਤਾ ਹੈ ਕਿ ਇਸ ਗੱਲ ਉੱਤੇ ਬਹਿਸ ਹੋ ਰਹੀ ਹੈ ਕਿ ਇਹ ਮਹਿਲਾ ਪ੍ਰਧਾਨ ਫਿਲਮ ਹੈ, ਪਰ ਇਸ ਦੇ ਪੋਸਟਰ ਵਿੱਚ ਸੁਪਰ ਸਟਾਰ ਅਕਸ਼ੈ ਕੁਮਾਰ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਮੁੱਦਾ ਇਹ ਹੈ ਕਿ ਤੁਸੀਂ ਸਾਡੀ ਫਿਲਮ ਨੂੰ ਦੇਖਣ ਲਈ ਓਨਾ ਪੈਸਾ ਖਰਚ ਕਰਨ ਨੂੰ ਤਿਆਰ ਹੋ, ਜਿੰਨਾ ਅਕਸ਼ੈ ਦੀ ਫਿਲਮ ਜਾਂ ਫਿਰ ਤੁਸੀਂ ਇਸ ਦੇ ਵੈਬ ਪਲੇਟਫਾਰਮ 'ਤੇ ਰਿਲੀਜ਼ ਹੋਣ ਦਾ ਇੰਤਜ਼ਾਰ ਕਰਨ ਵਾਲੇ ਹੋ।" ਤਾਪਸੀ ਇੱਕ ਸੁਪਰ ਨੈਚੁਰਲ ਥ੍ਰਿਲਰ ਵਿੱਚ ਵੀ ਕੰਮ ਕਰਨ ਵਾਲੀ ਹੈ। ਉਸ ਨੇ ਹਾਲੇ ਤੱਕ ਫਿਲਮਾਂ ਵਿੱਚ ਵੱਖ-ਵੱਖ ਕਿਰਦਾਰ ਨਿਭਾਏ ਹਨ। 'ਮਨਮਰਜ਼ੀਆਂ', 'ਮਿਸ਼ਨ ਮੰਗਲ', 'ਸਾਂਢ ਕੀ ਆਂਖ' ਪਿੱਛੋਂ ਤਾਪਸੀ ਨੇ ਅਨੁਰਾਗ ਕਸ਼ਯਪ ਦੇ ਨਿਰਦੇਸ਼ਨ ਵਿੱਚ ਬਣ ਰਹੀ ਇੱਕ ਸੁਪਰ ਨੈਚੁਰਲ ਥ੍ਰਿਲਰ ਫਿਲਮ ਸਾਈਨ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਇਹ ਫਿਲਮ ਬਿਲਕੁਲ ਵੱਖ ਹੋਵੇਗੀ। ਨਾਲ ਹੀ ਇਸ ਵਿੱਚ ਉਸ ਦੀ ਲੁਕ ਵੀ ਇਕਦਮ ਵੱਖਰੀ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

NEED A LAWYER ??

KAUR LAW OFFICE

Red Seal NOTARY



MANJEET KAUR
L.L.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Tri-City Professional Realty Inc., Brokerage

Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.




$1,279,900
Mcvean / Castlemore

3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate

ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




$3,249,000
Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।





Discover your next opportunity at Amazon

Earn $15.75 an hour or more as a warehouse associate in our newest facility in Bolton.

Full-time opportunities with benefits starting day 1.

Start your application now - you could have an Amazon job offer today!

amazon.com/torontojobs

Amazon is an Equal Opportunity Employer — Minority / Women / Disability / Veteran / Gender Identity / Sexual Orientation / Age




ASIAN FOOD CENTRE



FRESH & LARGE VARIETY

Bread , Derry & Eggs | Fruits & Vegetables | Sweet & Samosas
Branded Foods | Beverages & Confectionery | Grocery & Staples

VEGETARIAN FOOD
HEALTHY EATING



SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

